# ਚਿਰਾਗ

ਜੁਲਾਈ -ਸਤੰਬਰ 2000

**July -September 2000**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : ਬਾਰਾਂ ਰੁਪਏ -33- ਜੁਲਾਈ-ਸਤੰਬਰ, 2000

# ਚਿਰਾ.ਗ (ਤਿਮਾਹੀ)

**ਜੁਲਾਈ-ਸਤੰਬਰ, 2000 (ਅੰਕ 33)**



*ਸੰਪਾਦਕ :* ਹਰਭਜਨ ਸਿੰਘ ਹੁੰਦਲ

*ਪ੍ਰਤੀਨਿਧ:* ਅਵਤਾਰ ਸਾਦਕ (ਯੂ.ਕੇ.), ਮਾਨ ਸਿੰਘ ਭਾਰਗਵ (ਜੰਮੂ)

*ਸੰਪਾਦਕੀ ਮੰਡਲ :* ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂਫ਼ੀ ਅਮਰਜੀਤ,



- **ਸੰਪਾਦਕੀ ਟਿੱਪਣੀਆਂ :** 1. ਪੰਜਾਬੀ ਸਭਿਆਚਾਰ ਦੀ ਪਛਾਣ ਦਾ ਮਸਲਾ 2. ਦੂਰਦਰਸ਼ਨ ਵਿਰੁੱਧ ਧਰਨਾ।
- **ਇਸ ਵਾਰ ਦਾ ਵਿਸ਼ੇਸ਼ ਕਵੀ:** ਅਮਿਤੋਜ਼ ਦੀਆਂ ਚਾਰ ਨਜ਼ਮਾਂ।
- **ਹੋਰ ਨਜ਼ਮਾਂ:** ਪ੍ਰੋ. ਅਨੂਪ ਵਿਰਕ, ਜਸਬੀਰ ਕੇਸਰ, ਤਸਕੀਨ, ਪ੍ਰੋ. ਗੁਰਬਖਸ਼ ਸਿੰਘ ਭੰਡਾਲ, ਮਦਨ ਵੀਰਾ, ਰਾਜਵਿੰਦਰ ਸਿੱਧੂ, ਡਾ. ਇੰਦਰ ਕੌਰ।
- **.ਗਜ਼ਲਾਂ:** ਡਾ. ਐਸ. ਤਰਸੇਮ, ਮਹਿਮਾ ਸਿੰਘ, ਅਮਰਦੀਪ ਸੰਧਾਵਲੀਆ, ਅਮਰਜੀਤ ਸੰਧੂ।
- **ਮੁਲਾਕਾਤ:** ਪਾਸ਼ ਨਾਲ ਭਰਪੂਰ ਸੰਵਾਦ (ਡਾ. ਸੁਖਵਿੰਦਰ ਸਿੰਘ ਰੰਧਾਵਾ)
- **ਵਾਘਿਉਂ ਪਾਰ:** .ਗਜ਼ਲਾਂ-ਰਵਾਕਤ ਹੁਸੈਨ ਮੁਮਤਾਜ਼, ਬਾਬਾ ਨਜਮੀਂ।
- **ਵਾਦ-ਵਿਵਾਦ:** ਦਲਿਤ ਸਾਹਿਤ (ਸ਼ਿਵ ਕੁਮਾਰ ਮਿਸ਼ਰ)
- **ਕਹਾਣੀ:** ਜੰਗ (ਧਰਮ ਪਾਲ ਸਾਹਿਲ), ਅਜਮਦ ਸੁਮਾਲੀ (ਸੂਫ਼ੀ ਅਮਰਜੀਤ)
- **ਮੁਲਾਂਕਣ:** ਵੀਹਾਂ ਦਾ ਨੋਟ (ਡਾ. ਸੁਖਪਾਲ ਸਿੰਘ ਥਿੰਦ)
- **ਪੁਸਤਕ ਪੜਚੋਲ:** ਮੋਹ ਮਿੱਟੀ (ਤਸਕੀਨ) ਰੰਗ ਆਪੋ ਆਪਣਾ (ਡਾ. ਕਰਮਜੀਤ ਸਿੰਘ) ਮੋਤੀਆਂ ਦੀ ਚੋਗ, (ਡਾ. ਸਤਨਾਮ ਸਿੰਘ ਸੰਧੂ)
- **ਖਿਆਲ ਆਪੋ ਆਪਣਾ:** ਮਹਿੰਦਰ ਸਾਥੀ, ਮਹਿਮਾ ਸਿੰਘ, ਮਦਨ ਵੀਰਾ।
- **ਟਾਈਟਲ ਚਿਤਰ:** *ਪਾਬਲੋ ਨੇਰੂਦਾ ਦੇ ਕਾਵਿ ਸੰਗ੍ਰਹਿ ਵਿਚੋਂ ਚਿੱਲੀ ਵਾਸੀ ਚਿਤਰਕਾਰ ਜੈਸੇ ਵੈਨਤਰੂਲੀ ਦੀ ਕਿਰਤ, 'ਏਕਤਾ'*



**Postal Address:**
**Harbhajan Singh Hundal,**
**V. Fatu Chak,**
**P.O. Dhilwan,**
**Distt. Kapurthala-144804**
**(Pb.) India.**


**ਚੰਦਿਆਂ ਦਾ ਵੇਰਵਾ:**

| | |
|---|---|
| ਦੇਸ਼ ਵਾਰਸ਼ਿਕ | : 50 ਰੁਪਏ |
| ਇਕ ਪਰਚਾ | : 12 ਰੁਪਏ |
| ਸੰਸਥਾਵਾਂ (ਵਾਰਸ਼ਿਕ) | : 50 ਰੁਪਏ |
| ਬਦੇਸ਼, ਯੂ.ਕੇ. | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁਪਏ |


ਫੋਨ ਨੰ. ਚਿਰਾ.ਗ (01822-43188) (***ਧਿਆਨ ਦੇਣ ਯੋਗ*** *ਚੈੱਕ ਰਾਹੀਂ ਚੰਦਾ ਭੇਜਦੇ ਸਮੇਂ "ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ" ਲਿਖਿਆ ਜਾਵੇ।*) (ਛਪਣ ਮਿਤੀ ਮਾਰਚ 31 ਜੁਲਾਈ 2000)

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੂੰ 4/1-06 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।




## 1. ਪੰਜਾਬੀ ਸਭਿਆਚਾਰ ਦੀ ਪਛਾਣ ਦਾ ਮਸਲਾ

ਦਾਰਸ਼ਨਿਕ ਦ੍ਰਿਸ਼ਟੀ ਤੋਂ ਦੇਖਿਆਂ ਕੋਈ ਵੀ ਚੀਜ਼ ਆਪਣੇ ਆਪ ਵਿਚ ਸੰਪੂਰਣ ਜਾਂ ਅਸਲੋਂ ਵੱਖਰੀ ਪਛਾਣ ਨਹੀਂ ਰੱਖਦੀ। ਇਕੋ ਵੇਲੇ ਇਹ ਕਿਸੇ ਨਾਲ ਜੁੜੀ ਵੀ ਹੁੰਦੀ ਹੈ ਤੇ ਵੱਖਰੀ ਵੀ ਹੁੰਦੀ ਹੈ। ਜਿਵੇਂ ਕੋਈ ਕਪੜਾ ਤਾਣੇ ਬਾਣੇ ਕਾਰਣ ਇਕ ਦੂਜੇ ਵਿਚ ਜੁੜ ਕੇ ਇਕ ਇਕਾਈ ਬਣਾਉਂਦਾ ਹੈ, ਪਰ ਕਿਤੇ ਉਸ ਵਿਚ ਮੋਰ ਬਣਿਆ ਹੈ ਤੇ ਕਿਤੇ ਤੋਤਾ। ਦੋਨਾਂ ਹਿੱਸਿਆ ਦਾ ਵੱਖਰਾ ਸੁਹਜ ਵੀ ਹੈ ਤੇ ਵੱਖਰਤਾ ਵੀ ਪਰ ਚਾਦਰ ਜਾਂ ਕਪੜਾ ਇਕੋ ਹੀ ਹੈ। ਇਹੀ ਗੱਲ ਸਭਿਆਚਾਰ ਉਪਰ ਵੀ ਇੰਨ ਬਿਨ ਲਾਗੂ ਹੁੰਦੀ ਹੈ। ਹਰ ਸਭਿਆਚਾਰ ਹੋਰਨਾਂ ਸਭਿਆਚਾਰਾਂ ਨਾਲ ਜੁੜਿਆ ਵੀ ਹੁੰਦਾ ਹੈ ਤੇ ਆਪਣੀ ਵੱਖਰੀ ਦਿੱਖ ਵੀ ਰੱਖਦਾ ਹੈ। ਪੰਜਾਬੀ ਸਭਿਆਚਾਰ ਭਾਰਤੀ ਸਭਿਆਚਾਰ ਦਾ ਅੰਗ ਹੋ ਕੇ ਵੀ ਵੱਖਰੀ ਪਛਾਣ ਰੱਖਦਾ ਹੈ। ਇਸਨੂੰ ਬਿਲਕੁਲ ਵੱਖ ਮੰਨਣਾ ਜਾਂ ਇਸਦੀ ਵੱਖਰਤਾ ਨੂੰ ਪ੍ਰਵਾਨ ਨਾ ਕਰਨਾ ਦੋਨੋਂ ਅਤਿਵਾਦੀ ਰੁਝਾਨ ਹਨ। ਅਸੀਂ ਸਿੱਖ ਪਛਾਣ ਦੇ ਮਸਲੇ ਨੂੰ ਇਸੇ ਪਰਿਪੇਖ ਵਿਚ ਵਿਚਾਰਾਂਗੇ।

ਸਿੱਖ-ਪਛਾਣ ਪੰਜਾਬੀ ਪਛਾਣ ਦਾ ਅੰਗ ਹੈ। ਇਸ ਪਛਾਣ ਨੂੰ ਧਾਰਮਿਕ ਹੱਦ ਬੰਦੀਆਂ ਵਿਚ ਦੇਖਣਾ ਸੰਪ੍ਰਦਾਇਕ ਦ੍ਰਿਸ਼ਟੀ ਹੈ। ਉਂਜ ਕਿਸੇ ਵੀ ਧਰਮ ਦੀ ਵੱਖਰੀ ਪਛਾਣ ਹੋ ਸਕਦੀ ਹੈ। ਜਦੋਂ ਅਸੀਂ ਸਿੱਖ ਧਰਮ ਦੇ ਧਾਰਮਿਕ ਗ੍ਰੰਥ, ਰਸਮੋ ਰਿਵਾਜ, ਤੀਰਥ ਪੂਜਾ ਆਦਿ ਵਲ ਧਿਆਨ ਦਿੰਦੇ ਹਾਂ ਤਾਂ ਇਸ ਦੀ ਹਿੰਦੂ ਧਰਮ ਨਾਲੋਂ ਵੱਖਰੀ ਪਛਾਣ ਸਹਿਜ ਹੀ ਸਾਹਮਣੇ ਆਉਂਦੀ ਹੈ। ਇਸਦਾ ਵਿਕਾਸ ਭਾਰਤੀ ਸਭਿਆਚਾਰ ਤੇ ਵਿਚਾਰਧਾਰਾ ਦੇ ਪਿਛੋਕੜ ਵਿਚ ਹੀ ਹੋਇਆ ਹੈ। ਇਸ ਤੱਥ ਨੂੰ ਪ੍ਰਵਾਨ ਨਾ ਕਰਨਾ ਅਤਿਵਾਦ ਹੈ ਤੇ ਦੂਜੇ ਪਾਸੇ ਇਸਨੂੰ ਆਰ. ਐਸ. ਵਾਂਗ ਬਿਲਕੁਲ ਵੱਖਰਾ ਨਾ ਮੰਨਣਾ ਵੀ ਖਤਰਨਾਕ ਅਤਿਵਾਦੀ ਰੁਝਾਨ ਹੈ। ਰਾਸ਼ਟਰੀ ਸਿੱਖ ਸੰਗਤ (ਆਰ. ਐਸ. ਐਸ. ਦੀ ਸ਼ਾਖਾ) ਨੂੰ ਇਸੇ ਸੰਦਰਭ ਵਿਚ ਦੇਖਣ ਦੀ ਲੋੜ ਹੈ।

ਆਰ. ਐਸ. ਐਸ. ਨੂੰ ਅੱਜ ਕਲ ਉਸਦੀ ਪਾਰਟੀ ਦਾ ਰਾਜ ਹੋਣ ਕਾਰਣ ਉਪਰੋਕਤ ਕਾਰਣਾਂ ਕਰਕੇ ਦਸਮ ਗ੍ਰੰਥ ਨਾਲ ਬੜਾ ਹੇਜ ਜਾਗ ਪਿਆ ਹੈ। ਇਸਦੇ ਕਈ ਕਾਰਣ ਹਨ। ਹੁਣ ਤਕ ਦਸਮ ਗ੍ਰੰਥ ਬਾਰੇ ਜੋ ਵੀ ਚਰਚਾ ਹੋਈ ਹੈ, ਉਸ ਵਿਚ ਉਸ ਧਿਰ ਦਾ ਪੱਲਾ ਭਾਰਾ ਹੈ ਜੋ ਕਹਿੰਦੀ ਹੈ ਕਿ ਇਸਦੀ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਦੀ ਰ ਚਨਾ ਨਹੀਂ ਹੈ। ਦੂਸਰੀ ਧਿਰ ਨੇ ਜ਼ਿਦ ਭਾਵੇਂ ਨਹੀਂ ਛੱਡੀ ਪਰੰਤੂ ਗੁਰਦੁਆਰਿਆਂ ਵਿਚ ਇਸਦਾ ਪ੍ਰਕਾਸ਼ ਹੁਣ ਨਹੀਂ ਹੁੰਦਾ। ਇਕ ਤਰ੍ਹਾਂ ਇਹ ਪਹਿਲੀ ਧਿਰ ਨੂੰ ਪ੍ਰਵਾਨਗੀ ਦੇਣ ਵਾਲੀ ਗੱਲ ਹੈ। ਰਤਨ ਸਿੰਘ ਜੱਗੀ ਨੇ 'ਚੰਡੀ ਦੀ ਵਾਰ' ਨੂੰ ਵੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਣ ਉਪਰ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਇਸੇ ਤਰ੍ਹਾਂ ਗੁਰਚਰਨ ਸਿੰਘ 'ਸਹਿਸਰਾ' ਨੇ 'ਬਚਿਤ੍ਰ ਨਾਟਕ' ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਮੰਨਿਆ। ਚੌਵੀਂ ਅਵਤਾਰਾਂ ਦੀ ਕਥਾ ਵਿਚ 'ਰਾਮ' ਤੇ 'ਸ਼ਾਮ' ਕਵੀਆਂ ਦੇ ਨਾਮ ਆਉਂਦੇ ਹਨ। ਗੁਰੂ ਗੋਬਿੰਦ ਸਿੰਘ ਨੂੰ ਇਨ੍ਹਾਂ ਦਾ ਕਰਤਾ ਮੰਨਣ ਵਾਲੇ ਗੁਰੂ ਗੋਬਿੰਦ ਸਿੰਘ ਦੇ ਹੀ ਉਪਨਾਮ 'ਰਾਮ' ਤੇ 'ਸ਼ਾਮ' ਮੰਨਦੇ ਹਨ। ਪਰ ਇਸਦਾ ਕੋਈ ਪ੍ਰਮਾਣ ਨਹੀਂ। ਇਨ੍ਹਾਂ ਅਵਤਾਰ ਕਥਾਵਾਂ ਵਿਚ 'ਮੈਂ ਨਾ ਗਨੇਸ਼ਹਿ ਪ੍ਰਥਮ ਮਨਾਊਂ, ਕਿਸ਼ਨ ਬਿਸ਼ਨ ਕਬਹੂੰ ਨਾ ਧਿਆਊਂ" ਨੂੰ ਕਈਆ ਨੇ ਰਚਨਾਵਾਂ ਦੇਖਦਿਆਂ ਗੁਰੂ ਗੋਬਿੰਦ ਸਿੰਘ ਵਲੋਂ ਕੀਤਾ ਵਾਧਾ ਮੰਨਿਆ ਹੈ। ਦਰਬਾਰੀ ਬਵੰਜਾ ਕਵੀਆਂ ਦੀ ਇਕ ਦ੍ਰਿਸ਼ਟੀ ਦੇਖਦੇ ਹੋਏ ਇਹ ਵੀ ਉਨ੍ਹਾਂ ਦੇ ਹੀ ਵਿਚਾਰ ਹਨ। ਤ੍ਰੀਆ ਚਰਿਤ੍ਰ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਸਿੱਧ ਕਰਨ ਲਈ ਇਕ 'ਆਨੰਦ ਰਾਇ' ਨਾਲ ਜੁੜੇ ਚਰਿਤ੍ਰ ਨੂੰ ਪੇਸ਼ ਕਰਕੇ ਉਸਦਾ ਨਾਇਕ ਗੁਰੂ ਗੋਬਿੰਦ ਸਿੰਘ ਨੂੰ ਸਿੱਧ ਕੀਤਾ ਜਾਂਦਾ ਹੈ। ਜਾਂ ਇਹ ਕਿਹਾ ਜਾਂਦਾ ਹੈ ਕਿ ਸਿੰਘਾਂ ਦਾ ਚਰਿਤ੍ਰ ਉਸਾਰਨ ਲਈ ਅਜਿਹੀਆਂ ਕਥਾਵਾਂ ਸਿਰਜੀਆਂ ਗਈਆ। ਪਰੰਤੂ ਦੋ-ਚਾਰ ਨੂੰ ਛੱਡ ਕੇ ਬਾਕੀਆਂ ਦਾ ਤ੍ਰਿਆ-ਚਰਿਤ੍ਰ' ਨਾਲ ਜੁੜੇ ਹੋਣਾ ਤੇ ਬੰਦਿਆਂ ਦੇ ਚਰਿਤ੍ਰਾਂ ਨੂੰ ਦੂਜਾ ਥਾਂ ਦੇਣਾ ਤੇ ਅਸ਼ਲੀਲਤਾ ਇਨ੍ਹਾਂ ਤਰਕਾਂ ਨੂੰ ਕਿਤੇ ਖੜਾ ਨਹੀਂ ਹੋਣ ਦਿੰਦੀ। ਮੋਟੇ ਤੌਰ ਤੇ ਜਾਪ ਸਾਹਿਬ, ਸਵਈਏ, ਸ਼ਬਦ ਹਜ਼ਾਰੇ ਤੇ ਖਾਲਸਾ ਮਹਿਮਾ ਤੇ ਜ਼ਫ਼ਰਨਾਮਾ ਹੀ ਗੁਰੂ ਗੋਬਿੰਦ ਸਿੰਘ ਦੀਆਂ ਬਾਣੀਆਂ ਸਿੱਧ ਹੁੰਦੀਆਂ ਹਨ।

ਰਾਸ਼ਟਰੀ ਸਿੱਖ ਸੰਗਤ ਵਲੋਂ ਦਸਮ ਗ੍ਰੰਥ ਨਾਲ ਵਧੇਰੇ ਹੇਜ ਦਾ ਕਾਰਣ ਚੌਵੀ ਅਵਤਾਰ ਜਾਂ ਪੁਰਾਣਿਕ ਕਥਾਵਾਂ ਹੀ ਹਨ। ਇਸ ਰਾਹੀਂ ਉਹ ਰਾਮ ਤੇ ਕ੍ਰਿਸ਼ਨ ਨੂੰ ਉਨ੍ਹਾਂ ਅਰਥਾਂ ਦੀ ਪੁਸ਼ਟੀ ਕਰਵਾਉਣੀ ਚਾਹੁੰਦੇ ਹਨ ਜੋ ਉਹ ਅੱਜ ਕਲ੍ਹ ਦੇ ਰਹੇ ਹਨ। ਪਰ ਸਾਨੂੰ ਸਾਰਿਆਂ ਨੂੰ ਗੁਰਮਤਿ ਦੇ ਅਵਤਾਰ ਵਾਦ ਵਿਰੋਧੀ ਵਿਚਾਰਾਂ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਦਸਮ ਗ੍ਰੰਥ ਦੇ ਸਾਰੇ ਕਵੀ ਕਿਸੇ ਵਿਸ਼ੇਸ਼ ਮੰਤਵ ਅਧੀਨ ਇਨਾਂ ਕਥਾਵਾਂ ਨੂੰ ਪੁਨਰ ਸਿਰਜਿਤ ਕਰ ਰਹੇ ਸਨ ਭਾਵੇਂ ਮੂਲ ਰੂਪ ਵਿਚ ਉਹ ਅਵਤਾਰਵਾਦ ਦੇ ਵਿਰੋਧ ਵਿਚ ਸਨ। ਇਨ੍ਹਾਂ ਆਧਾਰਾਂ ਤੇ ਹੀ ਆਰ. ਐਸ. ਐਸ. ਦੀ ਵਿਚਾਰਧਾਰਾ ਨਾਲ਼ ਲੜਿਆ ਜਾ ਸਕਦਾ ਹੈ ਤੇ ਉਨ੍ਹਾਂ ਵਲੋਂ ਦਸਮ ਗ੍ਰੰਥ ਦੇ ਸਾਹਿਤ ਨੂੰ ਆਪਣੀਆਂ ਮੂਲ਼ਵਾਦੀ ਧਾਰਨਾਵਾਂ ਅਨੁਸਾਰ ਵਰਤਣ ਤੋਂ ਰੋਕਿਆ ਜਾ ਸਕਦਾ ਹੈ। ਧਰਮਾਂ ਦੀ ਵੱਖਰੀ ਪਛਾਣ ਨਾਲੋਂ ਪੰਜਾਬੀਅਤ ਦੀ ਭਾਵਨਾ ਨੂੰ ਜਗਾ ਕੇ ਇਸ ਤੋਂ ਵੀਂ ਉਪਰ ਉੱਠ ਕੇ ਮਾਨਵਤਾ ਵਾਦੀ ਕਦਰਾਂ ਕੀਮਤਾਂ ਨਾਲ਼ ਜੁੜਨ ਦੀ ਲੋੜ ਹੈ, ਜਿਥੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਨਾਅਰਾ ਹੀ ਸਾਰਥਕ ਨਾਅਰਾ ਹੈ। ਹਰ ਕਿਸਮ ਦੀ ਸੰਪ੍ਰਦਾਇਕਤਾ ਨੂੰ ਹਰਾਉਣ ਲਈ ਹਰ ਪੰਜਾਬੀ ਨੂੰ ਅਗਾਂਹ ਆ ਕੇ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ।

### 2. ਦੂਰਦਰਸ਼ਨ ਵਿਰੁੱਧ ਧਰਨਾ

ਕੇਂਦਰੀ ਪੰਜਾਬੀ ਲੇਖਕ (ਰਜਿ) ਵਲੋਂ ਜਲੰਧਰ ਦੂਰਦਰਸ਼ਨ ਨੂੰ ਨਿਰੋਲ ਪੰਜਾਬੀ ਚੈਨਲ ਬਣਾਏ ਜਾਣ ਅਤੇ ਇਸ ਦੀ ਪਹੁੰਚ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਕੀਤੇ ਜਾਣ ਅਤੇ ਹੋਰਨਾਂ ਸੰਬੰਧਿਤ ਲੋਕਾਂ ਮੰਗਾਂ ਨੂੰ ਲੈ ਕੇ 9 ਜੁਲਾਈ ਨੂੰ ਜਲੰਧਰ ਵਿਖੇ ਧਰਨਾ ਦਿੱਤਾ ਗਿਆ। ਇਸ ਧਰਨੇ ਵਿਚ ਰਾਜ ਭਰ ਵਿਚੋਂ ਸੈਂਕੜੇ ਲੇਖਕਾਂ ਤੇ ਇਸ ਮਸਲੇ ਨੂੰ ਦਰੁਸਤ ਸਮਝਣ ਵਾਲੀਆਂ ਰਾਜਨੀਤਕ ਪਾਰਟੀਆਂ, ਭਰਾਤਰੀ ਜੱਥੇਬੰਦੀਆਂ ਅਤੇ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ। ਵੱਡੀ ਗਿਣਤੀ ਵਿਚ ਧਰਨੇ ਵਿਚ ਸ਼ਾਮਲ ਲੇਖਕਾਂ ਤੇ ਸੁਹਿਰਕ ਲੋਕਾਂ ਦੀ ਗੰਭੀਰਤਾ ਇਸ ਦੀ ਸਫਲਤਾ ਸਮਝਣੀ ਚਾਹੀਦੀ ਹੈ।

ਇਹ ਧਰਨਾ ਸੂਚਨਾ ਅਤੇ ਪਰਸਾਰਨ ਮੰਤ੍ਰਾਲੇ ਦੀ ਪੰਜਾਬ ਅਤੇ ਹੋਰਨਾਂ ਖੇਤਰੀ ਸੱਭਿਆਚਾਰਾਂ ਨੂੰ ਅਣਡਿੱਠਾ ਕਰਨੇ ਅੰਧਰਾਸ਼ਟਰੀ ਪਹੁੰਚ ਅਧੀਨ ਹਿੰਦੀ ਠੋਸਣ ਦੀ ਤੰਗ ਨਜ਼ਰ ਗ਼ਲਤ ਨੀਤੀ ਨੂੰ ਰੇਖਾਂਕਤ ਕਰਦਾ ਹੈ। ਇਸ ਸਮੇਂ ਪੰਜਾਬੀ ਸੱਭਿਆਚਾਰ ਦੂਹਰੇ ਹਮਲੇ ਦਾ ਸ਼ਿਕਾਰ ਹੋ ਰਿਹਾ ਹੈ। ਇਕ ਪਾਸੇ ਇਹ ਕੇਂਦਰ ਦੀ ਭਾਜਪਾ ਸਰਕਾਰ ਦੀ ਹਿੰਦੂ ਰਾਸ਼ਟਰਵਾਦੀ ਭਗਵਾ-ਕਰਨ ਤੇ ਅੰਧਵਿਸ਼ਵਾਸੀ ਤੇ ਦੂਸਰੇ ਕੌਮਾਂਤਰੀ ਸਾਮਰਾਜ ਵਲੋਂ ਉਪਭੋਗਤਾਵਾਦੀ ਸੱਭਿਆਚਾਰ ਦੇ ਰੂਪ ਵਿਚ ਹਮਲੇ ਦਾ ਸ਼ਿਕਾਰ ਹੈ। ਇਹ ਕੇਂਦਰੀ ਲੇਖਕ ਸਭਾ ਦੇ ਮੈਂਬਰਾਂ ਦੀ ਸੰਵੇਦਨਸ਼ੀਲਤਾ ਹੈ ਜਿਸ ਨੇ ਇਸ ਸੂਖਮ ਜ਼ਹਿਰ ਨੂੰ ਪਛਾਣਿਆ ਹੈ ਜੋ ਸਾਡੇ ਸੱਭਿਆਚਾਰ ਤੇ ਪੰਜਾਬੀ ਭਾਵਨਾ ਨੂੰ ਢਾਅ ਲਾਉਣ ਵਾਲੀ ਸਿੱਧ ਹੋ ਰਹੀ ਹੈ।

ਧਰਨੇ ਵਿਚ ਸ਼ਾਮਲ ਲੇਖਕਾਂ ਬੁਧੀ ਜੀਵੀਆਂ, ਸੱਭਿਆਚਾਰਿਕ ਕਰਮੀਆਂ, ਰਾਜਨੀਤਕ ਪਾਰਟੀਆਂ ਤੇ ਹੋਰਨਾਂ ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਕ ਆਵਾਜ਼ ਹੋ ਕੇ ਸਭਾ ਵਲੋਂ ਦਿੱਤੇ ਮੰਗ ਪੱਤਰ ਦਾ ਸਮਰਪਨ ਕੀਤਾ ਅਤੇ ਕੇਂਦਰੀ ਸਰਕਾਰ ਦੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿਰੁਧ ਘਿਨਾਉਣੀ ਸਾਜ਼ਿਸ਼ ਦੀ ਨਿਖੇਧੀ ਕੀਤੀ। ਦੂਰਦਰਸ਼ਨ ਜਲੰਧਰ ਤੋਂ ਪੰਜਾਬੀ ਸੱਭਿਆਚਾਰ ਨੂੰ ਵਿਗੜੇ ਰੂਪ ਵਿਚ ਪੇਸ਼ ਕਰਕੇ, ਹਿੰਸਕ, ਅਸ਼ਲੀਲ, ਘੱਟੀਆ, ਫਿਰਕੂ, ਅੰਧਵਿਸ਼ਵਾਸਾਂ ਨੂੰ ਫੈਲਾਉਣ ਵਾਲੇ ਪ੍ਰੋਗ੍ਰਾਮ, ਸੀਰੀਅਲ, ਗੀਤ ਆਦਿ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਗਈ ਹੈ।

ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਪੰਜਾਬ ਵਿੱਚ ਅਕਾਲੀ ਪਾਰਟੀ ਦੀ ਸਰਕਾਰ, ਜੋ ਪੰਜਾਬੀ ਸੂਬੇ ਦੇ ਮੋਰਚੇ ਦਾ ਸਾਰਾ ਸਿਹਰਾ ਆਪਣੇ ਸਿਰ ਬੰਨ੍ਹਦੀ ਹੈ, ਦੂਰਦਰਸ਼ਨ ਉਪਰ ਇਹ ਸਭ ਕੁਝ ਨੂੰ ਅੱਖਾਂ ਤੇ ਅਕਲ ਉਤੇ ਪੜਨ ਪਾ ਕੇ ਚੱਲੀ ਜਾਣ ਲਈ ਚੁੱਪ ਹੈ। ਅਕਾਲੀ ਸਰਕਾਰ ਦੂਰਦਰਸ਼ਨ ਤੋਂ ਸੁਵੇਰ ਸ਼ਾਮ ਗੁਰਬਾਣੀ ਕੀਰਤਨ ਦੇ ਪਰਵਾਨ ਨਾਲ ਹੀ ਸੰਤੁਸ਼ਟ ਜਾਪਦੀ ਹੈ ਜਦੋਂ ਕਿ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਜੜ੍ਹੀ ਤੇਲ ਦਿੱਤਾ ਜਾ ਰਿਹਾ ਹੈ। ਇਹਨਾਂ ਅਕਲ ਦੇ ਅੰਨ੍ਹਿਆਂ ਨੂੰ ਇੰਨੀ ਵੀ ਸਮਝ ਨਹੀਂ ਕਿ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਬਰਬਾਦ ਹੋਣ ਤੋਂ



ਪਿਛੋਂ ਗੁਰਬਾਣੀ ਸੁਣਨ ਵਾਲਾ ਕੋਈ ਰਹਿ ਨਹੀਂ ਜਾਵੇਗਾ। ਪੰਜਾਬੀ ਸੱਭਿਆਚਾਰ ਅਤੇ ਹੋਰਨਾਂ ਖੇਤਰੀ, ਆਦਿ ਵਾਸੀਆਂ, ਪਛੜੀਆਂ ਜਾਤੀਆਂ ਦੇ ਸੱਭਿਆਚਾਰਾਂ ਨੂੰ ਨਿਘਾਰਨ ਲਈ ਕੇਂਦਰੀ ਭਾਜਪਾ ਸਰਕਾਰ ਪੈਰੋਂ ਪੈਰ ਅੱਗੇ ਵਧ ਰਹੀ ਹੈ ਜਦੋਂ ਕਿ ਕੁਰਸੀ ਦੀ ਲਾਲਸਾ ਨੇ ਅਕਾਲੀ ਹਾਕਮਾਂ ਨੂੰ ਮੂਰਛਤ ਕਰ ਛੱਡਿਆ ਹੈ।

ਦੂਰਦਰਸ਼ਨ ਦੀ ਪੰਜਾਬੀਅਤ ਵਿਰੁਧ ਨੀਤੀ ਨੂੰ ਖ਼ਤਮ ਕਰਾਉਣ ਲਈ ਇਸ ਧਰਨੇ ਤੋਂ ਅਗੇ ਸੰਘਰਸ਼ ਲੈ ਕੇ ਜਾਣ ਲਈ ਕਈ ਸੁਝਾ ਆਏ। ਇਹਨਾਂ ਵਿੱਚ ਪੰਜਾਬੀ ਦੇ ਸਤਿਕਾਰ ਯੋਗ ਕਵੀ ਸੁਰਜੀਤ ਪਾਤਰ ਵਲੋਂ ਦੂਰਦਰਸ਼ਨ ਦੇ ਬਾਈਕਾਟ ਕਰਨ ਦਾ ਇਕ ਸੁਝਾਓ ਆਇਆ ਜਿਸ ਦਾ 'ਵਿਰਾਸਤ' ਦੇ ਬੁਲਾਰੇ ਅਤੇ ਹੋਰਨਾਂ ਨੇ ਵੀ ਸਮਰਥਨ ਕੀਤਾ। ਕੇਂਦਰੀ ਸਭਾ ਦੇ ਪ੍ਰਧਾਨ ਸ੍ਰੀ ਜਗਤਾਰ ਨੇ ਕਿਹਾ ਕਿ ਦੂਰਦਰਸ਼ਨ ਦੇ ਪਖਪਾਤੀ ਤੇ ਵਿਤਕਰਿਆਂ ਨੂੰ ਦੇਖਦਿਆਂ ਉਹਨਾਂ ਕੋਈ ਦੋ ਸਾਲਾਂ ਤੋਂ ਇਸ ਦਾ ਬਾਈਕਾਟ ਕੀਤਾ ਹੋਇਆ ਹੈ। ਛੇ ਮਹੀਨੇ ਦੇ ਬਾਈਕਾਟ ਦਾ ਸੁਝਾ ਵੀ ਆਇਆ। ਬਾਈਕਾਟ ਦੇ ਪ੍ਰਭਾਵਸ਼ਾਲੀ ਰਹਿਣ ਅਤੇ ਬਾਈਕਾਟ ਦੀ ਉਲੰਘਣਾ ਕਰਨ ਵਾਲੇ ਲੇਖਕਾਂ, ਕਲਾਕਾਰਾਂ ਆਦਿ ਦੀ ਸੰਭਾਵਨਾ ਵੱਲ ਵੀ ਸੰਕੇਤ ਕੀਤਾ ਗਿਆ। ਇਸ ਸੰਬੰਧੀ ਸਾਡਾ ਵਿਚਾਰ ਹੈ ਕਿ ਸੰਘਰਸ਼ ਕੋਈ ਸਾਧਾਰਨ ਮੰਗਾਂ ਦੀ ਪ੍ਰਾਪਤੀ ਵਰਗਾ ਨਹੀਂ ਹੈ ਸਗੋਂ ਇਕ ਕੱਟੜ ਅੰਧਰਾਸ਼ਟਰਵਾਦੀ ਫਿਰਕੂ ਭਾਜਪਾ ਸਰਕਾਰ ਵਲੋਂ ਉਸਦੇ ਗੁਪਤ ਏਜੰਡੇ ਨੂੰ ਲਾਗੂ ਹੋਣੋ, ਇਕ ਤਰ੍ਹਾਂ ਰੋਕਣ ਦਾ ਸੰਘਰਸ਼ ਹੈ। ਇਹ ਖੇਤਰੀ ਸੱਭਿਆਚਾਰਾਂ ਵਿਰੁਧ ਸੂਖ਼ਮ ਢੰਗ ਨਾਲ ਸੂਚਨਾ ਤੇ ਪਰਸਾਰਨ ਮੰਤਰਾਲੇ ਦੀ ਨੀਤੀ ਨੂੰ ਫ਼ੇਲ ਕਰਨ ਦਾ ਸੰਘਰਸ਼ ਹੈ ਜਿਸਨੂੰ ਕੌਮਾਂਤਰੀ ਸਾਮਰਾਜੀ ਅਮਰੀਕਾ ਦਾ ਥਾਪੜਾ ਹੈ ਤੇ ਦੋਵਾਂ ਵੱਲੋਂ ਰਲ ਕੇ ਵੱਡੀ ਸਰਮਾਏਦਾਰੀ ਤੇ ਬਹੁਕੌਮੀ ਪਾਰਕੌਮੀ ਕੰਪਨੀਆਂ ਦੇ ਮੁਨਾਫਾ ਖੋਰ ਹਿੱਤਾਂ ਵਿੱਚ, ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਦੂਰਦਰਸ਼ਨ ਵਲੋਂ ਪਰਸਾਰਤ ਕੀਤੇ ਜਾਣ ਵਾਲੇ ਆਪ ਪ੍ਰੋਗ੍ਰਾਮ ਹਿੰਸਾ, ਨਫਰਤ, ਅੰਧਵਿਸ਼ਵਾਸ, ਅਸ਼ਲੀਲਤਾ ਆਦਿ ਅਨੈਤਿਕ ਦੁਰ ਗੁਣਾਂ ਨਾਲ ਭਰਪੂਰ ਹੁੰਦੇ ਹਨ। ਇਹ ਸਾਡੇ ਪੰਜਾਬੀ ਸੱਭਿਆਚਾਰ ਦੇ ਮਿਲਵਰਤਨ, ਸਾਂਝੀਵਾਲਤਾ, ਬਰਾਬਰਤਾ, ਧਰਮਨਿਰੱਪਖਤਾ ਅਤੇ ਰਿਸ਼ੀਆਂ, ਗੁਰੂਆਂ, ਸੂਫ਼ੀਆਂ ਵਲੋਂ ਦਿਤੀ ਪਰਉਪਕਾਰੀ ਮਾਨਵਵਾਦੀ ਸੇਧ ਤੋਂ ਭਟਕਾ ਕੇ ਮਨੁੱਖ ਨੂੰ ਮਨੁਖਤਾ ਤੋਂ ਡੇਗ ਕੇ ਦੁਰਾਚਾਰੀ, ਲੋਭੀ, ਪਾਖੰਡੀ, ਮੁਖੌਟਾ ਧਾਰੀ ਤੇ ਸੁਆਰਥੀ ਬਣਾਉਣਾ ਚਾਹੁੰਦੇ ਹਨ। ਤਾਂ ਜੋ ਅਸੀਂ ਇਨਸਾਫ, ਆਰਥਿਕ ਤੇ ਸਮਾਜਿਕ ਬਰਾਬਰਤਾ, ਮਹਿੰਗਾਈ, ਭ੍ਰਿਸ਼ਟਾਚਾਰ ਤੇ ਗਰੀਬੀ ਨੂੰ ਖ਼ਤਮ ਕਰਨ ਦੀ ਲੜਾਈ ਤੋਂ ਮੂੰਹ ਮੋੜ ਲਈਏ। ਭਾਵ ਇਹ ਪ੍ਰੋਗ੍ਰਾਮ ਨੌਜੁਆਨਾਂ ਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਭਵਿੱਖ ਨੂੰ ਧੁੰਦਲਾ ਕਰਨ ਲਈ ਖਲਨਾਇਕਾਂ ਵਿੱਚ ਤਬਦੀਲ ਕਰਨਾ ਚਾਹੁੰਦੇ ਹਨ ਅਤੇ ਉਹਨਾਂ ਦੀ ਪ੍ਰਚੰਡ ਸੂਝ ਨੂੰ ਕਮਜ਼ੋਰ ਤੇ ਖੁੰਢਿਆਂ ਕਰਨਾ ਲੋੜਦੇ ਹਨ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਸੰਘਰਸ਼ ਦੋ ਖ਼ਤਰਨਾਕ ਦੁਸ਼ਮਣਾਂ— ਕੇਂਦਰੀ ਭਾਜਪਾ ਸਰਕਾਰ ਤੇ ਸਾਮਰਾਜੀ ਉਪਭੋਗਤਾ ਵਾਦੀ ਹਮਲਾਵਰ ਅਮਰੀਕਾ ਵਿਰੁੱਧ ਹੈ। ਇਸ ਲਈ ਹਰ ਢੰਗ ਤੇ ਹੱਥਿਆਰ ਵਰਤਣਾ ਪੈਣਾ ਹੈ।

ਇਸ ਸੰਘਰਸ਼ ਵਿੱਚ ਸਫਲਤਾ ਪ੍ਰਾਪਤ ਕਰਨੀ ਪੰਜਾਬੀਅਤ ਦੀ ਰੱਖਿਆ ਕਰਨਾ ਹੀ ਹੈ। ਇਸ ਲਈ ਇਹ ਇਕੱਲੇ ਲੇਖਕਾਂ ਦੀ ਸਮਰੱਥਾ ਤੋਂ ਵਡੇਰੀ ਸੰਗਠਤ ਸ਼ਕਤੀ ਦੀ ਮੰਗ ਕਰਦਾ ਹੈ। ਇਹ ਇਕ ਇਤਿਹਾਸਕ ਸੁਭਾਗ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਹਰ ਪੰਜਾਬੀ ਲੇਖਕ ਤੇ ਚੇਤਨ ਪਾਠਕ ਸਾਹਿਤ ਪ੍ਰੇਮੀ ਇਕ ਮੁੱਠ ਹੈ। ਇਹ ਇਕ ਮੁੱਠਤਾ ਹੀ ਇਸ ਦੀ ਸਫਲਤਾ ਦੀ ਕੁੰਜੀ ਹੈ। ਲੇਖਕ ਸਭਾ ਨੇ ਇਸ ਸੰਘਰਸ਼ ਦੀ ਅਗਵਾਈ ਆਪਣੇ ਹੱਥ ਲੈ ਕੇ ਇਕ ਬੜੀ ਜ਼ਿੰਮੇਵਾਰੀ ਅਤੇ ਵੰਗਾਰ ਨੂੰ ਕਬੂਲਿਆ ਹੈ ਜਿਸ ਨੇ ਹਾਕਮ ਅਕਾਲੀ ਪਾਰਟੀ ਦੇ ਪੰਜਾਬੀਅਤ ਪ੍ਰਤੀ ਝੂਠੇ ਹੇਜ ਨੂੰ ਵੀ ਨੰਗਾ ਕਰ ਦਿਤਾ ਹੈ। ਇਸ ਤੋਂ ਅਗਲਾ ਕਦਮ ਮੰਗ ਪੱਤਰ ਨੂੰ ਮੰਨੇ ਜਾਣ ਦੀ ਬੈਠ ਕੇ ਉਡੀਕ ਕਰਨ ਦਾ ਨਹੀਂ ਹੈ ਸਗੋਂ ਵਿਸ਼ਾਲ ਪੰਜਾਬੀ ਜਨ ਸਮੂਹਾਂ ਤੱਕ ਪੁਹੰਚ ਕਰਕੇ ਨਾਲ ਲੈਣ ਦਾ ਹੈ ਜੋ ਕਿ ਦੂਰਦਰਸ਼ਨ ਦੀ ਅਸ਼ਲੀਲਤਾ ਤੋਂ ਡਾਢਾ ਤੰਗ ਤੇ ਪਰੇਸ਼ਾਨ ਹੈ। ਇਸ ਲਈ ਲੇਖਕ ਸਾਹਿਤ ਸਭਾਵਾਂ ਤੇ ਕਲਚਰਲ ਸੰਗਠਣਾਂ ਵਲੋਂ ਕੀਤੇ ਜਾਣ ਵਾਲੇ ਹਰ ਪ੍ਰੋਗ੍ਰਾਮ ਦੀ ਸਟੇਜ ਉਪਰੋਂ, ਇਸ

ਸੰਘਰਸ਼ ਬਾਰੇ ਦੱਸ ਦੇ ਲੋਕਾਂ ਨੂੰ ਨਾਲ ਲੈਣਾ ਜ਼ਰੂਰੀ ਹੈ ਤੇ ਉਸ ਸਮੇਂ ਲੋਕਾਂ ਤੋਂ ਹੱਥ ਖੜ ਕਰਵਾਕੇ ਦੂਰਦਰਸ਼ਨ ਵਿਰੁੱਧ ਮਤੇ ਪਾਸ ਕਰਨੇ ਚਾਹੀਦੇ ਹਨ। ਸਥਾਨਕ ਸਭਾਵਾਂ, ਕੇਂਦਰੀ ਸਭਾ ਦਾ ਸਹਿਯੋਗ ਲੈ ਕੇ ਪਿੰਡ, ਬਲਾਕ, ਤਹਿਸੀਲ ਤੇ ਫਿਰ ਜ਼ਿਲਾ ਪੱਧਰ ਉਪਰ ਧਰਨੇ ਤੇ ਰੈਲੀਆਂ ਕਰਕੇ ਇਸ ਸੰਘਰਸ ਨੂੰ ਵਿਸਤਾਰ ਦੇ ਸਕਦੀਆਂ ਹਨ। ਇਹਨਾਂ ਧਰਨੇ, ਰੈਲੀਆਂ ਆਦਿ ਨੂੰ ਸਾਹਿਤ ਪਰਸਾਰ ਦੇ ਲਈ ਵੀ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਵੱਡੀ ਗਿਣਤੀ ਵਿਚ ਜਨਤਕ ਸ਼ਮੂਲੀਅਤ ਲਾਲਚੀ ਬੇਗ਼ੈਰਤ ਤੇ ਇਸ ਸੰਘਰਸ਼ ਦੇ ਉਦੇਸ਼ ਤੋਂ ਅਣਜਾਣ, ਲੇਖਕਾਂ, ਕਵੀਆਂ, ਬੁਧੀ ਜੀਵੀਆਂ ਤੇ ਲੋਕ ਗੀਤ ਆਦਿ ਗਾਉਣ ਵਾਲੇ ਬਾਈਕਾਟ ਨੂੰ ਉਲੰਘਣ ਦੀ ਹਿੰਮਤ ਨਹੀਂ ਕਰਨਗੇ। ਜੇ ਕਰਨਗੇ ਤਾਂ ਲੋਕ ਉਹਨਾਂ ਦੇ ਪ੍ਰੋਗ੍ਰਾਮਾਂ ਵਿੱਚ ਉਹਨਾਂ ਤੋਂ ਪੁੱਛਣਗੇ ਤੇ ਫਿਰ ਉਹ ਇਸ ਅਵੱਗਿਆ ਕਰਨ ਲਈ ਮਾਫੀ ਮੰਗਣਗੇ ਤੇ ਪਛਤਾਉਣਗੇ। ਵੈਸੇ ਅਸੀਂ ਦੇਸ਼ ਵਿਚ ਦੇਖਦੇ ਹਾਂ ਕਈ ਰਾਜ ਤੇ ਰਾਸ਼ਟਰੀ ਪੱਧਰ ਦੀਆਂ ਹੜਤਾਲਾਂ ਵਿਚ ਵੀ ਕੁਝ ਸਰਕਾਰ ਜਾਂ ਮਾਲਕਾਂ ਦੀਆਂ ਖਰੀਦੀਆਂ ਜਾਂਦੀਆਂ ਭੇਡਾਂ ਨਿਕਲ ਹੀ ਆਉਂਦੀਆਂ ਹਨ ਪਰ ਫਿਰ ਵੀ ਹੜਤਾਲ ਦੇ ਐਕਸ਼ਨਾਂ ਅੱਗੇ ਸਰਕਾਰਾਂ ਝੁਕਦੀਆਂ ਦੇਖੀਆਂ ਹਨ। ਇਸ ਲਈ ਬਾਈਕਾਟ ਦਾ ਐਕਸ਼ਨ ਨਿਸਚੇ ਹੀ ਪ੍ਰਭਾਵਸ਼ਾਲੀ ਰਹੇਗਾ।

ਧਰਨੇ ਸਮੇਂ ਇਕ ਬੁਲਾਰੇ ਨੇ ਇਕ ਬੜੀ ਹੀ ਚਿੰਤਾਜਨਕ ਤੇ ਹੈਰਾਨਕੁੰਨ ਸੂਚਨਾ ਦਿਤੀ ਕਿ ਇਕ ਪਾਸੇ ਦੂਰਦਰਸ਼ਨ ਜਲੰਧਰ ਦਾ ਡਾਇਰੈਕਟਰ ਕੇਂਦਰੀ ਸਭਾ ਦੀਆਂ ਮੰਗਾਂ ਉਤੇ ਗੌਰ ਕਰਨ ਤੇ ਮੰਨਣ ਦਾ ਵਿਸ਼ਵਾਸ ਦੁਆ ਰਿਹਾ ਹੈ ਤੇ ਦੂਜੇ ਪਾਸੇ ਦਿੱਲੀ ਤੋਂ ਸੂਚਨਾ ਤੇ ਪਰਸਾਰਨ ਮੰਤ੍ਰਾਲੇ ਵਲੋਂ ਇਸ ਸੰਭਾਵਨਾ ਦੀ ਪੜਤਾਲ ਵਿੱਚ ਸਹਾਇਤਾ ਕਰ ਰਿਹਾ ਹੈ ਕਿ ਦੂਰਦਰਸ਼ਨ ਜਲੰਧਰ ਨੂੰ 'ਨਿਰੋਲ ਹਿੰਦੀ' ਜਾਂ 'ਹਿੰਦੀ' ਚੈਨਲ ਬਣਾਇਆ ਜਾਵੇ। ਪਤਾਂ ਲੱਗਾ ਹੈ ਕਿ ਦਿੱਲੀ ਤੋਂ ਆਉਣ ਵਾਲੇ ਕਿਸੇ ਪੜਤਾਲ ਕਰਨ ਵਾਲੇ ਅਧਿਕਾਰੀ ਦੇ ਅੱਗੇ, ਜਲੰਧਰ ਤੋਂ ਇਕ ਵਿਅਕਤੀ ਨੂੰ ਦੂਰਦਰਸ਼ਨ ਵਲੋਂ ਪ੍ਰਬੰਧ ਕੀਤੀ ਕਾਰ ਉਪਰ ਚੰਡੀਗੜ੍ਹ ਲਿਜਾਇਆ ਗਿਆ ਤੇ ਉਸ ਵੱਲੋਂ ਜਲੰਧਰ ਕੇਂਦਰ ਨੂੰ ਹਿੰਦੀ ਬਣਾਉਣ ਲਈ ਇਹ ਦਲੀਲਾਂ ਦਿੱਤੀਆਂ ਗਈਆਂ ਕਿ ਪੰਜਾਬ ਵਿਚ ਬਾਹਰਲੇ ਰਾਜਾਂ ਤੋਂ ਹਿੰਦੀ ਬੋਲਣ ਵਾਲੇ ਫੌਜੀ ਤੇ ਸੀ. ਐਰ. ਪੀ ਦੇ ਜੁਆਨ ਤੇ ਯੂ. ਪੀ. ਬਿਹਾਰ ਦੇ ਮਜ਼ਦੂਰ ਰਹਿੰਦੇ ਹਨ ਅਤੇ ਪੰਜਾਬੀ ਲੋਕ ਹਿੰਦੀ ਨੂੰ ਚੰਗੀ ਤਰ੍ਹਾ ਸਮਝ ਸਕਦੇ ਹਨ। ਕੀ ਦੂਰਦਰਸ਼ਨ ਕੇਂਦਰੀ ਸਭਾ ਦੇ ਪ੍ਰਤੀਨਿਧਾਂ ਨੂੰ ਗੱਲਾਂ ਬਾਤਾਂ ਵਿਚ ਉਲਝਾ ਕੇ ਸਮਾਂ ਟਪਾਉਣਾ ਚਾਹੁੰਦਾ ਹੈ ? ਇਹ ਬੜੀ ਗੰਭੀਰ ਗੱਲ ਹੈ। ਇਸ ਲਈ ਹੋਰ ਵੀ ਫੁਰਤੀ, ਚੌਕਸੀ ਤੇ ਸਮਝਦਾਰੀ ਵਰਤਦੇ ਹੋਏ ਇਸ ਸੰਘਰਸ਼ ਨੂੰ ਅੱਗੇ ਤੋਰਨ ਵਿਚ ਢਿੱਲ ਨਹੀਂ ਵਰਤਣੀ ਚਾਹੀਦੀ।

ਮੰਗ ਪੱਤਰ ਦੀਆਂ ਮੰਗਾਂ ਭਾਵੇਂ ਦੂਰਦਰਸ਼ਨ ਜਲੰਧਰ ਨਾਲ ਹੋਣ ਤੇ ਚਾਹੇ ਕੇਂਦਰ ਨਾਲ, ਇਹਨਾਂ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਕੇਵਲ ਕੇਂਦਰੀ ਸਰਕਾਰ ਹੀ ਕਰ ਸਕਦੀ ਹੈ ਕਿਉਂਕਿ ਇਹ ਪੰਜਾਬੀ ਵਿਰੋਧੀ ਖ਼ਚਰੀ ਨੀਤੀ ਜੋ ਖੁੱਲ੍ਹ ਕੇ ਸਾਹਮਣੇ ਆਈ ਹੈ, ਭਾਜਪਾ ਦੀ ਅੰਧਰਾਸ਼ਟਰੀ ਨੀਤੀ ਦਾ ਹਿੱਸਾ ਹੈ। ਇਸ ਲਈ ਕੇਂਦਰੀ ਸਭਾ ਨੂੰ ਗੱਲਬਾਤ ਕੇਂਦਰ ਦੇ ਸੂਚਨਾ ਤੇ ਪਰਸਾਰਨ ਮੰਤਰਾਲੇ ਦੇ ਉੱਚ ਅਧਿਕਾਰੀਆਂ ਨਾਲ ਹੀ ਕਰਨੀ ਚਾਹੀਦੀ ਹੈ। ਹੋਰ ਗੱਲਾਂ ਬਾਤਾਂ ਐਵੇਂ ਸਮੇਂ ਦੀ ਬਰਬਾਦੀ ਹੀ ਹੋਵੇਗੀ।

ਅੱਜ ਦੇ ਯੁੱਗ ਵਿੱਚ ਦੂਰਦਰਸ਼ਨ ਵਰਗੇ ਮਾਧਿਅਮ ਦਾ ਜੀਵਨ ਦੇ ਹਰ ਪੱਖ ਉਪਰ ਅਸਰ ਪੈਂਦਾ ਹੈ। ਇਹ ਸੱਭਿਆਚਾਰ ਦੇ ਵਿਕਾਸ ਲਈ ਅਤੇ ਵਿਨਾਸ਼ ਲਈ ਵੀ ਵਰਤਿਆ ਜਾ ਸਕਦਾ ਹੈ। ਸਗੋਂ ਹੁਣ ਕੇਂਦਰੀ ਸਭਾ ਦਾ ਸੰਘਰਸ਼ ਇਸ ਤੱਥ ਨੂੰ ਰੇਖਾਂਕਤ ਕਰਦਾ ਹੈ ਕਿ ਦੂਰਦਰਸ਼ਨ ਸਾਡੇ ਸੱਭਿਆਚਾਰ ਤੇ ਸਾਡੀ ਨੌਜੁਆਨ ਪੀੜ੍ਹੀ ਦੇ ਵਿਨਾਸ਼ ਤੇ ਕੁਰਾਹੇ ਪਾਉਣ ਲਈ ਵਰਤਿਆ ਜਾ ਰਿਹਾ ਹੈ, ਜਿਸ ਦੀ ਹਰਗਿਜ਼ ਆਗਿਆ ਨਹੀਂ ਦਿੱਤੀ ਜਾ ਸਕਦੀ।

ਆਸ ਹੈ ਕਿ 9 ਜੁਲਾਈ ਦੇ ਇਤਿਹਾਸਕ ਧਰਨੇ ਸਮੇਂ ਬਣੀ ਸਾਂਝੀ ਦ੍ਰਿੜਤਾ ਨੂੰ ਕਾਇਮ ਰੱਖਦੇ ਹੋਏ, ਦੂਰਦਰਸ਼ਨ ਦੁਆਰਾ ਪੰਜਾਬੀ ਸੱਭਿਆਚਾਰ ਉਪਰ ਕੀਤੇ ਜਾ ਰਹੇ ਹਮਲੇ ਨੂੰ ਭਾਂਜ ਦੇ ਕੇ ਤੇ ਮੰਗਾਂ ਮਨਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।●





## ਅਦੁੱਤੀ ਪ੍ਰਤਿਭਾ ਦਾ ਕਵੀ-ਅਮਿਤੋਜ਼

(ਕੁਝ ਕਵਿਤਾਵਾਂ)

ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਅਦੁੱਤੀ ਪ੍ਰਤਿਭਾ ਦੇ ਮਾਲਕ ਪੰਜਾਬੀ ਕਵੀ ਅਮਿਤੋਜ਼ ਨੂੰ ਜੀਉਂਦੇ ਜੀ ਵਿਸਾਰ ਦਿੱਤਾ ਹੈ। ਉਹ ਆਪਣੀ ਕਲਾ ਕੌਸਲਤਾ ਸਦਕਾ, ਅਜੋਕੇ ਦੌਰ ਦਾ ਪੰਜਾਬੀ ਕਵਿਤਾ ਵਿੱਚ ਵਿਲੱਖਣ ਸ਼ੈਲੀ, ਨਾਟਕੀ ਅੰਦਾਜ਼, ਗੱਲ ਬਾਤੀ ਢੰਗ ਤੇ ਅਨੋਖੇ ਸ਼ਬਦ ਸ਼ਿਲਪ ਦੇ ਪੱਖੋਂ ਇੱਕ ਵੱਖਰੇ ਰੰਗ ਵਾਲਾ ਪੋਢ੍ਹ ਕਵੀ ਸੀ। ਉਸ ਕੋਲ 'ਲਫਜ਼ ਮੂੰਹ ਲਟਕਾਈ ਆਉਂਦੇ ਸਨ ਤੇ ਉਹ ਉਹਨਾਂ ਨੂੰ ਕਬੂਤਰ ਬਣਾ ਉਡਾ ਦਿੰਦਾ ਸੀ।' ਐਸੇ ਕਵੀ ਦੀਆਂ ਕੁਝ ਚੋਣਵੀਆਂ ਕਵਿਤਾਵਾਂ ਉਸ ਦੇ ਕਾਵਿ-ਸੰਗ੍ਰਹਿ, 'ਖਾਲੀ ਤਰਕਸ਼' ਵਿਚੋਂ ਲੈ ਕੇ ਪੇਸ਼ ਹਨ। —*ਸੰਪਾਦਕ*

### 1. ਬੁੱਢਾ ਬੌਲਦ

ਤੈਨੂੰ ਤਾਂ ਸ਼ਾਇਦ ਹੁਣ ਉੱਕਾ ਹੀ ਯਾਦ ਨਾ ਹੋਵੇ
ਪਰ ਮੈਨੂੰ ਤਾਂ ਹੁਣ ਵੀ ਯਾਦ ਹੈ
ਜਦੋਂ ਪਹਿਲਾਂ ਪਹਿਲ ਤੇਰੀ ਲੂੰਈ ਫੁੱਟੀ ਸੀ
ਤੇ ਤੂੰ ਮੂੰਹੋਂ ਪੈਰੋਂ ਖੜ੍ਹ ਗਿਆ ਸੀ
ਓਦਣ ਨੌਂ ਸਾਓ[illegible] ਸੀ
ਖ਼ਾਨਗਾਹ ਤੇ ਚਿਰਾਗਾਂ ਦਾ ਮੇਲਾ ਲਗਿਆ ਸੀ-
'ਤੇ ਰਾਤ ਨਕਲਾਂ 'ਚ ਮੈਂ, ਤੇਰੇ ਨਾਂ ਦੀ ਵੇਲ ਕਰਾਈ ਸੀ
ਕੋਲ ਖੜ੍ਹੀ ਮਾਂ ਨੇ ਤਾੜ ਲਿਆ ਸੀ-
ਕਹਿਣ ਲੱਗੀ, "ਘਾਬਰ ਨਾ!"
ਅਜ ਤੇਰੇ 'ਬੁੱਧੂ' ਨੇ ਬੌਲਦ ਬਣਨੈ'।
ਉਹਨੇ ਪੀਰਾਂ ਲਈ ਕੱਚੇ ਮਿੱਠੇ ਦੀ ਦੇਗ ਕੀਤੀ,
ਤੇ ਤੇਰੇ ਲਈ ਕਾਠੇ ਮਸਰਾਂ ਦਾ ਕਾੜ੍ਹਾ

ਤੈਨੂੰ ਤਾਂ ਸ਼ਾਇਦ ਹੁਣ ਉੱਕਾ ਹੀ ਯਾਦ ਨਾ ਹੋਵੇ
ਪਰ ਮੈਨੂੰ ਤਾਂ ਅਜੇ ਵੀ ਐਨ ਚੰਗੀ ਤਰ੍ਹਾਂ ਯਾਦ ਹੈ
ਜਦੋਂ ਪਹਿਲਾਂ ਪਹਿਲ ਤੈਨੂੰ ਨਿੰਬੂ ਵਾਲੇ ਖੂਹ ਤੇ ਖੋਪੇ ਦਿੱਤੇ
ਤੇ ਤੂੰ ਨਵੀਂ ਆਈ ਵਹੁਟੀ ਵਾਂਗ ਸੰਗ ਸੰਗ ਕੇ ਤੁਰਿਆ।
ਮੈਂ ਗਾੜ੍ਹੀ ਤੇ ਬੈਠੇ ਨੇ ਲਲਕਾਰਾ ਮਾਰਿਆ ਸੀ
"ਮਰ ਜੋਂ ਅੰਨ੍ਹਿਆ ਦ੍ਹੀਦਾ ਨਹੀਂ ਤੈਨੂੰ"
ਕੋਲ ਖੜੀ ਮਾਂ ਹੱਸ ਪਈ ਸੀ—
ਕਹਿਣ ਲੱਗੀ :
"ਤੁਸੀਂ ਦੋਵੇਂ ਇੱਕ ਜੇਹੇ ਹੈ
ਕਾਲੇ ਗਭਰੋਟੀਏ ਤੇ ਸ਼ੈਤਾਨ ਦੀ ਟੂਟੀ"
ਉਹ ਕਦੇ ਕਦੇ ਮੇਰੀ ਸੌਂਹ ਤਾਂ ਚੁੱਕ ਲੈਂਦੀ
ਪਰ ਤੇਰੀ ਕਦੇ ਨਾ
ਕਹਿੰਦੀ ਇਹ ਤਾਂ ਮੇਰਾ ਕਮਾਊ ਪੁੱਤ ਹੈ।
ਤੇ ਫੇਰ ਤੂੰ ਕਮਾਊ ਪੁੱਤ ਬਣਿਆ

ਖੇਤਾਂ ਤੇ ਸਿਆੜਾ ਵਿੱਚ ਕੈਦ ਹੋ ਗਿਆ
ਮੈਂ ਜਾ ਚੜ੍ਹਿਆ ਹਿਰਨਾਂ ਦੇ ਸਿੰਙੀਂ
ਤੇ ਰਫ਼ਤਾ ਰਫ਼ਤਾ ਜਾ ਪਹੁੰਚਿਆ ਵਿਸ਼ਵ ਵਿਦਿਆਲੇ 'ਚ

ਯੂਨੀਵਰਸਿਟੀ ਵਿਚ ਵੀ ਕਿੰਨੀ ਰੌਣਕ ਸੀ-
ਪੰਜ ਕਲਿਆਣੀਆਂ ਕੱਟੀਆਂ ਦੀ - ਬਗਲੋਲ ਢੱਗਿਆਂ ਦੀ
ਲੰਡੇ ਕੱਟਿਆਂ ਦੀ ਤੇ ਵਲੈਤਣ ਵੱਛੀਆਂ ਦੀ
ਪਰ ਉਸ ਸਾਰੀ ਭੀੜ 'ਚੋਂ
ਮੈਨੂੰ ਜਦ ਵੀ ਤੇਰੀਆਂ ਨੀਲੀਆਂ ਬਲੌਰਾਂ ਵਰਗੀਆਂ-
ਅੱਖਾਂ ਚੇਤੇ ਆਉਂਣਦੀਆਂ
ਤਾਂ ਲਾਇਬ੍ਰੇਰੀ ਦੇ ਸ਼ੈਲਫ਼
ਮੈਨੂੰ ਖੁਰਲੀਆਂ ਵਰਗੇ ਲਗਦੇ
ਕਲਾਸ ਰੂਮ 'ਚ ਮੈਨੂੰ ਮੱਖ ਲੜਦੀ
ਤੇ ਮੇਰਾ ਚਿੱਤ ਕਰਦਾ-
ਹੁਣੇ ਉੱਡ ਕੇ ਤੇਰੇ ਕੋਲ ਪਹੁੰਚ ਜਾਵਾਂ
ਤੇਰੇ ਮੱਥੇ ਤੋਂ ਮਖੇਰਨਾ ਪਰ੍ਹਾਂ ਕਰਾਂ
ਤੇ ਤੈਨੂੰ ਖੜ੍ਹੇ ਖਲੋਤੇ ਨੂੰ ਟੱਪ ਜਾਵਾਂ
ਪਰ ਮੈਥੋਂ ਤਾਂ ਇਕ ਲਾਂਘ ਵੀ ਨਾ ਪੁੱਟੀ ਗਈ
ਹੁਣ ਤੈਨੂੰ ਕੀ ਦੱਸਾਂ ?
ਤੂੰ ਕੀ ਸਮਝੇਂਗਾ ?
ਕਿ ਉਸ ਸ਼ਹਿਰ ਦੇ ਪੱਥਰਾਂ ਵਿੱਚ
ਜਾਦੂ ਹੀ ਕੋਈ ਅਜੇਹਾ ਹੈ-

ਕਿ ਜੋ ਵੀ ਕੋਈ ਉਥੇ
ਪਹਿਲਾਂ ਆਪਣੇ ਦੁਆਲੇ ਇਕ ਕੈਦ ਸਿਰਜਦਾ ਹੈ
ਤੇ ਫਿਰ ਸਾਰੀ ਉਮਰ ਨੀਲੀਆਂ ਬਲੌਰਾਂ ਵਰਗੀਆਂ
ਅੱਖਾਂ ਲਈ ਤਰਸਦਾ ਹੈ।
ਅੱਜ ਤੂੰ ਮੇਰੇ ਵਲ ਕਿੰਜ ਖਾਲੀ ਖਾਲੀ ਅੱਖਾਂ ਨਾਲ-
ਘੂਰ ਰਿਹਾ ਏਂ?
ਜਿਵੇਂ ਪੁੱਛ ਰਿਹਾ ਹੋਵੇਂ,
ਕਿ ਕਿਥੇ ਰੋੜ੍ਹ ਆਇਆ ਹਾਂ
ਤੇਰੀ ਵਰ੍ਹਿਆਂ ਦੀ ਕਮਾਈ-
ਤੇਰੀ ਚੜ੍ਹਦੀ ਜਵਾਨੀ ਦੀ ਰਾਂਗਲੀ ਉਮਰ
ਤੇ ਤੇਰੀਆਂ ਨੀਲੀਆਂ ਬਲੌਰਾਂ ਵਰਗੀਆਂ ਅੱਖਾਂ ਦੀ ਲਿਸ਼ਕ
ਤੇ ਮੈਂ ਨਿਰ-ਉੱਤਰ ਸ਼ਰਮਸਾਰ ਜੇਹਾ
ਤੇਰੇ ਅੱਗੇ ਪੋਥਿਆਂ ਦੀ ਇਕ ਟੋਕਰੀ ਸੁੱਟ ਦੇਂਦਾ ਹਾਂ
ਜਿਵੇਂ
ਕੋਈ ਆਪਣੇ ਮਰੇ ਹੋਏ ਬਾਪ ਦਾ ਸਰਾਧ ਕਰ ਰਿਹਾ ਹੋਵੇ।
ਤੈਨੂੰ ਤਾਂ ਸ਼ਾਇਦ ਹੁਣ ਉੱਕਾ ਹੀ ਯਾਦ ਨਾ ਹੋਵੇ।



## 2. ਸੰਧਿਆ

ਮੇਰੇ ਪਿੰਡ ਵਿੱਚ ਸੂਰਜ ਕੁਝ ਹੋਰ ਤਰ੍ਹਾਂ ਡੁੱਬਦਾ ਹੈ

ਤੁਹਾਡੇ ਸ਼ਹਿਰ ਵਾਂਗ ਨਹੀਂ
ਕਿ ਬਾਲਕੋਨੀ ਤੋਂ ਕੜੱਚ ਦੇਣੀ ਸੜਕ ਤੇ ਡਿੱਗੇ
ਤੇ ਇਕ ਦਮ, ਦਮ ਤੋੜ ਜਾਏ
ਮੇਰੇ ਪਿੰਡ ਸੂਰਜ ਕੁਝ ਹੋਰ ਤਰ੍ਹਾਂ ਡੁੱਬਦਾ ਹੈ

ਹਾਲਾਂ ਕਿ ਉਹ ਜਾਣਦਾ ਹੈ
ਕਿ ਭਲਕੇ ਉਸ ਫੇਰ ਪਰਤ ਆਉਣਾ ਹੈ
ਪਰ ਜਾਣ ਲੱਗਿਆ ਉਹ ਡੈਂਬਰੇ ਹੋਏ ਬਾਲ ਵਾਂਗ
ਬੜੀ ਅੜੀ ਕਰਦਾ ਹੈ
ਰਾਤ ਭਰ ਦੇ ਵਿਛੋੜੇ ਨੂੰ ਬੜਾ ਦਿਲ ਤੇ ਲਾਉਂਦਾ ਹੈ
ਕਦੇ ਉਹ ਸੁਨਹਿਰੀ ਭੂੰਡੀ ਵਾਂਗ,
ਸਣ ਦੇ ਫੁੱਲਾਂ ਤੇ ਖੇਡਦਾ ਹੈ
ਕਦੇ ਉਹ ਜੰਗਲੀ ਬਿੱਲੇ ਵਾਂਗ
ਮੋਢੇ ਕਮਾਦ ਵਿੱਚ ਲੁਕਦਾ ਹੈ
ਕਦੇ ਉਹ ਟੁੱਟੀ ਪਤੰਗ ਵਾਂਗ
ਕਬਰਾਂ ਦੀਆਂ ਕਿੱਕਰਾਂ ਵਿਚ ਫਸਦਾ ਹੈ
ਕਦੇ ਉਹ ਔਂਤਰੀ ਕਰਤਾਰੀ ਦੇ ਦੀਵੇ ਵਾਂਗ
ਖ਼ਾਨਗਾਹ ਤੇ ਬਲਦਾ ਹੈ
ਦੱਸਿਆ ਨਾ,
ਜਾਣ ਲੱਗਿਆ ਬੜੀ ਅੜੀ ਕਰਦਾ ਹੈ

ਪਹਿਲਾਂ ਮਸੀਤ ਦੇ ਗੁਬੰਦ ਪਿਛਾੜੀ
ਲੋਟਨ ਕਬੂਤਰ ਵਾਂਗ ਇੱਕ ਬਾਜ਼ੀ ਪਾਉਂਦਾ ਹੈ
ਫਿਰ ਪਹਿਲਣਾਂ ਲਵੇਰੀਆਂ ਨਾਲ
ਢਾਬ ਵਿੱਚ ਇਕ ਤਾਰੀ ਲਾਉਂਦਾ ਹੈ
ਟਿੱਬੇ ਤੇ ਕੌਡੀ ਖੇਡਦੇ ਨਿਆਣਿਆਂ ਨੂੰ
ਘਰੋ ਘਰੀ ਪਹੁੰਚਾਉਂਦਾ ਹੈ
ਰਹਿਰਾਸ ਸੁਣਦਾ ਤੇ
ਡੰਡਾਉਤ ਕਰਦਾ ਹੈ,
ਪੀਰ-ਫ਼ਕੀਰ ਧਿਆਉਂਦਾ ਹੈ
ਦੱਸਿਆ ਨਾ,
ਰਾਤ ਭਰ ਦੇ ਵਿਛੋੜੇ ਨੂੰ ਬੜਾ ਦਿਲ ਤੇ ਲਾਉਂਦਾ ਹੈ

ਤੁਹਾਡੇ ਸ਼ਹਿਰ ਵਾਂਗ ਨਹੀਂ
ਕਿ ਬਾਲਕੋਨੀਂ ਤੋਂ ਕੜੱਚ ਦੇਣੀ ਸੜਕ ਤੇ ਡਿੱਗੇ
ਤੇ ਇਕ ਦਮ, ਦਮ ਤੋੜ ਜਾਏ
ਮੇਰੇ ਪਿੰਡ ਸੂਰਜ ਕੁਝ ਹੋਰ ਤਰ੍ਹਾਂ ਡੁੱਬਦਾ ਹੈ

## 3. ਪਰਭਾਤ

ਮੇਰੇ ਪਿੰਡ ਪਰਭਾਤ ਕੁਝ ਹੋਰ ਤਰ੍ਹਾਂ ਦੀ ਹੁੰਦੀ ਹੈ

ਤੁਹਾਡੇ ਵਾਂਗ ਨਹੀਂ
ਕਿ ਮਿਲਕ ਬੂਥ ਤੋਂ ਤੁਰੇ
ਤੇ ਡਾਇਨਿੰਗ ਟੇਬਲ ਤੱਕ ਪਹੁੰਚਦੇ ਪਹੁੰਚਦੇ
ਸੜੇ ਹੋਏ ਟੋਸਟਾਂ ਨਾਲ ਨਿਗਲੀ ਜਾਏ
ਮੇਰੇ ਪਿੰਡ ਪਰਭਾਤ ਕੁਝ ਹੋਰ ਤਰ੍ਹਾਂ ਹੁੰਦੀ ਹੈ

ਚਾਟੀਆਂ ਵਿੱਚ ਦਹੀਂ ਦੀ ਫੁੱਟੀ
ਹਾਲੇ ਗੌਂ ਰਹੀ ਹੁੰਦੀ ਹੈ
ਨਿਆਈਆਂ 'ਚ ਹੰਡਾਲੀਆਂ ਦੀ ਛਿਛਕ
ਹਾਲੇ ਰੌਂ ਰਹੀ ਹੁੰਦੀ ਹੈ
ਅਲਾਣੀਆਂ ਮੰਜੀਆਂ ਤੇ ਤੰਦੂਰੀ ਅੱਗ
ਹਾਲ ਸੌਂ ਰਹੀ ਹੁੰਦੀ ਹੈ
ਫਿਰਨੀ ਵਿਚ ਖੁਰੇ ਨੱਪਦੀ ਪੰਚੈਤ,
ਹਾਲੇ ਭੌਂ ਰਹੀ ਹੁੰਦੀ ਹੈ
ਉਸ ਘੜੀ ਮੇਰੇ ਪਿੰਡ ਪਰਭਾਤ ਹੁੰਦੀ ਹੈ

ਚੱਪਾ ਕੁ ਪਹਿਰ ਰਾਤ
"ਸਰਵਣ ਦੀ ਵਹਿੰਗੀ"
'ਚ ਹਾਲੇ ਤੁਲ ਰਹੀ ਹੁੰਦੀ ਹੈ
ਪਹਿਲ ਵਰੇਸ-ਉਮਰਾਂ ਦੀ ਹਨ੍ਹੇਰੀ
ਹਾਲੇ ਝੁੱਲ ਰਹੀ ਹੁੰਦੀ ਹੈ
ਤਕਾਲਾਂ ਦੀ ਤੋਬਾ
ਤੜਕੇ ਦੀ ਤੋਟ ਕਰਕੇ ਭੁੱਲ ਰਹੀ ਹੁੰਦੀ ਹੈ
ਢਾਬ ਦੇ ਪਾਣੀਆਂ ਵਿੱਚ ਸੰਖ ਦੀ ਵਾਜ
ਹਾਲੇ ਘੁਲ ਰਹੀ ਹੁੰਦੀ ਹੈ
ਉਸ ਘੜੀ ਮੇਰੇ ਪਿੰਡ ਪਰਭਾਤ ਹੁੰਦੀ ਹੈ

ਤੁਹਾਡੇ ਸ਼ਹਿਰ ਵਾਂਗ ਨਹੀਂ
ਕਿ ਮਿਲਕ ਬੂਥ ਤੋਂ ਤੁਰੇ
ਤੇ ਡਾਇਨਿੰਗ ਟੇਬਲ ਤੱਕ ਪਹੁੰਚਦੇ-ਪਹੁੰਚਦੇ
ਸੜੇ ਹੋਏ ਟੋਸਟਾਂ ਨਾਲ ਨਿਗਲੀ ਜਾਏ।

●



## 4. ਲਾਹੌਰ ਦੇ ਨਾਂ ਇਕ ਖ਼ਤ

ਮੇਰੇ ਪਿਆਰੇ ਚਾਰ ਜਾਨ!
ਬਸ਼ੀਰ ਮੁਹੰਮਦ ਉਰਫ਼ ਸ਼ੀਰੂ ਨੂੰ
ਸਲਾਮ ਪਹੁੰਚੇ !
ਆਦਾਬ ਪਹੁੰਚੇ !

ਚਾਚਾ
ਤੇਰੇ ਜਾਣ ਤੋਂ ਤੁਰੰਤ ਬਾਦ
ਤੂੰ ਜੋ ਮਾਸੂਮ ਕਬੂਤਰ ਪਾਲੇ ਸਨ,
ਉਹ ਤਾਂ ਮਰ ਗਏ
ਪਰ ਖੁੱਡਿਆਂ 'ਚ ਆਪਣੀ ਬਦਬੂ ਛੱਡ ਗਏ

ਬਸ਼ੀਰ ਚਾਚਾ
ਉਹ ਪੱਗ ਜੋ ਤੂੰ ਆਪਣੇ ਦੋਸਤ ਨਾਲ ਬਦਲੀ ਸੀ
ਹੁਣ ਕਿਸੇ ਦਿਨ ਵੀ
ਮੇਰੇ ਸਿਰ ਤੇ ਬੱਝ ਸਕਦੀ ਹੈ
(ਬਾਪੂ ਦੀ ਹਾਲਤ ਖ਼ਰਾਬ ਹੈ)
ਤੇ ਮੈਂ ਨਹੀਂ ਚਾਹੁੰਦਾ
ਕਿ 'ਖ਼ੂਨ ਦੇ ਦਾਗ਼' ਮੇਰੇ ਸਿਰ ਸੱਜਣ

ਇਸ ਲਈ ਇਸ ਖ਼ਤ ਨੂੰ
ਖ਼ਤ ਨਹੀਂ
ਤਾਰ ਸਮਝਣਾ
ਤੇ ਪੜ੍ਹਦਿਆਂ ਹੀ ਵਾਪਸੀ-ਡਾਕ ਤੇ
ਪਿੰਡ ਵਾਪਿਸ ਆ ਜਾਣਾ
"ਬੁੱਢੇ ਰੁੱਖ ਨੇ ਟੁੱਟਣਾ ਹੀ ਹੈ ਕਿ ਇਕ ਦਿਨ ਆਖ਼ਿਰ"
ਕਹਿਕੇ ਟਾਲਣ ਦੀ ਕੋਸ਼ਿਸ਼ ਨਾ ਕਰੀਂ

ਚਾਚਾ!
ਤੇਰੇ ਭਰਾ ਦੇ ਬੀਮਾਰ ਬੁੱਲ੍ਹਾਂ ਤੇ
ਇਹ ਸ਼ੇਅਰ ਹਰ ਵੇਲੇ ਤੜਪਦਾ ਹੈ
"ਮਿਟ ਗਿਆ ਜਦ ਲਿਖਣ ਵਾਲਾ ਫਿਰ ਪੈਗ਼ਾਮ ਆਇਆ ਤੇ ਕੀ"
ਉਹਦੀ ਖੱਬੀ ਜੇਬ 'ਚ ਪਈ ਤੇਰੀ ਘੜੀ
ਉਹਦੇ ਦਿਲ ਦੀ ਤਰ੍ਹਾਂ ਹੀ ਰੁਕ ਰੁਕ ਜਾਂਦੀ ਹੈ
ਪਰ ਚਾਚੀ ਦੀ ਅਮਾਨਤ
ਸਿਲਾਈ ਮਸ਼ੀਨ, ਮਾਂ ਨੇ ਸੰਭਾਲ ਰੱਖੀ ਹੈ
ਉਸਦਾ ਵਿਸ਼ਵਾਸ਼ ਹੈ ਕਿ
ਲੀਰਾਂ ਅਜੇ ਵੀ ਸੀਤੀਆਂ ਜਾ ਸਕਦੀਆਂ ਹਨ।
ਚਾਚੀ ਦੀ ਸਿਹਤ ਕਿਵੇਂ ਹੈ ?

ਉਹ ਬਹੁਤ ਤਗੜੀ ਔਰਤ ਸੀ
ਮੈਨੂੰ ਤੇ ਅਰਸ਼ਦ ਨੂੰ
ਇੱਕੋ ਵਾਰ ਆਪਣਾ ਦੁੱਧ ਪਿਆ ਦੇਂਦੀ ਸੀ
ਅਰਸ਼ਦ ਤਾਂ ਹੁਣ ਬਹੁਤ ਵੱਡਾ ਹੋ ਗਿਆ ਹੋਵੇਗਾ ਮੇਰੇ ਵਾਂਗ
ਅਜਕੱਲ੍ਹ ਕਿਹੜੀ ਕਲਾਸ ਵਿੱਚ ਹੈ?
ਆਰਟਸ ਪੜ੍ਹਦਾ ਹੈ ਕਿ ਸਾਇੰਸ?
ਕਿਤੇ ਫੌਜ 'ਚ ਭਰਤੀ ਤੇ ਨਹੀਂ ਹੋ ਗਿਆ?

ਮਾਂ ਦੱਸਦੀ ਹੈ,
ਉਹ ਬੜਾ ਗੁਸੈਲ ਤੇ ਜ਼ਿੱਦੀ ਸੀ
ਜੇ ਉਹ ਉਹਨੂੰ ਉਠਾਣ 'ਚ
ਥੋੜ੍ਹੀ ਜਿਹੀ ਵੀ ਦੇਰ ਕਰ ਦਿੰਦੀ
ਤਾਂ ਮੇਰੇ ਵਾਲ ਪੁੱਟਣ ਲੱਗ ਜਾਂਦਾ
ਮੈਨੂੰ ਉਸਦੀ ਬਹੁਤ ਯਾਦ ਆਉਂਦੀ ਹੈ
ਕੀ ਉਹਨੂੰ ਵੀ ਕਦੇ ਮੇਰੀ ਯਾਦ?
ਕੀ ਤੁਸੀਂ ਉਹਨੂੰ ਮੇਰੇ ਬਾਰੇ ਕਦੀ
ਕੁਝ ਨਹੀਂ ਦੱਸਿਆ?
ਇਹ ਵੀ ਨਹੀਂ
ਕਿ ਅਸੀਂ ਦੋਵੇਂ ਇਕੋ ਹੀ ਗੁੱਡੀ ਨਾਲ ਖੇਡਦੇ ਸੀ
ਇਕ ਹੀ ਗੁੱਡੀ ਲਈ ਲੜਦੇ ਸਾਂ
ਉਹਨੂੰ ਕਹਿਣਾ ਅੱਜ ਇਥੇ ਲੜਾਈ ਸ਼ੁਰੂ ਹੈ
ਬਹੁਤ ਲੰਬੀ ਲੜਾਈ

ਚਾਚਾ!
ਤੇਰੀ ਤੇ ਬਾਪੂ ਦੀ ਮਾਰ ਤੋਂ ਡਰਦਾ
ਮਟਮੈਲਾ ਖਰਗੋਸ਼ ਤਾਂ ਭੱਜ ਗਿਆ
ਪਰ ਆਪਣੀ ਜਗ੍ਹਾ ਕੁਰਸੀ ਤੇ ਕਾਲਾ ਨਾਗ ਰੱਖ ਗਿਆ
ਮਾਂ ਕਹਿੰਦੀ ਹੈ
ਜੇ ਅੱਜ ਅਰਸ਼ਦ ਤੇਰੇ ਨਾਲ ਹੁੰਦਾ ਤਾਂ ਨਾਗ
ਦਾ ਸਿਰ ਤੇਰੇ ਕਦਮਾਂ ਥੱਲੇ ਹੁੰਦਾ
ਹਾਂ ਚਾਚਾ !
ਸੁਣਿਆ ਹੈ ਤੂੰ ਹਾਂਡੀ ਦਾ ਮੀਟ
ਭੁੰਨਿਆਂ ਕਰਦਾ ਸੀ
ਜਦੋਂ ਤੂੰ ਪਿੰਡ ਆਵੇਂਗਾ
ਤਾਂ ਤੈਨੂੰ ਮੈਂ ਹਾਂਡੀ ਦੇ ਮੀਟ ਵਰਗੀਆਂ
ਆਪਣੀਆਂ ਕਵਿਤਾਵਾਂ ਸੁਣਾਵਾਂਗਾ

*(15, ਦੂਰ-ਦਰਸ਼ਨ ਐਨਕਲੇਵ, ਜਲੰਧਰ)*



## ਗੀਤ/ਪ੍ਰੋ. ਅਨੂਪ ਵਿਰਕ

ਜੋ ਦਰਦ ਪਛਾਣੇ ਰਾਤਾਂ ਦਾ ਕੋਈ ਐਸਾ ਸੂਰਜ ਭਾਲ ਰਿਹਾਂ
ਹੋਵੇ ਹਰ ਹਰਫ਼ ਚਿਰਾਗ਼ ਜਿਹਾ ਗੀਤਾਂ ਦੇ ਦੀਵੇ ਬਾਲ ਰਿਹਾਂ

ਮੈਂ ਵਕਤ ਵਿਛੋੜਾ ਹਾਸ਼ਮ ਦਾ ਉਦਰੇਵਾਂ ਤਖਤ ਹਜ਼ਾਰੇ ਦਾ
ਸ਼ਿਕਵਾ ਹਾਂ ਸ਼ਾਹ ਮੁਹੰਮਦ ਦਾ ਬੇਦਾਵਾ ਮਿੱਤਰ ਪਿਆਰੇ ਦਾ
ਹਾਂ ਵਾਰਸ਼ ਵਿਰਸਾ ਸ਼ਾਇਰਾਂ ਦਾ ਪਰ ਸ਼ਾਇਰੀ ਬਾਝ ਕੰਗਾਲ ਰਿਹਾਂ

ਹੱਦਾਂ ਸਰਹੱਦਾਂ ਕੀ ਜਾਨਣ ਦੁੱਖ ਦਰਦ ਨੇ ਜੋ ਦਰਿਆਵਾਂ ਦੇ
ਪਾਣੀ ਦੇ ਵੀ ਦੋ ਸਿਰਨਾਵੇਂ ਨੇ, ਨਾਂ ਵੱਖ ਵੱਖਰੇ ਮਾਵਾਂ ਦੇ
ਨਫ਼ਰਤ ਦੇ ਸਿੱਕੇ ਰਹੇ ਢਲਦੇ ਬਣਿਆ ਮੈਂ ਉਹ ਟਕਸਾਲ ਰਿਹਾਂ।

ਜਿਸ ਫੁੱਲ ਦੀ ਮਹਿਕ ਮੁਹੱਬਤ ਸੀ, ਉਹ ਪੱਤੀ ਪੱਤੀ ਬਿਖਰ ਗਿਆ
ਦੁੱਖ ਸੁੱਖ ਦਾ ਸੂਰਜ ਸਾਂਝਾ ਸੀ ਅੱਜ ਚਾਨਣ ਉਹਦਾ ਕਿਧਰ ਗਿਆ?
ਇਸ ਸਦੀ ਦੀ ਜੋ ਸ਼ਰਮਿੰਦਗੀ ਹੈ ਉਸ ਦੀ ਮੈਂ ਬਣ ਤਿਰਕਾਲ ਰਿਹਾਂ।

ਇਹ ਕੇਹੜੀ ਹੋਣੀ ਵਰਤ ਗਈ, ਸਾਡੇ ਵਿਚ ਏਨਾ ਫਰਕ ਪਿਆ
ਕੋਈ ਧਰਮ ਹੀ ਮੈਨੂੰ ਦੱਸ ਦੇਵੇ, ਕਿਉਂ ਆਦਮ ਏਨਾ ਗਰਕ ਪਿਆ।
ਸੱਚ ਕਹਿਣੋਂ ਸ਼ਾਇਰ ਵੀ ਸੰਗਦਾ ਏ, ਮੈਂ ਖੁਦ ਵੀ ਕਰ ਇਕਬਾਲ ਰਿਹਾਂ।

ਸ਼ਬਦਾਂ ਦਾ ਅਰਥ ਗੁਆਚੇ ਨਾ, ਮਨ ਮੇਰੇ ਇਹੋ ਫਿਕਰ ਪਿਆ,
ਜੋ ਨੂਰ ਇਲਾਹੀ ਬਾਣੀ ਦਾ ਕਿਉਂ ਚੇਤੇ ਵਿਚੋਂ ਵਿਸਰ ਗਿਆ।
ਜੋ ਸਿੰਘ ਸਿਰਜਿਆ ਗੋਬਿੰਦ ਨੇ ਇਸ ਖਲਕਤ ਵਿਚੋਂ ਭਾਲ ਰਿਹਾਂ

ਧੀਆਂ ਜਿਹੀ ਫਸਲ ਪਿਆਰੀ ਨੂੰ ਅੱਜ ਵੀ ਅਬਦਾਲੀ ਲੁੱਟਦਾ ਏ,
ਰੱਬ, ਰਾਜੇ, ਰਾਵਣ ਇਕ ਕਿਉਂ ਧਰਤੀ ਨੂੰ ਹਾਲੀ ਪੁੱਛਦਾ ਏ,
ਖੁਦਕੁਸ਼ੀ ਨਾ ਉੱਗੇ ਖੇਤਾਂ 'ਚ ਮੈਂ ਐਸੀ ਫ਼ਸਲ ਸੰਭਾਲ ਰਿਹਾਂ,

ਕਿੱਸਾ ਜੋ ਕ੍ਰਿਸ਼ਨ ਸੁਦਾਮੇ ਦਾ ਅੱਜ ਸਾਰੇ ਅਰਥ ਗੁਆ ਬੈਠਾ,
ਦਿੱਲੀ ਹੈ ਰਥ ਦਰਯੋਧਨ ਦਾ ਅਰਜਨ ਹੈ ਉਸ ਵਿਚ ਜਾ ਬੈਠਾ,
ਮੇਰੀ ਭੀਸ਼ਨ ਜਿਹੀ ਮਜਬੂਰੀ ਹੈ, ਅੱਜ ਤੀਕਰ ਉਸਨੂੰ ਟਾਲ ਰਿਹਾਂ

ਅਯੁਧਿਆ ਵਿਚ ਅਜੇ ਹਨੇਰਾ ਹੈ, ਉਹਦਾ ਦਰਦ ਦੀਵਾਲੀ ਕੀ ਜਾਣੇ।
ਕਿਉਂ ਮਸਜਿਦ ਥਰ ਥਰ ਕੰਬਦੀ ਹੈ, ਇਸ ਬਾਗ ਦਾ ਮਾਲੀ ਹੀ ਜਾਣੇ।
ਜਿਹੜੀ ਸਾੜੇ ਅੱਗ ਮਾਸੂਮਾਂ ਨੂੰ, ਮੈਂ ਖੁਦ ਵੀ ਸੜਦਾ ਨਾਲ ਰਿਹਾਂ

ਮੇਰਾ ਮੁਰਸ਼ਦ ਬੁੱਲ੍ਹੇ ਸ਼ਾਹ ਹੋਵੇ ਮੇਰੀ ਕਾਇਆਂ ਵਿਚ ਕਬੀਰ ਰਹੇ।
ਮੇਰੀ ਰੂਹ ਰਵਿਦਾਸ ਦਾ ਰੂਪ ਰਹੇ ਮੇਰੇ ਅੰਗ ਸੰਗ ਮੀਆਂ ਮੀਰ ਰਹੇ।
ਮਨ ਮਸਤਕ ਵਿੱਚ ਮਰਦਾਨਾ ਹੈ ਹਰ ਯੁੱਗ ਵਿਚ ਨਾਨਕ ਨਾਲ ਰਿਹਾਂ

ਜੋ ਦਰਦ ਪਛਾਣੇ ਰਾਤਾਂ ਦਾ ਕੋਈ ਐਸਾ ਸੂਰਜ ਭਾਲ ਰਿਹਾਂ
ਹੋਵੇ ਹਰ ਹਰਫ ਚਿਰਾਗ਼ ਜਿਹਾ ਗੀਤਾਂ ਦੇ ਦੀਵੇ ਬਾਲ ਰਿਹਾਂ

*(22 ਏ, ਖਾਲਸਾ ਕਾਲਜ ਕਲੋਨੀ, ਪਟਿਆਲਾ)*

1. **ਸੂਹੇ ਸੁਪਨਿਆਂ ਦਾ ਦੁਸ਼ਾਲਾ/*ਜਸਬੀਰ ਕੇਸਰ***

ਕਿੰਨੇ ਆਪਣੇ ਸਨ
ਜ਼ਿੰਦਗੀ ਦੇ ਉਹ ਵਰ੍ਹੇ
ਜਦ ਹਨੇਰੀਆਂ ਰਾਤਾਂ ਵਿਚ
ਨੰਗੇ ਅਸਮਾਨ ਥੱਲੇ
ਸੂਹੇ ਸੁਪਨਿਆਂ ਦਾ
ਦੁਸ਼ਾਲਾ ਤਾਣ ਕੇ ਸੌਂਦੇ ਸਾਂ।
ਤੇ ਪੂਰਬ ਦੀ ਗੁੱਠ ਵਿਚੋਂ
ਉਗਮਣ ਵਾਲੀ ਹਰ ਗੁਲਾਬੀ ਸਵੇਰ
ਧੁਪਹਿਲੀ ਦੁਪਹਿਰ ਦਾ ਸੁਨੇਹਾਂ ਦੇਂਦੀ
ਵਰ ਦੀ ਆਸ ਵਿਚ ਬੈਠੀ
ਕਿਸੇ ਸਲੋਹੀ ਮੁਟਿਆਰ ਵਾਂਗ ਕਨਪਟੀਆਂ ਤੱਕ ਲਾਲ ਹੋ ਜਾਂਦੀ ਸੀ।

ਜਦੋਂ ਗੁਆਂਢੀ ਦੇ ਬਨੇਰੇ 'ਤੇ
ਜਗਦੇ ਚਿਰਾਗ ਦੀ ਲੋਅ ਵੀ
ਸੁਨਸਾਨ ਰਾਹਾਂ ਦੀ ਰੌਣਕ ਬਣ
ਨਾਲ ਹੋ ਲੈਂਦੀ ਸੀ
ਤੇ ਪੈਰਾਂ ਹੇਠ ਵਿਛੇ
ਮਾਰੂਥਲ ਦਾ ਸਫ਼ਰ
ਬਸ ਦੋ ਡਿੰਘਾਂ ਦੀ ਮਾਰ ਲਗਦਾ ਸੀ
ਜਿਸ ਦੇ ਪਾਰ ਦਾ ਨਖਲਿਸਤਾਨ
ਬਾਹਾਂ ਅੱਡੀ
'ਖੁਸ਼ਆਮਦੀਦ' ਕਹਿਣ ਲਈ ਤਿਆਰ ਜਾਪਦਾ ਸੀ।

ਉਦੋਂ ਭੁੱਲ ਜਾਂਦਾ ਸੀ
ਤਿੱਖੜ ਦੁਪਹਿਰ ਵਿਚ
ਪੈਰਾਂ ਹੇਠ ਮਚਦੀ ਰੇਤ ਦਾ ਸੇਕ
ਜਦੋਂ ਸੁਰਮਈ ਸ਼ਾਮਾਂ ਵਿਚ



ਘੁਲ ਜਾਂਦਾ ਸੀ
ਸੂਹੇ ਸੁਪਨਿਆਂ ਦਾ ਗੁਲਾਲ
ਤੇ ਜ਼ਿੰਦਗੀ ਦਾ ਮੂੰਹ
ਕਿੰਨਾ ਪਾਰਦਰਸ਼ੀ ਤੇ
ਸਾਫ਼ ਸਫ਼ਾਫ ਲਗਦਾ ਸੀ
ਕਿਸੇ ਨਵੇ ਜੰਮੇ ਬਾਲ ਦੀਆਂ ਅੱਖਾਂ ਜਿਹਾ।
ਉਦੋਂ ਤਾਂ
ਕੱਚਿਆਂ 'ਤੇ ਤਰਨ ਦਾ ਰੁਮਾਂਸ ਵੀ
ਝਨਾਂ ਲੰਘ ਜਾਣ ਦੀ
ਪੱਕੀ ਸਨਦ ਲਗਦਾ ਸੀ।

ਉਦੋਂ ਕਿਸ ਨੂੰ ਚੇਤਾ ਸੀ
ਗੜ੍ਹੇਮਾਰੀਆਂ ਰੁੱਤਾਂ ਵਿਚ
ਪੱਛੋਂ ਦੇ ਡਾਂਜੇ ਦਾ
ਤੇ ਪੈਰਾਂ ਹੇਠਲੀ ਮਿੱਟੀ ਵਿਚੋਂ
ਉਠਦੇ ਵਾਵਰੋਲਿਆ ਦਾ!
ਤੇ ਕੌਣ ਜਾਣਦਾ ਸੀ
ਕਿ ਸੁਪਨਿਆਂ ਦੇ ਦੁਸ਼ਾਲੇ
ਕਰੁੱਤੀਆਂ ਹਵਾਵਾਂ ਦੇ ਕਹਿਰ ਨਾਲ
ਤਾਰ ਤਾਰ ਹੀ ਨਹੀ ਹੁੰਦੇ
ਉੱਡ ਵੀ ਜਾਂਦੇ ਨੇ।

ਪਰ ਉਹ ਤਾਂ
ਜੋਸ਼ੀਲੇ ਸਰਗਰਮ ਦਿਨਾਂ ਦੀ ਬਾਤ ਸੀ
ਤੇ ਉਦੋਂ ਕਿਸ ਨੂੰ ਪਤਾ ਸੀ
ਕਿ ਬਾਤਾਂ ਦੀ ਉਮਰ
ਰਾਤਾਂ ਨਾਲੋਂ ਕਿਤੇ ਛੋਟੀ ਹੁੰਦੀ ਹੈ!
ਕਿ ਬਾਤਾਂ ਦੀ ਉਮਰ
ਰਾਤਾਂ ਨਾਲੋਂ ਕਿਤੇ ਛੋਟੀ ਹੁੰਦੀ ਹੈ! ●

## 2. ਡੰਡੀਆਂ ਤੋਂ ਰਸਤੇ ਦੀ ਤਲਾਸ਼/*ਤਸਕੀਨ*

ਮੈਂ ਬੇਚੈਨ ਕਿਉਂ ਹਾਂ
ਘਰ ਦੀ ਚਾਰ ਦੀਵਾਰੀ ਅੰਦਰ
ਬਹੁਤ ਕੁਝ ਤਾਂ ਮੇਰਾ ਆਪਣਾ ਹੈ
ਮੇਰੀ ਮਾਂ, ਮੇਰਾ ਬਾਪੂ, ਭਾਈ ਤੇ ਬੱਚੇ
ਕਿਨ੍ਹੇ ਦੌੜੇ ਸੀ ਉਹ
ਤੇ ਦੌੜੇ ਹੀ ਜਾਂਦੇ ਨੇ
ਇਸ ਚਾਰ ਦੀਵਾਰੀ ਨੂੰ ਘਰ ਬਣਾਵਣ ਦੇ ਲਈ
ਪਰ ਕਈ ਚਿਰਾਂ ਤੋਂ
ਮੇਰੇ ਘਰ ਨੂੰ ਘਰ ਨੇ ਖਾ ਲਿਆ ਹੈ
ਹੁਣ ਮੈਂ ਭਟਕਿਆਂ ਹਾਂ
ਘਰ ਦੀ ਤਲਾਸ਼ ਅੰਦਰ
ਚਾਰ ਦੀਵਾਰੀ ਅੰਦਰ ਦਮ ਘੁੱਟਦੇ
ਸੁਪਨਿਆਂ ਸੰਗ ਝੂਲਦਾ
ਨਿਕਲ ਤੁਰਿਆ ਸਾਂ
ਮੰਜ਼ਿਲ ਦੀ ਤਲਾਸ਼ ਅੰਦਰ
ਮੰਜ਼ਿਲ ਦੇ ਪੰਧ ਨੂੰ ਸਰ ਕਰਨ ਲਈ
ਮੈਂ ਭਟਕਿਆ ਇਕੱਲਾ ਹੀ ਦਰ ਬਦਰ
ਹੁਣ ਇਸ ਸ਼ਹਿਰ ਵਿਚ ਕੋਈ ਚੌਕ ਨਾ ਸੀ
ਸਗੋਂ ਇਕ ਬਿੰਦੂ ਸੀ
ਜੋ ਹਜ਼ਾਰਾਂ ਰਸਤਿਆਂ ਨੂੰ ਜਨਮ ਦਿੰਦਾ
ਮੈਂ ਹਰ ਰਸਤੇ ਤੋਂ
ਮੰਜ਼ਿਲ ਦੀ ਆਸ ਲੈ ਤੁਰਦਾ
ਭਟਕਦਾ ਬਿੰਦੂ ਤੇ ਆ ਰੁਕਦਾ
ਤੇ ਮੁੜ ਬਿੰਦੂ ਤੇ ਆ ਰੁਕਦਾ
ਬੋਗੀਏ ਦੀ ਸ਼ਾਖ 'ਤੇ ਵੱਜੀ ਘੜਾਂਗੀ ਵਾਂਗ ਹੋਰ ਫੁੱਟ ਪੈਂਦੇ
ਬਿੰਦੂ ਤੋਂ ਰਸਤਾ
ਰਸਤੇ ਤੋਂ ਬਿੰਦੂ
ਜਿਵੇਂ ਹਲਟ ਜੁੱਤਾ ਬਲਦ
ਘੁੰਮੇ ਕੋਈ ਗਾੜ੍ਹੀ ਨਾਲ
ਖੂਹ ਦੀ ਮੌਣ ਅੰਦਰ



ਦਿਸਹੱਦੇ ਦੇ ਚਾਨਣ ਲਈ ਭਟਕਿਆ
ਜਦੋਂ ਮੈਂ ਇਕੱਲਾ ਸੀ
ਤਾਂ ਉਹ ਵੀ ਭਟਕਿਆ ਮੇਰੇ ਸੰਗ ਆਣ ਰਲਿਆ ਸੀ
ਦੋਵੇਂ ਜਦ ਪਏ ਇੱਕੋ ਹੀ ਪਾਸੇ ਨੂੰ
ਤਾਂ ਇੰਝ ਮਹਿਸੂਸ ਹੋਇਆ ਸੀ
ਅਸੀਂ ਪਾਂਧੀ ਹਾਂ
ਰਸਤੇ ਇਕ ਵੱਲ ਜਾਂਦੇ
ਅਸੀਂ ਭਟਕੇ ਸਾਂ ਜਿਸਦੀ ਤਲਾਸ਼ ਅੰਦਰ
ਉਹ ਮੰਜ਼ਿਲ ਨਾ ਸਾਥੋਂ ਦੂਰ ਹੋਵੇਗੀ
ਮੈਂ ਤੂੰ ਦੀ ਤਲਾਸ਼ ਅੰਦਰ
ਤੂੰ ਮੈਂ ਦੀ ਤਲਾਸ਼ ਅੰਦਰ
ਨਾਂ ਕੋਈ ਭਟਕਣਾ ਬਾਕੀ
ਤੇ ਸਾਹਵੇਂ ਦਿਸਹੱਦਾ ਚਾਨਣ ਦੇ ਵਾਂਗ ਨਜ਼ਰ ਆਵੇ
ਮੇਰੀ ਤੇ ਤੇਰੀ ਮੰਜ਼ਿਲ 'ਚ ਫ਼ਰਕ ਏਨਾ ਸੀ
ਤੂੰ ਤਿੱਖੀਆਂ ਰੌਸ਼ਨੀਆਂ ਸੰਗ ਉਲਝ ਜਾਂਦੀ
ਮੈਂ ਉਲਝਦਾ
ਰੁਕਦਾ
ਤੇ ਸੋਚਦਾ ਕਿ
ਇਹ ਰੌਸ਼ਨੀ ਦਿਸਹੱਦੇ ਤੋਂ ਵੀ ਤਿੱਖੀ
ਫਿਰ ਮੈਂ ਕਿਸ ਦਿਸ਼ਾ
ਕਿਸ ਰੌਸ਼ਨੀ ਦੀ ਭਾਲ ਅੰਦਰ
ਪਰ ਇਕ ਸੱਚ ਬਾਕੀ ਸੀ
ਕਿ ਇਹ ਰੌਸ਼ਨੀ
ਨਾ ਲੱਗੇ ਮੈਨੂੰ ਆਪਣੇ ਵਰਗੀ
ਤੇਰੀ ਤਲਾਸ਼ ਤਾਂ ਰੋਸ਼ਨੀ ਦੀ ਸੀ
ਤੂੰ ਉਲਝ ਗਈ
ਮੰਜ਼ਿਲ ਦੀ ਤਲਾਸ਼ ਅੰਦਰ
ਮੈਂ ਚਾਨਣ ਦੀ ਭਾਲ ਵਿਚ
ਮੁਸੱਲਸਲ ਚਲ ਰਿਹਾਂ ਮੰਜ਼ਿਲ ਦੇ ਵੱਲ
ਕਿ ਅਜੇ ਵੀ ਦਿਸਹੱਦੇ ਤੋਂ
ਕੋਈ ਚਾਨਣ ਨਜ਼ਰ ਆਵੇ ●

## 3. ਗਮ 'ਚ ਡੁੱਬਿਆ ਗਡੀਰਾ

*—ਪ੍ਰੋ. ਗੁਰਬਖ਼ਸ਼ ਸਿੰਘ ਭੰਡਾਲ*

ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੇ ਹੱਥ,
ਜਦੋਂ ਜੂਠੇ ਭਾਂਡੇ ਮਾਂਜਦੇ ਨੇ।
ਪਾਪਾ ਕੋਲੋਂ ਮੰਗੀਆਂ ਟਾਫੀਆਂ,
ਗੱਲ੍ਹ 'ਤੇ ਉਂਗਲਾਂ ਦੇ ਨਿਸ਼ਾਨ ਖੁਣਦੀਆਂ ਨੇ।
ਲੋਰੀ ਸੁਣਨ ਵਾਲਾ ਬਾਲਮਨ
ਖ਼ੁੱਦ ਭੁੱਖ ਦੀਆਂ ਲੋਰੀਆਂ ਗਾਉਂਦਾ ਏ।
ਊਂਘਦੇ ਲਾਡਲੇ ਦੇ ਨੈਣਾਂ 'ਚੋਂ
ਜਦੋਂ ਹੰਝੂ ਤ੍ਰਿਪ ਤ੍ਰਿਪ ਚੋਂਦੇ ਨੇ।
ਗੋਭਲੇ ਜਹੇ ਭਾਵਾਂ ਦੀ ਹਿੱਕ 'ਚ,
ਜ਼ਖ਼ਮੀਂ ਅਰਮਾਨ ਰੋਂਦੇ ਨੇ।
ਸਿਰ ਦੀ ਛਾਂ ਜਖ਼ਮੀਂ ਹੋਣ 'ਤੇ
ਬੋਲ ਚੀਸ ਬਣਦੇ ਨੇ
ਅੱਖਾਂ ਦਾ ਬੁੱਝਦਾ ਦੀਵਾ,
ਸੂਰਜ ਦਾ ਵਾਸਤਾ ਪਾਉਂਦਾ ਏ
ਅਤੇ ਫੱਟੀ 'ਤੇ ਲਾਸਾਂ ਬਣਦੇ ਨੇ।
ਹਾਸਿਆਂ ਦੀ ਨੰਨੀ ਤਲੀ ਉਤੇ
ਹਉਕੇ ਧਰੇ ਜਾਂਦੇ ਨੇ।
ਪੰਘੂੜੇ ਦੇ ਝੂਟਿਆਂ 'ਚ
ਰੁਦਨ ਭਰੇ ਜਾਂਦੇ ਨੇ
ਅਤੇ ਗਡੀਰੇ ਦੇ ਪਹੀਏ ਨੂੰ,
ਸੋਗ ਵਰੇ ਜਾਂਦੇ ਨੇ
ਤਦ ਪੌਣਾਂ 'ਚ ਤਰਦੀ ਵਿਲਕਣੀ
ਮਨੁੱਖਤਾ ਦੀ ਅੱਖ ਦਾ ਖਾ ਹੰਝੂ ਬਣ ਕੇ
ਸਾਡੀ ਹੋਂਦ 'ਤੇ ਹੀ ਪ੍ਰਸ਼ਨ ਚਿੰਨ੍ਹ ਲਾਉਂਦੀ ਏ।
ਹਾੜ੍ਹਾ ਈ,
ਚਮਨ 'ਚ,
ਡੋਡੀਆਂ ਤੋਂ ਫੁੱਲ ਬਣਨ ਦੀ ਇਜ਼ਾਜਤ ਉਤੋਂ,
ਆਪਣੀ ਅਜਾਰੇਦਾਰੀ ਹਟਾਵੋ।
ਇਨ੍ਹਾਂ ਨੂੰ ਧੁੱਪਾਂ ਤੇ ਲੂਆਂ ਤੋਂ ਬਚਾਵੋ
ਨਿੱਘ ਅਤੇ ਮੋਹ ਦੀ ਤ੍ਰੇਲ
ਇਨ੍ਹਾਂ ਦੇ ਮੁੱਖੜਿਆਂ 'ਤੇ ਸਜਾਵੋ
ਅਲੂਏਂ ਫੁੱਲਾਂ ਦੇ ਦੀਦਿਆਂ 'ਚ,
ਸੰਦਲੀ ਸੁਪਨੇ ਟਿਕਾਵੋ
ਅਤੇ ਭੁੱਲ ਕੇ ਵੀ ਕਦੇ,
ਖਿੜਨਾ ਲੋਚਦੇ ਫੁੱਲਾਂ ਦੇ ਵਿਹੜੇ
ਮਨੁੱਖਤਾ ਦਾ ਮਰਸੀਆ ਨਾ ਗਾਵੋ।

*(7, ਪ੍ਰੋ. ਕਾਲੋਨੀ, ਕਪੂਰਥਲਾ)* ●



## 4. ਉਮੀਦ/*ਮਦਨ ਵੀਰਾ*

ਇੱਲ ਦੇ ਆਲ੍ਹਣੇ 'ਚ
ਪਿਆ ਹੈ ਬਰੂ
ਸੜਿਆ ਸੁੱਕਿਆ
ਮਰਿਆ ਮੁੱਕਿਆ
ਪਰ ਮਰੀ ਨਹੀਂ ਹੈ
ਉਸਦੀ ਉਮੀਦ
ਬਚੀ ਹੋਈ ਸਹਿਕ ਰਹੀ ਹੈ
ਮੁੜ ਮੌਲਣ ਦੀ ਖਾਹਿਸ਼
ਉਸ ਨੂੰ ਭਰੋਸਾ ਹੈ
ਮਿੱਟੀ ਦੇ ਗਰਭ 'ਚ ਪਲ ਰਹੇ ਹੁੰਮ ਤੇ
ਪਲੋ ਪਲ ਵਧ ਰਹੀ ਤਲਖ਼ੀ ਤੇ
ਹੁੱਟ ਤੇ
ਜੋ ਤਿਲ ਤਿਲ ਵਧ ਰਿਹਾ ਹੈ
ਜਿਸ ਬਣਨਾ ਹੈ ਲਾਵਾ
ਜਿਸ ਝੱਲਣਾ ਹੈ ਤੂਫਾਨ ਬਣਕੇ
ਫਿਰ ਟੁੱਟਣਗੇ ਟਾਹਣ
ਡਿੱਗਣਗੇ ਰੁੱਖ
ਇੱਲ ਦਾ ਆਲ੍ਹਣਾ ਵੀ ਹੋਏਗਾ ਤਬਾਹ
ਹਵਾ ਦੇ ਵੇਗ 'ਚ
ਤੀਲ੍ਹਾ ਤੀਲ੍ਹਾ ਹੋਏਗਾ ਬਰੂ
ਮਿੱਟੀ ਸੰਭਾਲੇਗੀ ਉਸਨੂੰ
ਲਾਏਗੀ ਹਿੱਕ ਨਾਲ
ਜਦੋਂ ਵਰ੍ਹੇਗਾ ਮੀਂਹ
ਮਿਟੇਗੀ ਔੜ
ਤਾਂ ਧਰਤੀ ਦੀ ਕੁੱਖ 'ਚੋਂ
ਫੁੱਟੇਗੀ ਉਸ ਦੀ ਵੀ ਜੜ੍ਹ
ਉਹ ਵੀ ਮੌਲੇਗਾ ਹਰੀ ਭਰੀ ਧਰਤੀ ਤੇ

●

5. ਯੁੱਧ ਤੋਂ ਪਿੱਛੋਂ

—ਰਾਜਵਿੰਦਰ ਸਿੱਧੂ, ਬਠਿੰਡਾ

ਫ਼ਿਜ਼ਾ 'ਚ ਘੁਲੀ
ਇਕ ਮਾਤਮੀ ਚੁੱਪ ਜਾ
ਧੂੰਏ ਦੇ ਪੱਜ ਰੋਂਦੀਆਂ
ਸੱਜ ਵਿਆਹੀਆਂ ਨਾਰਾਂ,
ਮਹਿੰਦੀ ਰੰਗ ਹੱਥਾਂ ਦੇ ਨਾਲ
ਪਤੀਆਂ ਦੇ ਸਿਵੇ ਸੇਕਦੀਆਂ
ਉਮਰਾਂ ਦਾ ਸਿਆਲ ਟਪਾਉਣ ਦੀ
ਕਰ ਰਹੀਆਂ ਨੇ ਕੋਸ਼ਿਸ਼, ਜਾਂ
ਰੱਬ ਜੇਡਾ ਜੇਰਾ ਕਰੀ ਬੈਠੀਆਂ
ਅੱਥਰੂ ਲਕੋਂਦੀਆਂ ਮਾਵਾਂ
ਬਹਾਦਰ ਪੁੱਤਾਂ ਦੀ
ਸ਼ਹਾਦਤ ਦੇ ਸ਼ਗਨ ਮਨਾਉਂਦੀਆਂ
ਆਉਂਦੇ ਜਾਂਦੇ ਰਾਹੀਆਂ ਦੇ
ਚਿਹਰਿਆਂ ਚੋਂ
ਕੁੱਖੋਂ ਜਾਇਆਂ ਦਾ ਮੁਹਾਂਦਰਾਂ ਲੱਭਦੀਆਂ
ਪ੍ਰਸ਼ਨ ਚਿੰਨ੍ਹ ਜਿਹੀਆਂ ਹੋਈਆਂ
ਰੱਬ ਨੂੰ ਤਕ ਰਹੀਆਂ ਹਨ ਜਾਂ
ਡੌਲਿਓਂ ਭੱਜੀਆਂ ਬਾਹਾਂ ਨੂੰ
ਪਥਰਾਏ ਜਿਹੇ ਨੈਣਾਂ ਨਾਲ ਤਕਦੇ
ਬਹਾਦਰ ਵੀਰਾਂ ਦੀ ਹਿੱਕ 'ਚ ਗੱਡੇ
ਤਿਰੰਗੇ ਨੂੰ ਪ੍ਰਣਾਮ ਕਰਦੇ
ਲਹੂ ਦੀਆਂ ਘੁੱਟਾਂ ਭਰਦੇ ਭਰਾ ਜਾਂ
ਔਸੀਆਂ ਪਾਉਂਦੀਆਂ
ਕਾਗ ਉਡਾਉਂਦੀਆਂ
ਉਡੀਕ ਵਾਂਗ ਬਰੂਹਾਂ 'ਚ ਖੜੀਆਂ
ਰੱਖੜੀ ਵਾਲੇ ਗੁੱਟਾਂ ਨੂੰ ਲੱਭਦੀਆਂ ਭੈਣਾਂ,
ਜਾਂ ਪਾਪਾ ਦੇ ਕਾਤਿਲਾਂ ਦੀਆਂ
ਪੈੜਾਂ ਨੂੰ ਲੱਭਦਾ
ਹਥਿਆਰਾਂ ਨਾਲ ਖੇਡਦਾ
ਮੇਰੇ ਵਤਨ ਦਾ ਮਾਸੂਮ ਬਚਪਨ
ਜਾਂ ਬਹਾਦਰ ਪੁੱਤਾਂ ਦੀ ਗਾਥਾ ਸੁਣਾ
ਬੁੱਢੇ ਵਾਰੇ ਟੁੱਟੀ ਡੰਗੋਰੀ
ਨੂੰ ਭੁੱਲਣ ਦੀ ਕੋਸ਼ਿਸ਼ ਕਰਦੇ
ਸੱਥਾਂ 'ਚ ਬੈਠੇ ਬਜ਼ੁਰਗ ਬਾਪੂ
ਯੁੱਧ ਤੋਂ ਪਿੱਛੋਂ ....... ਫਿਜ਼ਾ 'ਚ ਘੁਲੀ ਮਾਤਮੀ ਚੁੱਪ.....!

*(C/o, ਅਲਾਈਡ ਫਾਇਨਾਂਸ ਕੰ, ਭਾਗੂ ਰੋਡ, ਬਠਿੰਡਾ)* ●





## ਪਾਸ਼ ਨਾਲ ਇੱਕ ਭਰਪੂਰ ਸੰਵਾਦ/ਡਾ. ਸੁਖਵਿੰਦਰ ਸਿੰਘ ਰੰਧਾਵਾ

[ਪਾਸ਼ ਨਾਲ ਇਹ ਭਰਪੂਰ ਸਾਹਿਤਕ ਮੁਲਾਕਾਤ ਮੈਂ 1985 ਵਿੱਚ ਆਪਣੀ ਐਮ. ਫਿਲ. ਦੀ ਖੋਜ ਦੇ ਸਿਲਸਿਲੇ 'ਚ ਕੀਤੀ ਸੀ। ਉਦੋਂ ਉਹ ਉੱਗੀ ਪਿੰਡ (ਜਲੰਧਰ) ਦੇ ਅੱਡੇ ਉੱਤੇ ਇਕ ਛੋਟਾ ਜਿਹਾ ਪ੍ਰਾਈਵੇਟ ਸਕੂਲ ਚਲਾ ਰਿਹਾ ਸੀ। ਮੈਂ ਉਥੇ ਹੀ ਚਲਾ ਗਿਆ। ਅਸੀਂ ਸਕੂਲ ਦੀ ਛੱਤ ਉੱਤੇ ਬੈਠ ਗਏ। ਕੋਸੀ ਕੋਸੀ ਧੁੱਪ ਸੀ। ਕੋਈ ਡੇਢ ਪੌਣੇ ਦੋ ਘੰਟੇ ਗੱਲਾਂ ਬਾਤਾਂ ਦਾ ਸਿਲਸਿਲਾ ਚਲਦਾ ਰਿਹਾ। ਮੈਂ ਉਸ ਤੋਂ ਬੇਹੱਦ ਪ੍ਰਭਾਵਿਤ ਹੋਇਆਂ ਸਾਂ ਇਕ ਕਵੀ ਦੇ ਤੌਰ ਤੇ ਵੀ ਅਤੇ ਇੱਕ ਬੁੱਧੀਜੀਵੀ ਦਾਰਸ਼ਨਿਕ ਦੇ ਤੌਰ ਤੇ ਵੀ ! ਉਸ ਦੇ ਜਵਾਬ ਬਹੁਤ ਸਪੱਸ਼ਟ ਤੇ ਠੋਸ ਸਨ। ਇਸ ਮੁਲਾਕਾਤ ਦੀ ਰਿਕਾਰਡਿੰਗ ਟੇਪ ਹਾਲਾਂ ਵੀ ਮੇਰੇ ਪਾਸ ਸੁਰਖਿਅੱਤ ਹੈ — ਰੰਧਾਵਾ]

? ਜੁਝਾਰ ਵਿਦਰੋਹੀ ਕਵਿਤਾ ਕਿਸ ਹੱਦ ਤੱਕ ਪੰਜਾਬੀ ਕਾਵਿ-ਪਰੰਪਰਾ ਨਾਲ ਜੁੜੀ ਹੋਈ ਹੈ ਅਤੇ ਕਿਸ ਹੱਦ ਤਕ ਪਰ੍ਹੇ ਜਾਂਦੀ ਹੈ ?

— ਵਿਸ਼ੇ ਪੱਖ ਤੋਂ ਤਾਂ ਇਕ ਲੜੀ ਤੁਰੀ ਆ ਰਹੀ ਹੈ, ਪਰੰਪਰਾ ਨਾਲ ਜੋੜ ਬਹੁਤ ਸਪੱਸ਼ਟ ਹੈ ਪਰ ਰੂਪਕ ਪੱਖ ਤੋਂ ਇਹ ਜੋੜ ਬਹੁਤਾ ਸਪੱਸ਼ਟ ਨਹੀਂ। ਮੈਂ ਸਮਝਦੈਂ ਕਿ ਸ਼ੁਰੂ ਤੋਂ ਲੈ ਕੇ ਪੰਜਾਬੀ ਕਵਿਤਾ ਸਮਾਜਮੁੱਖ ਰਹੀਂ ਹੈ। ਕਦੇ ਇਸ ਤਰ੍ਹਾਂ ਨਹੀਂ ਲੱਗਦੈ ਕਿ ਪੰਜਾਬੀ ਕਵੀ ਸਮਾਜ ਤੋਂ ਪਲਾਇਨ ਕਰ ਰਿਹਾ ਹੋਵੇ। ਪੰਜਾਬੀ ਕਵਿਤਾ ਦਾ ਤਾਂ ਜਨਮ ਹੀ ਇਸ ਤਰ੍ਹਾਂ ਹੋਇਆ ਕਿ ਗੁਰੂ ਨਾਨਕ ਵਰਗੇ ਕਵੀ ਸਿੱਧੇ ਰੂਪ ਵਿਚ ਸਮਾਜ ਨਾਲ ਜੁੜੇ ਹੋਏ ਸਨ। ਥੋੜੇ ਜਿਹੇ ਸਮੇਂ 'ਚ ਚੱਲੀਆਂ ਕੁਝ ਕੁ ਉਪ ਧਾਰਾਵਾਂ ਨੂੰ ਛੱਡ ਕੇ (ਜਿਵੇਂ ਕਿ ਪ੍ਰਯੋਗਵਾਦੀ ਕਵਿਤਾ) ਸਾਡੀ ਕਵਿਤਾ ਹਮੇਸ਼ਾ ਸਮਾਜਿਕ ਸਮੱਸਿਆਵਾਂ ਨਾਲ ਜੁੜੀ ਰਹੀ ਹੈ। ਸਮੁੱਚੇ ਤੌਰ ਤੇ ਮੈਂ ਕਹਿ ਸਕਦਾਂ ਕਿ ਵਿਸ਼ੇ ਪੱਖ ਤੋਂ ਤਾਂ ਬਿਲਕੁਲ ਜੁਝਾਰ ਵਿਦਰੋਹੀ ਕਵਿਤਾ ਪੰਜਾਬੀ ਕਾਵਿ-ਪਰੰਪਰਾ ਨਾਲ ਜੁੜੀ ਹੋਈ ਹੈ ਪਰ ਰੂਪਕ ਪੱਖ ਤੋਂ ਵੀ ਏਨੀ ਪਰ੍ਹੇ ਨਹੀਂ ਜਾਂਦੀ ਕਿ ਇਸ ਨੂੰ ਪਰੰਪਰਾ ਨਾਲੋਂ ਕੱਟੀ ਹੋਈ ਸਮਝਿਆ ਜਾਵੇ, ਕਿਉਂਕਿ ਖੁੱਲ੍ਹੀ ਕਵਿਤਾ ਦਾ ਜੇ ਇਸ ਕਾਵਿ 'ਚ ਪ੍ਰਯੋਗ ਹੋਇਆ ਹੈ ਤਾਂ ਇਹ ਇਸ ਦੀ ਹੀ ਦੇਣ ਨਹੀ ਸਗੋ ਤਰੱਕੀ ਪਸੰਦ ਲਹਿਰ ਤੋਂ ਪਹਿਲਾਂ ਵੀ ਇਸ ਦਾ ਪ੍ਰਯੋਗ ਹੋਇਆ ਮਿਲਦਾ ਹੈ .....

? ਸਮਾਜਮੁੱਖਤਾ ਦੇ ਨੁਕਤੇ ਤੋਂ ਜੁਝਾਰ-ਵਿਦਰੋਹੀ ਕਵਿਤਾ ਕਿੰਨੀ ਕੁ ਗੁਣਾਤਮਕ ਤਬਦੀਲੀ ਲਿਆਉਣ ਦੇ ਸਮਰੱਥ ਸਿੱਧ ਹੋਈ ਹੈ ?

— ਗੁਣਾਤਮਕ ਪੱਖ ਵਰਣਯੋਗ ਪੱਧਰ ਤਕ ਤਬਦੀਲੀ ਤਾਂ ਲਿਆਂਦੀ ਹੀ ਗਈ ਹੈ। ਗਦਰ ਲਹਿਰ ਵੇਲੇ ਜਾਂ ਕਿਰਤੀ ਲਹਿਰ ਵੇਲੇ ਜਿਹੜੀ ਸਮਾਜਮੁੱਖ ਕਵਿਤਾ ਲਿਖੀ ਜਾਂਦੀ ਰਹੀ, ਉਹ ਨਿਰੋਲ ਪ੍ਰਚਾਰ ਪੱਧਰ ਦੀ ਰਚਨਾ ਸੀ। ਤੁਕਬੰਦੀ ਤਾਂ ਭਾਵੇਂ ਪੂਰੀ ਹੁੰਦੀ ਸੀ, ਛੰਦਾਂ ਦੀ ਸੂਝ ਵੀ ਪੂਰੀ ਹੋਵੇਗੀ ਪਰ ਉਸ ਵਿਚ ਸਾਹਿਤਕ ਚੇਤਨਾ ਜਾਂ ਸਾਹਿਤਕ ਗੁਣਾਂ ਦੀ ਘਾਟ ਬਹੁਤ ਪ੍ਰਮੁੱਖ ਸੀ। ਗੁਣਾਤਮਕ ਪੱਖੋਂ ਸਮਾਜਵਾਦੀ ਕਵਿਤਾ ਨੂੰ ਉਚਾ ਸਾਹਿਤਕ ਪੱਧਰ ਕਰਨ 'ਚ ਜੁਝਾਰੂ ਕਵਿਤਾ ਸਫਲ ਸਿੱਧ ਹੋਈ ਹੈ। ਗਿਣਾਤਮਕ ਪੱਖ ਤੋਂ ਵੀ ਇਹ ਤਾਂ ਮੈਂ ਨਹੀਂ ਕਹਿੰਦਾ ਕਿ ਸਮੁੱਚੀ ਕ੍ਰਾਂਤੀਕਾਰੀ ਕਵਿਤਾ ਬਹੁਤ ਉਚੇਰੇ ਪੱਧਰ ਦੀ ਹੈ ਪਰ ਇਸਦਾ ਕਾਫੀ ਭਾਗ ਸਮੁੱਚੀ ਕਵਿਤਾ ਨੂੰ ਉਚੇਰਾ ਪੱਧਰ ਪ੍ਰਦਾਨ ਕਰਨ ਵਾਲਾ ਹੈ।

? ਜੁਝਾਰ ਵਿਦਰੋਹੀ ਕਾਵਿ ਚੇਤਨਾ ਨੂੰ ਇਤਿਹਾਸ ਚੇਤਨਾ ਦਾ ਨਾਂ ਦੇਣਾ ਚਾਹੀਦਾ ਹੈ ਜਾਂ ਰਾਜਨੀਤਕ ਚੇਤਨਾ ਦਾ ਜਾਂ ਕੋਈ ਹੋਰ ?

— ਜੇ ਰਾਜਸੀ ਚੇਤਨਾ ਹੀ ਕਹਿ ਲਈਏ ਤਾਂ ਰਾਜਸੀ ਚੇਤਨਾ ਕਿਸੇ ਵਿਚਾਰਧਾਰਾ ਦੀ ਉਪਜ ਹੁੰਦੀ ਹੈ— ਜਾਂ ਉਸ ਨਾਲ ਸੰਬੰਧਿਤ ਹੁੰਦੀ ਹੈ ਜਾਂ ਉਸਦੀ 'ਬਾਈ ਪ੍ਰੋਡਕਟ' ਹੁੰਦੀ ਹੈ........ ਕਿਉਂਕਿ ਸਾਡਾ ਦਵੰਦਾਤਮਕ ਪਦਾਰਥਵਾਦ ਦਾ ਫ਼ਲਸਫ਼ਾ ਹੀ ਇਤਿਹਾਸਮੁਖੀ ਹੈ, ਇਸੇ ਵਿਚਾਰਧਾਰਾ ਨਾਲ ਜੁੜ ਕੇ ਕਵਿਤਾ ਲਿਖੀ ਗਈ ਹੈ, ਇਸ ਲਈ ਇਹਦੇ 'ਚ ਕੋਈ ਗਲਤ ਗੱਲ ਨਹੀਂ ਕਿ ਇਹ ਇਤਿਹਾਸ ਚੇਤਨਾ ਵਾਲੀ ਕਵਿਤਾ ਹੈ। ਜਿਹੜਾ ਤੁਸੀਂ ਫਰਕ ਪਾਉਨੇ ਕਿ ਇਤਿਹਾਸ ਚੇਤਨਾ ਤੇ ਰਾਜਸੀ ਚੇਤਨਾ .....ਸਾਡੀ ਵਿਚਾਰਧਾਰਾ ਮੁਤਾਬਿਕ ਦੋਨਾਂ 'ਚ ਫ਼ਰਕ ਕੋਈ ਨਹੀਂ।

? ਕੀ ਇਤਿਹਾਸਿਕ ਵੇਰਵਿਆਂ ਜਾਂ ਇਤਿਹਾਸਕ ਨਾਇਕਾਂ ਨਾਲ ਜੁੜੇ ਬਿੰਬਾਂ ਨੂੰ ਜੁਝਾਰਵਾਦੀ ਕਵਿਤਾ ਕੋਈ ਗਤੀਸ਼ੀਲ ਸਾਹਤਿਕ ਬਿੰਬ ਪ੍ਰਦਾਨ ਕਰਨ ਦੇ ਸਮਰੱਥ ਸਿੱਧ ਹੋਈ ?

— ਮੈਂ ਖ਼ੁਦ ਵੀ ਸਮਝਦੈਂ ਕਿ ਆਰੰਭਲੇ ਸਾਲਾਂ ਵਿਚ ਜਿਸ ਤਰ੍ਹਾਂ, ਇਨ੍ਹਾਂ ਬਿੰਬਾਂ ਦੀ ਵਰਤੋਂ ਕੀਤੀ ਗਈ, ਉਸ 'ਚ ਗਤੀਸ਼ੀਲਤਾ ਨਹੀਂ। ਬਾਅਦ ਦੇ ਸਾਲਾਂ 'ਚ ਇਸ ਪੱਖ ਤੋਂ ਕਾਫੀ ਵਿਕਾਸ ਆ ਗਿਆ। ਜੇ ਅਕਾਦਮਿਕ ਹਲਕਿਆਂ 'ਚ ਅਜਿਹਾ ਦੋਸ਼ ਲਗਾਇਆ ਜਾਂਦਾ ਹੈ ਤਾਂ ਮੈਂ ਖ਼ੁਦ ਇਸ ਨਾਲ ਸਹਿਮਤ ਹਾਂ। ਪਹਿਲਾਂ ਪਹਿਲ ਸਾਡੇ ਕੋਲ ਇਕ ਕਾਹਲ ਸੀ, ਲਹਿਰ ਦਾ ਸ਼ੋਰ ਸੀ, ਵਿਚਾਰਧਾਰਾ ਦੀ ਇਕ ਤੱਤ-ਭੜੱਥੀ ਸਮਝ ਸੀ.....ਵਰਤਮਾਨ ਦੇ ਸੰਘਰਸ਼ ਨਾਇਕਾਂ ਨੂੰ ਬੀਤੇ ਦੇ ਸੰਘਰਸ਼ ਨਾਇਕਾਂ ਨਾਲ ਤੋਲਣਾ ਇਕ ਗਲਤੀ ਹੀ ਸੀ। ਕਵੀ ਅਚੇਤ ਹੀ ਆਪਣੇ ਆਪ ਨੂੰ ਸਮਝ ਵੀ ਵੱਡੇ ਨਾਇਕ ਬੈਠੇ।

? ਕਈ ਥਾਈਂ ਕਵੀ ਖ਼ੁਦ ਨਾਇਕ ਪਦ 'ਤੇ ਸੁਸ਼ੋਭਿਤ ਹੋਣ ਲਈ ਕਾਹਲਾ ਹੈ ਅਤੇ ਕਦੇ ਉਹ ਇਤਿਹਾਸ ਨਾਇਕਾਂ ਤੋਂ ਪ੍ਰੇਰਨਾ ਲੈਂਦਾ ਪ੍ਰਤੀਤ ਹੁੰਦਾ ਹੈ — ਕਾਰਨ ?

— ਇਸਦੇ ਕਾਰਨ ਉਸ ਵੇਲੇ ਦੇ ਇਤਿਹਾਸ 'ਚ ਹਨ। ਇਹ ਲਹਿਰ ਅੰਡਰ ਗਰਾਊਂਡ ਰੂਪ ਵਿਚ ਲੜੀ ਗਈ। ਜਿਹੜੇ ਲਹਿਰ ਦੇ ਨੇਤਾ ਸੀ ਉਨ੍ਹਾਂ ਦਾ ਆਮ ਜਨਤਾ ਨਾਲ ਸਿੱਧਾ ਸੰਪਰਕ ਨਹੀਂ ਸੀ। ਇਹ ਕਵੀ ਹੀ ਸੀ ਜੋ ਲਹਿਰ ਦੇ ਬੁਲਾਰਿਆਂ ਦੇ ਰੂਪ ਵਿਚ ਸਾਹਮਣੇ ਆਏ। ਇਸੇ ਮਜਬੂਰੀ ਕਾਰਨ ਕਵੀਆਂ ਨੂੰ ਵਧੇਰੇ ਨਾਇਕਤਵ ਪ੍ਰਾਪਤ ਹੋਇਐ। ਜਦੋਂ ਲਹਿਰ ਸਿਆਣੀ ਹੋਈ ਲਹਿਰ ਦੇ ਨੇਤਾ ਪਰੋੜ ਹੋਏ ਤਾਂ ਉਦੋਂ ਉਨ੍ਹਾਂ ਕੋਲ ਇਹ ਨਾਇਕਤਵ ਨਾ ਰਿਹਾ। ਇਹ ਨਾਇਕਤਵ ਗਲਤੀ ਨਾਲ ਪ੍ਰਾਪਤ ਹੋਇਆ ਸੀ ਜੋ ਲਹਿਰ ਦੇ ਪਰੋੜ ਹੋਣ ਨਾਲ ਕੋਲ ਨਾ ਰਿਹਾ........

? ਕੀ ਜੁਝਾਰ-ਵਿਦਰੋਹੀ ਕਵਿਤਾ ਦੇ ਅਰਥਾਂ ਨੂੰ ਲਹਿਰ ਦੇ ਅਰਥਾਂ, ਮਾਰਕਸਵਾਦੀ ਵਿਚਾਰਧਾਰਾ ਦੇ ਅਰਥਾਂ ਨਾਲ ਹੀ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ ਜਾਂ ਵਿਸ਼ਾਲ ਮਾਨਵੀ ਧਰਾਤਲ ਉਤੇ ਵੀ ਇਸ ਦੀ ਕੋਈ ਅਰਥਸ਼ੀਲਤਾ ਹੈ ?

— ਮੇਰਾ ਖਿਆਲ ਹੈ ਕਿ ਕੋਈ ਵੀ ਲਹਿਰ ਮਾਨਵੀਂ ਧਰਾਤਲ ਤੋਂ ਬਿਨਾਂ (exist) ਨਹੀਂ ਕਰ ਸਕਦੀ। ਹੋਰ ਗੱਲ ਐ— ਲਹਿਰ ਭਾਵੇਂ ਸਾਹਿਤ 'ਚ ਹੋਵੇ ਜਾਂ ਸਮਾਜ ਵਿਚ ਇਸਦੇ ਮੂਲ ਭੂਤ ਕਾਰਨ ਉਸ ਵੇਲੇ ਦੇ ਇਤਿਹਾਸ ਵਿਚ ਪਏ ਹੁੰਦੇ ਹਨ। ਕੁਝ ਕਾਰਨ ਸਨ ਜਿਨ੍ਹਾਂ ਕਰਕੇ ਪੰਜਾਬ ਵਿਚ ਹਥਿਆਰਬੰਦ ਲਹਿਰ ਦਾ ਜਨਮ ਹੋਇਆ। ਸਮਾਜ ਦਾ ਵਿਕਾਸ ਇਕ ਖ਼ਾਸ ਪੜਾਅ 'ਤੇ ਆ ਕੇ ਇਹੋ ਜਿਹੀਆਂ ਲਹਿਰਾਂ ਨੂੰ ਪੈਦਾ ਕਰਦਾ ਹੈ



ਅਤੇ ਇਹ ਕੁਦਰਤੀ ਹੈ ਕਿ ਸਾਹਿਤ ਵਿਚ ਵੀ ਤੇ ਸਮਾਜ ਵਿਚ ਵੀ ਇਹ ਲਹਿਰਾਂ ਇੱਕ ਵੇਲੇ ਪੈਦਾ ਹੋਈਆਂ। ਦੋਵੇਂ ਇਕ ਦੂਜੀ ਤੋਂ ਪ੍ਰਭਾਵਿਤ ਸਨ। ਇਹ ਕਵਿਤਾ ਲਹਿਰ ਤੋਂ ਪ੍ਰਭਾਵਿਤ ਜ਼ਰੂਰ ਸੀ ਪਰ ਇਹ ਕਹਿਣਾ ਕਿ ਇਹ ਦੀ ਸਾਰੀ ਹੋਂਦ, ਇਸ ਹੋਂਦ ਦੀ ਪਾਸਾਰਤਾ ਤੇ ਵਿਸ਼ਾਲਤਾ ਲਹਿਰ ਵਾਲੀ ਹੀ ਸੀ, ਠੀਕ ਨਹੀਂ। ਪੰਜਾਬੀ ਕਵਿਤਾ ਵਿਚ ਕ੍ਰਾਂਤੀਕਾਰੀ ਅੰਸ਼ ਭਰਨ ਵਿਚ ਇਸ ਲਹਿਰ ਨੇ ਬਹੁਤ ਹਿੱਸਾ ਪਾਇਆ। ਇਹ ਕਵਿਤਾ ਰਾਜਨੀਤੀ ਤੋਂ ਪ੍ਰਭਾਵਿਤ ਜ਼ਰੂਰ ਸੀ ਪਰ ਇਹੀ ਇਕੋ ਇਕ ਪੱਖ ਨਹੀਂ......

ਲਹਿਰ ਦੇ ਰੂਪ ਤਾਂ ਰਾਜਨੀਤਕ (TACTICS) ਦੇ ਆਧਾਰ 'ਤੇ ਬਦਲਦੇ ਰਹੇ ਪਰ ਕਵਿਤਾ ਦੇ ਨਹੀਂ। ਲਹਿਰ ਦੀ ਪਛਾਣ ਬਾਰੇ ਤਾਂ ਸਿਆਸਤਦਾਨਾਂ ਨੂੰ ਪਤਾ ਹੋਊ ਪਰ ਕਵਿਤਾ ਦੀ ਇਕ ਵੱਖਰੀ ਪਛਾਣ ਜ਼ਰੂਰ ਬਣ ਗਈ ਹੈ।

? ਕੀ ਜੁਝਾਰ-ਵਿਦਰੋਹੀ ਕਵਿਤਾ ਲਗਾਤਾਰ ਲਿਖੀ ਜਾ ਰਹੀ ਹੈ ਜਾਂ ਲਿਖੀ ਜਾਂਦੀ ਰਹੇਗੀ ਕਿਉਂਕਿ ਲਹਿਰ ਮੱਠੀ ਪੈ ਗਈ ਹੈ ... ?

— ਮੈਂ ਸਮਝਦੈਂ ਬਈ ਨਕਸਲਵਾੜੀ ਲਹਿਰ 1967-68 ਤੋਂ ਆਰੰਭ ਹੋ ਕੇ ਆਪਣੇ ਵਿਕਾਸ ਦੇ ਵੱਖ-ਵੱਖ ਰੂਪਾਂ ਵੱਲ ਵੱਧਦੀ ਰਹੀ ਹੈ। ਲਹਿਰ 'ਚ ਪਾਟੋ-ਧਾੜ ਜਾਂ ਵੱਖ-ਵੱਖ ਦਿਸ਼ਾਵਾਂ ਆਈਆਂ ਪਰ ਇਨ੍ਹਾਂ ਨਾਲ ਵੀ ਜਥੇਬੰਦਕ ਖੇਤਰ ਵਿਚ ਹੋਰ ਵਿਸ਼ਾਲਤਾ ਆਈ। ਐਂ ਨਹੀਂ ਲੱਗਦੈ ਕਿ ਸਿਆਸੀ ਖੇਤਰ ਵਿਚ ਇਸ ਦਾ ਖਾਤਮਾ ਹੋ ਗਿਆ....ਆਮ ਲੋਕ ਜਦੋਂ ਗੱਲ ਕਰਦੇ ਕਿ ਲਹਿਰ ਹੈਗੀ ਜਾਂ ਨਹੀਂ ਹੈਗੀ, ਉਹ ਲਹਿਰ ਦੇ ਮਿਲੀਟੈਂਸੀ ਜਾ ਮਾਰਧਾੜ ਵਾਲੇ ਰੂਪ ਦੀ ਗੱਲ ਕਰਦੇ ਆ। ਕਿਉਂਕਿ ਲਹਿਰ ਮਿਲੀਟੈਂਸੀ 'ਤੇ ਆਧਾਰਿਤ ਨਹੀਂ ਰਹੀ ਜਾਂ ਉਹਦਾ ਪ੍ਰਧਾਨ ਸਰੂਪ ਅਜਿਹਾ ਨਹੀਂ ਰਿਹਾ—ਇਸ ਕਰਕੇ ਆਮ ਲੋਕਾਂ ਨੂੰ ਲੱਗਦੈ ਕਿ ਲਹਿਰ ਖਤਮ ਹੋ ਗਈ। ਜਿਥੋਂ ਤੱਕ ਕਵਿਤਾ ਦਾ ਸੁਆਲ ਹੈ, ਇਸ ਨੇ ਲਹਿਰ ਦੇ ਅੱਗੇ ਵਾਲੇ ਰੂਪਾਂ ਨੂੰ Mass-Organisation ਕੇ ਨਵੇਂ ਰੂਪ ਅਖਤਿਆਰ ਕੀਤੇ, ਜਾਂ 'ਤੇ ਆਪਣੇ ਆਪ ਨੂੰ ਬੇਸ ਕੀਤੈ। ਮਾਰਧਾੜ ਵਾਲਾ ਪੱਖ (EMOTIONALLY) ਕਵੀ ਨੂੰ ਬਹੁਤ (Provoke) ਕਰਦਾ ਹੈ, ਉਸ ਤਰ੍ਹਾਂ ਦਾ ਤਾਂ ਕੁਝ ਹੈ ਨਹੀ। ਹੁਣ ਜਿਹੜੇ ਲਹਿਰ ਨਾਲ ਜੁੜੇ ਕਵੀ ਆ ਉਹ ਆਪਣੀ ਕ੍ਰਾਂਤੀਕਾਰੀ ਚੇਤਨਾ ਨੂੰ ਕਿਸ ਤਰ੍ਹਾਂ ਵਿਅਕਤ ਕਰਦੇ ਆਂ, ਇਹ ਹਰ ਕਵੀ ਦੀ ਆਪਣੀ ਆਪਣੀ ਮਜਬੂਰੀ ਆ। ਇਹਨੂੰ ਆਪਾਂ ਇਕੋ ਚੌਖਟੇ ਵਿਚ ਰੱਖ ਕੇ ਨਹੀਂ ਵੇਖ ਸਕਦੇ। ਜੇ ਲਹਿਰ ਨਾਲ ਸੰਬੰਧਿਤ ਕਵੀ ਆਪਣੀ ਪ੍ਰਤਿਬੱਧਤਾ 'ਚ ਪੱਕੇ ਹਨ ਤਾਂ ਫਿਰ ਇਸ ਕਵਿਤਾ ਦਾ ਖਾਤਮਾ ਸੰਭਵ ਨਹੀਂ ਅਤੇ ਨਾ ਹੀ ਅੱਗੋਂ ਤੋਂ ਉਹ ਕਾਰਨ ਖਤਮ ਹੋ ਗਏ ਹਨ ਜਿਨ੍ਹਾਂ, ਕਾਰਨ ਇਹ ਕਾਵਿ ਧਾਰਾ ਹੋਂਦ ਵਿਚ ਆਈ......

? ਦੂਸਰੇ ਸਾਹਿਤ ਰੂਪਾਂ ਦੇ ਸਨਮੁੱਖ ਕਵਿਤਾ ਦੀ ਸਥਿਤੀ ਬਾਰੇ ਕੀ ਖਿਆਲ ਹੈ?

— ਭਾਸ਼ਾ ਦਾ ਜਿਵੇਂ ਵਿਕਾਸ ਹੋਇਐ ਇਹ ਮਨੁੱਖ ਦੀਆਂ ਕਾਰ-ਵਿਹਾਰੀ ਲੋੜਾਂ ਕਰਕੇ ਹੋਇਆ। ਸਾਰੀ ਦੀ ਸਾਰੀ ਭਾਸ਼ਾ — ਭਾਵੇਂ ਕੋਈ ਵੀ ਬੋਲੀ ਹੋਵੇ, ਉਹ ਸਾਰੀ ਆਦਮੀ ਦੀਆਂ ਖਾਣ-ਪੀਣ ਅਤੇ ਜਿਉਂਦੇ ਰਹਿਣ ਦੀਆ ਲੋੜਾਂ ਤੋਂ ਸ਼ਬਦਾਵਲੀ ਲੈਂਦੀ ਹੈ ਤੇ ਵਿਕਾਸ ਕਰਦੀ ਹੈ। ਜਦੋਂ ਜ਼ਿੰਦਗੀ ਵਿਚ ਚੇਤਨਤਾ ਦੇ ਯੁੱਗ ਪੈਦਾ ਹੁੰਦੇ ਉਦੋਂ ਅਨੁਭਵ ਤੇ ਸੰਵੇਦਨਾ ਏਨੀ ਤੀਬਰ ਹੋ ਜਾਂਦੀ ਆ ਕਿ ਕਾਰ-ਵਿਹਾਰੀ ਲੋੜਾਂ ਨੂੰ ਪੂਰੀਆਂ ਕਰਨ ਲਈ ਘੜੀ ਗਈ ਭਾਸ਼ਾ ਇਸ ਨੂੰ ਪ੍ਰਗਟਾਉਣ ਦੇ ਸਮਰੱਥ ਨਹੀਂ ਰਹਿੰਦੀ। ਜਦੋਂ ਭਾਵ ਏਨਾ ਤੀਬਰ ਹੋਵੇ ਕਿ ਸਾਧਾਰਨ ਕਾਰੋਬਾਰੀ ਭਾਸ਼ਾ ਉਸਨੂੰ ਪ੍ਰਗਟਾਉਣ ਦੇ ਸਮਰੱਥ

ਨਾ ਹਵੇ ਤਾਂ ਕਵਿਤਾ ਹੋਂਦ ਵਿਚ ਆਉਂਦੀ ਹੈ। ਇਵੇਂ ਨਹੀਂ ਕਿਹਾ ਜਾ ਸਕਦੈ ਕਿ ਆਣ ਵਾਲੇ ਕਿਸੇ ਵੀ ਯੁੱਗ ਵਿੱਚ ਕਿਸੇ ਵੀ ਸਮੇਂ ਵਿਚ ਕਵਿਤਾ ਦਾ ਮਹੱਤਵ ਖਤਮ ਹੋ ਜਾਵੇਗਾ। ਕਵਿਤਾ ਦਾ ਹਮੇਸ਼ਾ ਖਾਸ ਵਰਗ ਰਿਹਾ ਹੈ, ਵਾਰਤਕ ਉਹ ਲੋੜ ਪੂਰੀ ਨਹੀਂ ਕਰਦੀ।

? ਤੁਹਾਡੀ ਪਹਿਲੀ ਕਾਵਿ-ਪੁਸਤਕ 'ਲੋਹ ਕਥਾ' 1970 'ਚ ਛਪੀ। ਇਸ ਵਿਚ ਨਾਹਰੇ ਦੀ ਗੂੰਜ ਕੁਝ ਜਿਆਦਾ ਹੀ ਪ੍ਰਬਲ ਹੈ — ਕੁਝ ਕਹਿਣਾ ਚਾਹੋਗੇ ?

— ਇਹੀ ਕਿ ਮੇਰਾ ਸਮੁੱਚਾ ਅਨੁਭਵ — ਭਾਵੇਂ ਰਾਜਨੀਤਕ ਤੇ ਭਾਵੇਂ ਸਾਹਿਤਕ ਅਨੁਭਵ ਸੀ, (Immature) ਸੀ। ਜਿਵੇਂ ਜਿਵੇਂ ਜ਼ਿੰਦਗੀ ਨੂੰ ਅਨੁਭਵ ਕਰਨ ਦੀ ਮੇਰੀ ਸਮਰੱਥਾ ਵਿਸ਼ਾਲ ਹੁੰਦੀ ਗਈ, ਉਵੇਂ ਉਵੇਂ ਜੋ ਕੁਝ ਮੈਂ ਕਹਿਣਾ ਉਹਦੇ 'ਚ ਸਫਾਈ ਤੇ ਡੂੰਘਾਈ ਆਉਂਦੀ ਗਈ। ਇਹ ਤਾਂ ਮੈਂ ਆਪ ਵੀ ਮੰਨਦਾ ਆਂ........

? 'ਉਡਦੇ ਬਾਜਾਂ ਮਗਰ' (1974) ਪੁਸਤਕ ਨਕਸਲਵਾੜੀ ਲਹਿਰ ਦੇ ਮੱਠੇ ਪੈ ਜਾਣ ਵੇਲੇ ਦੀ ਉਪਜ ਹੈ ?

— ਨਹੀਂ ਇਸ ਤਰ੍ਹਾਂ ਤਾਂ ਨਹੀਂ ਕਿਹਾ ਜਾ ਸਕਦਾ .... ਉਦੋਂ ਲਹਿਰ ਮਿਲੀਟੈਂਸੀ ਦਾ ਪਹਿਲਾ ਰੂਪ ਤਿਆਗਕੇ ਨਵੇਂ ਪੜਾਅ ਵਿਚ ਦਾਖਲ ਹੋ ਚੁੱਕੀ ਸੀ.....।

? 'ਲੋਹ ਕਥਾ' 'ਚ ਵਿਰੋਧੀ ਧਿਰ ਦੇ 'ਗਲ ਪੈਣ' ਦੀ ਸਥਿਤੀ ਸੀ....... ਗੁੱਸਾ ਉਗੱਲਛਿਆ ਜਾ ਰਿਹਾ ਸੀ, ਉਹ ਇਸ ਪੁਸਤਕ 'ਚ ਨਹੀਂ। ਕੀ 'ਉਡਦੇ ਬਾਜਾਂ ਮਗਰ' ਦੀ ਰਚਨਾ ਵੇਲੇ ਸਿਰਜਨ ਪ੍ਰਕਿਰਿਆ ਵਿਚ ਸਵੈ ਪੜਚੋਲ ਦਾ ਦੌਰ ਸ਼ੁਰੂ ਹੋ ਗਿਆ ਸੀ ?

— ਨਹੀਂ, ਐਂ ਤਾਂ ਨਹੀਂ ਕਿਹਾ ਜਾ ਸਕਦਾ ਬਈ 'ਉਡਦੇ ਬਾਜਾਂ ਮਗਰ' ਕਿਤਾਬ ਦੀ ਰਚਨਾ ਪ੍ਰਕਿਰਿਆ ਵੇਲੇ ਮੇਰਾ ਇਹ ਮਾਨਸਿਕ ਦੌਰ ਸ਼ੁਰੂ ਹੋ ਗਿਆ ਸੀ। ਮੈਨੂੰ ਇਹ ਤਾਂ ਨਹੀਂ ਲੱਗਦੈ। ਪਹਿਲੀ ਕਿਤਾਬ ਵਿਚ ਮੇਰੇ ਰੋਹ ਦਾ ਕਥਾਰਸਿਸ ਸੀ.... ਤੁਸੀਂ 'ਉਗਲੱਛਣਾ' ਠੀਕ ਹੀ ਸ਼ਬਦ ਵਰਤਿਐ...... ਜਿਹੜੀ ਦੂਜੀ ਕਿਤਾਬ ਆ.......ਉਹ ਜਿਹੜਾ (Tough experience) ਸੀ ਲਹਿਰ ਦਾ ਉਹ ਚੇਤੰਨਤਾ ਦੀ ਲੈਵਲ ਤੱਕ ਮੇਰੇ ਅਚੇਤ ਵਿਚ ਘੁਲ-ਮਿਲ ਗਿਆ ਸੀ। ਕੋਈ ਅੰਦਰਲੀ ਪ੍ਰਤਿਕਿਰਿਆ ਹੋਈ ਹਊ। ਉਦੋਂ ਘਟਨਾਵਾਂ ਦਾ ਫੌਰੀ ਪ੍ਰਤਿਕਰਮ ਨਹੀ ਰਿਹਾ। ਏਨਾ ਹੈ ਕਿ ਇਹਦੇ 'ਚ ਇਕ ਪ੍ਰਤਿਕਰਮ ਹੈ, ਵਿਸ਼ਲੇਸ਼ਣ ਹੈ ਜਿਹੜਾ ਕਿ ਤੀਜੀ ਕਿਤਾਬ ਵਿਚ ਹੋਰ ਵੀ ਵੱਧ ਗਿਆ...... ਜੋ ਕਿ ਪਹਿਲੀ ਕਿਤਾਬ ਵਿਚ ਹੈ ਨਹੀਂ ਸੀ।

? 'ਸਾਡੇ ਸਮਿਆਂ ਵਿਚ' ਸੰਵਾਦ ਦੀ ਜੁਗਤ ਕਈ ਦਿਸ਼ਾਵਾਂ ਵਿਚ ਫੈਲਦੀ ਹੈ। ਤੁਸੀਂ ਇਕੋ ਵੇਲੇ ਕਈ ਧਿਰਾਂ, ਨਾਲ ਸੰਵਾਦ ਰਚਾ ਰਹੇ ਹੋ। 'ਕਵੀ-ਵਿਰੋਧੀ ਧਿਰ' ਵਿਚ ਵਿਚਾਲੇ ਦੇ ਲੋਕ ਦਾ ਜੋ (triangle) ਤੁਸੀਂ ਬਣਾਇਐ, ਕੀ ਇਸ ਬਾਰੇ ਸੁਚੇਤ ਸੀ ?

— ਇਹਦੇ 'ਚ ਹੁਣ ਮੈਨੂੰ ਨੁਕਸ ਲਗਦੈ। ਕਵੀ ਜਦੋਂ ਆਪ ਨਾਲ ਸੰਬੰਧਿਤ ਜ਼ਿੰਦਗੀ ਬਾਰੇ ਬਹੁਤਾ ਸੁਚੇਤ ਹੋ ਜਾਵੇ ਤਾਂ ਰਚਨਾ ਵਿਚ ਕਾਵਿਕਤਾ ਘਟ ਜਾਂਦੀ ਹੈ......

? ਤਾਂ ਕੀ ਕਵਿਤਾ ਭਾਵਾਂ ਦਾ ਆਪ ਮੁਹਾਰਾ ਹੜ੍ਹ ਹੋ ਗਈ ..... ?

— ਨਹੀਂ, ਦੋਨਾਂ ਗੱਲਾਂ ਨੂੰ ਏਨੇ ਸ਼ੁੱਧ ਰੂਪ ਵਿਚ ਨਹੀਂ ਲਿਆ ਜਾ ਸਕਦਾ। ਮੇਰੇ ਮੁਤਾਬਿਕ ਜ਼ਿਆਦਾ ਸੁਚੇਤ ਹੋਣਾ ਕਾਵਿਕਤਾ ਦੇ ਘਟਣ ਦਾ ਕਾਰਨ ਬਣਦੈ।

? ਕੀ ਪਹਿਲੀਆਂ ਦੋਨਾਂ ਪੁਸਤਕਾਂ ਦੇ ਮੁਕਾਬਲੇ 'ਤੇ 'ਸਾਡੇ ਸਮਿਆ ਵਿਚ' ਦੇ



ਸੰਦਰਭ ਵਿਚ ਤੁਹਾਡਾ ਇਹ ਕਥਨ ਸਵੈ ਵਿਰੋਧ ਦਾ ਲਖਾਇਕ ਤਾਂ ਨਹੀਂ : ਮੈਨੂੰ ਲੱਗਦ ਮਗਰਲੀ ਕਵਿਤਾ 'ਚ ਕਾਵਿਕਤਾ ਦਾ ਅੰਸ਼ ਵਧਿਆ .

— ਮੈਨੂੰ ਐਂ ਲੱਗਦੈ ਜਿੰਨਾ ਮੈਂ ਅਧਿਐਨ ਰਾਹੀਂ ਜਾਂ ਆਪਣੇ ਅਨੁਭਵਾਂ ਦੇ ਵਿਕਾਸ ਰਾਹੀਂ ਕਾਵਿਕਤਾ ਬਾਰੇ ਚੇਤੰਨ ਹੋਇਆ, ਜਿੰਨੀ ਮੇਰਾ ਪਕੜ ਬਣ ਗਈ ਆ, ਜਿੰਨਾ ਮੇਰਾ ਉਹਦੇ ਉੱਤੇ ਕਾਬੂ ਹੋ ਗਿਆ.... ਉਸ ਪੱਧਰ ਤੱਕ ਮੈਂ (intense) ਨਹੀਂ ਪਾ ਸਕਿਆ ਕਵਿਤਾ ਵਿਚ .... ਪਹਿਲੀਆ ਦੋਨਾਂ ਪੁਸਤਕਾਂ ਦੇ ਮੁਕਾਬਲੇ ਵਿਚ ਤਾਂ ਕਵਿਤਾ ਦਾ ਵਿਕਾਸ ਹੋਣਾ ਹੀ ਹੈ। ਮਗਰਲੀ ਵਿਚ ਏਦੂੰ ਵੱਧ ਹਵੇਗਾ..... ਪਰ ਜਿੰਨੀ ਮੈਨੂੰ ਕਾਵਿਕਤਾ ਬਾਰੇ ਸੋਝੀ ਹੈ, ਪਕੜ ਹੈ..... ਉਸ ਲੈਵਲ ਬਾਰੇ ਮੈਂ ਕਹਿਨਾਂ ਕਿ ਮੇਰੀ ਵਿਸ਼ਲੇਸ਼ਣ ਕਰਨ ਦੀ ਸਥਿਤੀ ਨੇ, ਉਹਦੀ ਪੂਰੀ ਸੰਭਾਵਨਾ ਨੂੰ ਪ੍ਰਗਟਾਉਣ ਦਾ ਪੂਰਾ ਮੌਕਾ ਨਹੀਂ ਦਿੱਤਾ ਹਊ। ਕਿਤੇ ਕਿਤੇ ਮੈਨੂੰ ਲੱਗਦੈ ਕਾਵਿਕਤਾ ਵਧੀ....

? ਇਸ ਪੁਸਤਕ ਵਿਚ ਭਾਸ਼ਾ ਦਾ ਵੀ ਬਹੁਤ ਉਤਕ੍ਰਿਸ਼ਟ ਪ੍ਰਯੋਗ ਹੋਇਆ ਜਿਵੇਂ ਇਕ ਫਿਕਰਾ— 'ਇਕ ਉਦਾਸੀ ਚੁਗੀ ਹੋਈ ਕਪਾਹ ਦੇ ਖੇਤ ਵਰਗੀ'। ਕੀ ਵਿਚਾਰਧਾਰਾ ਦੇ ਭਾਰੂ ਹੋਣ ਨਾਲ ਕਾਵਿਕਤਾ ਦਾ ਅੰਸ਼ ਘਟਿਆ ?

— ਕਵੀ ਦੇ ਤੌਰ ਤੇ ਜਦੋਂ ਮੈਂ ਦੁਨੀਆਂ ਨੂੰ ਅਨੁਭਵ ਕਰਨ ਲੱਗ ਪਿਆ ਤਾਂ ਮੈਨੂੰ ਹਰ ਚੀਜ਼, ਹਰ ਪਾਸੇ ਕਵਿਤਾ ਹੀ ਮਹਿਸੂਸ ਹੋਈ...... ਸੂਰਜ ਦੇ ਚੜ੍ਹਨ ਵਿਚ ਵੀ-ਡੁੱਬਣ ਵਿਚ ਵੀ, ਕਪਾਹਾਂ ਦੇ ਖਿੜੇ ਰਹਿਣ ਵਿਚ ਵੀ, ਚੁਗੇ ਜਾਣ ਵਿਚ ਵੀ, ਭੱਦੇ ਜਾਨਵਰਾਂ ਦੀਆਂ ਆਵਾਜ਼ਾਂ ਵਿਚ ਵੀ, ਬਿੱਲੀ ਦੀ ਵਿਹੜੇ ਵਿਚ ਲੱਗੀ ਪੈੜ ਵਿਚ ਵੀ .... ਜਿਵੇਂ ਤੁਸੀਂ ਬਿੰਬਾਂ ਦੀ ਗੱਲ ਕੀਤੀ ਹੈ ..... ਇਹ ਮੇਰੀ ਅੰਦਰਲੀ ਕਾਵਿ-ਚੇਤਨਾ ਦਾ ਵਿਕਾਸ ਸੀ। ਇਸਨੂੰ ਤਾਂ ਮੈਂ ਪਹਿਲਾ ਹੀ ਮੰਨ ਚੁੱਕਾ ਹਾਂ। ਜਿਹਨੂੰ ਮੈਂ ਕਹਿਨਾਂ ਕਿ ਪੂਰੀ ਸਮਰੱਥਾ ਨਾਲ ਪ੍ਰਗਟਾ ਨਹੀਂ ਸਕਿਆ, ਉਹਦੇ ਵਿਚ ਵਿਰੋਧਾਭਾਸ ਵਾਲੀ ਕੋਈ ਗੱਲ ਨਹੀਂ। ਜਦੋਂ ਵੀ ਬੰਦਾ ਵਿਸ਼ਲੇਸ਼ਣ ਕਰਨ ਤੇ ਉਤਰ ਆਉਂਦਾ ਉਦੋਂ ਸਿਧਾਂਤ ਜਾਂ ਦਲੀਲ ਕਿਸੇ ਨਾ ਕਿਸੇ ਲੈਵਲ 'ਤੇ ਸੰਵੇਦਨਾ 'ਤੇ ਭਾਰੂ ਹੋ ਜਾਂਦੀ ਆ..... ਬੰਦਾ ਕਿਹੜਾ ਲਿਖਣ ਵੇਲੇ ਏਨਾ ਕਾਂਸ਼ਸ ਹੁੰਦਾ ਕਿ ਏਥੇ ਕਾਵਿਕਤਾ ਜਿਆਦਾ ਭਰ ਦਿਆਂ ਏਥੇ ਘੱਟ ...... ਜਿਹੜੀ ਛੇਕੜਲੀ ਕਵਿਤਾ ਹੈ 'ਕਾਮਰੇਡ ਨਾਲ ਗੱਲਬਾਤ' – ਓਹਦੇ ਵਿਚ ਭਾਵੇਂ ਮੇਰੀ ਉਦੋਂ ਤੱਕ ਦੀ ਬਣੀ ਕਾਵਿ ਸਮਰੱਥਾ ਦਾ ਵਾਹਵਾ ਸੁਹਣਾ ਪ੍ਰਯੋਗ ਹੋਇਆ ਪਰ ਫੇਰ ਵੀ ਮੈਨੂੰ ਲੱਗਦੈ ਕਿਤੇ ਤਰਕ ਭਾਰੂ ਹੋ ਗਿਆ .... ਹੋ ਸਕਦੈ ਜੇ ਹੁਣ ਮੈਂ ਉਹ ਕਵਿਤਾ ਲਿਖਾਂ ਕਰਾਫਟ ਮੈਨਸ਼ਿਪ ਦਾ ਖਿਆਲ ਰੱਖਾਂ — ਤਾਂ ਮੈਂ ਉਹਦੇ ਵਿਚ ਕਵਿਕਤਾ ਭਰ ਦਊਂ! ਬੁੱਧੀ ਤੇ ਸੰਵੇਦਨਾ ਵਿਚ ਯੋਗ ਸੁਮੇਲ ਹੋਣਾ ਜਰੂਰੀ ਹੈ।

? ਤੁਹਾਡੇ ਖਿਆਲ ਅਨੁਸਾਰ ਤੁਸਾਂ ਜ਼ਿਆਦਾ ਕਿਹੜੀਆਂ ਵਿਧੀਆਂ ਜਾਂ ਜੁਗਤਾਂ ਦੀ ਸੁਚੇਤ ਅਚੇਤ ਵਰਤੋਂ ਕੀਤੀ ?

— ਵਿਧੀਆਂ, ਜੁਗਤਾਂ ਬਾਰੇ ਮੈਂ ਬਹੁਤਾ ਸਪੱਸ਼ਟ ਨਹੀਂ ਰਿਹਾ। ਨਾ ਹੀ ਕਿਸੇ ਵਿਧੀ ਜਾਂ ਜੁਗਤ ਦੀ ਸੁਚੇਤ ਵਰਤੋਂ ਕੀਤੀ ਹੈ। ਇਹਦਾ ਮਤਲਬ ਇਹਦੇ ਬਾਰੇ ਮੈਂ ਕੋਈ ਦਾਅਵੇ ਨਾਲ ਨਹੀਂ ਕਹਿ ਸਕਦਾ। ਇਸ ਬਾਰੇ ਮੈਨੂੰ ਬਹੁਤਾ ਗਿਆਨ ਨਹੀਂ। ਜਿਵੇਂ ਲਿਖਿਆ ਗਿਆ। ਮੈਨੂੰ ਲਿਖਣ ਵੇਲੇ ਕੁਝ ਪਤਾ ਨਹੀ ਹੁੰਦਾ.....

? ਆਪਣੀ ਸਮੁੱਚੀ ਰਚਨਾ ਪ੍ਰਕਿਰਿਆ ਦੌਰਾਨ ਮਿੱਥਾਂ ਤੋੜਨ ਬਾਰੇ ਬਹੁਤ ਸੁਚੇਤ ਜਾਪਦੇ ਹੋ ?

ਮੈਂ ਤਾਂ ਇਹੀ ਕਹਿ ਸਕਦਾਂ ਕਿ ਜਿਵੇਂ ਤੁਸੀਂ ਕਹਿੰਦੇ ਹੋ ਕਿ ਮੈਂ ਮਿੱਥਾਂ ਤੋੜਨ ਵੱਲ ਬਹੁਤ ਚੇਤੰਨ ਤੇ ਸੁਚੇਤ ਹੋ ਕੇ ਰੁਚਿਆ ਹੋਇਆ, ਇਸ ਤਰ੍ਹਾਂ, ਨਹੀਂ ਹੋਇਆ। ਵਰਤਮਾਨ ਸਮੇਂ 'ਚ ਪ੍ਰਚੱਲਿਤ ਮਿੱਥਾ ਜਦੋਂ ਵਰਤਮਾਨ ਮੁੱਲਾਂ ਦੇ ਹਾਣ ਦੀਆਂ ਨਹੀਂ ਪ੍ਰਤੀਤ ਹੁੰਦੀਆਂ ਤਾਂ ਇਕ ਪੀੜ ਪੈਦਾ ਹੁੰਦੀ ਹੈ, ਇਕ (Contrast) ਪੈਦਾ ਹੁੰਦਾ ਹੈ। ਇਹੀ ਪ੍ਰਸ਼ਨ ਮੈਨੂੰ ਇਕ ਵਾਰ ਸੁਰਜੀਤ ਪਾਤਰ ਨੇ ਪੁੱਛਿਆ ਸੀ 'ਚਿੜੀਆ ਦਾ ਚੰਬਾ' ਦੇ ਸੰਦਰਭ ਵਿਚ ...... ਹੁਣ ਮੈਨੂੰ ਸਮਝ ਆਈ ਉਹ ਕਿਉਂ ਪੁੱਛਣਾ ਚਾਹੁੰਦਾ ਹੋਊ! ਕਹਿੰਦਾ : ਕਿੱਦਾਂ ਲਿਖੀ ਸੀ ਤੂੰ ਇਹ ਕਵਿਤਾ ? ਤੂੰ ਉਸ ਵੇਲੇ ਕੀ ਕਰ ਰਿਹਾ ਸੀ, ਕੀ ਸੋਚ ਰਿਹਾ ਸੀ.... ਉਹ ਤਾਂ ਮੈਂ ਦੇਖਣਾ ਚਾਹੁੰਦਾ ਸੀ ਕਿ ਸੀਮਤ ਜਿਹਾ ਹੀ ਅਨੁਭਵ ਹੈ ਕੁੜੀਆਂ ਬਾਰੇ .... ਉਹਨੂੰ ਮੈਂ ਇਹ ਜਵਾਬ ਦਿੱਤਾ ਸੀ ਤੇ ਤੁਹਾਨੂੰ ਵੀ ਉਹੀ ਦੇ ਰਿਹਾ ਹਾਂ. ਇਕ ਦਿਨ ਰਾਤ ਨੂੰ ਮੈਂ ਖੂਹ 'ਤੇ ਗਿਆ ਸੀ। ਮਾੜਾ-ਮਾੜਾ ਹਨੇਰਾ ਸੀ। ਥੋੜੀਆਂ-ਥੋੜੀਆਂ ਕਣੀਆਂ ਵੀ ਪੈ ਰਹੀਆਂ ਸਨ। ਪਿੰਡ ਕੋਈ ਵਿਆਹ ਸੀ। ਕੁੜੀਆਂ ਗਾ ਰਹੀਆਂ ਸਨ। ਉਹਦੇ ਵਿਚ 'ਚਿੜੀਆਂ ਦਾ ਚੰਬਾ' ਵਾਲਾ ਲੋਕ ਗੀਤ ਸੀ ਮੈਂ ਸਾਰੀਆਂ ਕੁੜੀਆਂ ਨੂੰ ਉਹਨਾਂ ਦੀਆਂ ਆਵਾਜ਼ਾਂ ਤੋਂ ਪਛਾਣਦਾ ਸਾਂ। ਮੈਂ ਸੋਚਿਆ ਇਹ ਕਿੱਡੇ ਵੱਡੇ ਭੁਲੇਖੇ ਵਿਚ ਹਨ! ਇਹ ਕਿੱਥੇ ਚਲੀਆਂ ਜਾਣਗੀਆਂ ? ਐਥੇ ਇਨ੍ਹਾਂ ਨੇ ਘਾਹ ਖੋਤਣਾ। ਰੋਟੀਆਂ ਏਥੇ ਨਹੀਂ ਓਥੇ ਢੋਹ ਲੈਣਗੀਆਂ। ਜ਼ਿੰਦਗੀ ਦੀ ਲੋਕ ਚੇਤਨਾ ਵਿਚ ਉਡਾਰ ਕਿੰਨੀ ਉਚੀ ਆ, ਕਲਪਨਾ ਕਿੰਨੀ ਉੱਚੀ, ਸੁਪਨੇ ਕਿੱਡੇ ਉਚੇ ਆ....... ਪਰ ਅਸਲ ਵਿਚ ਇਨ੍ਹਾਂ ਨੂੰ ਏਥੇ ਹਾਸਲ ਕੀ ਆ ? ਏਸੇ ਤਰ੍ਹਾਂ...... ਕੋਈ ਪਿੰਡ ਹੌਲੀ ਹੌਲੀ ਬਦਲ ਜਾਂਦਾ ਹੈ ਦਾਨਾਬਾਦ ਵਿਚ...... ਐਂ ਮੈਂ ਨਹੀਂ ਸੋਚਿਆ ਕਿ ਫਲਾਂ ਗਾਣੇ ਦੀ ਮਿਥ ਨੂੰ ਤੋੜ ਕੇ ਉਲਟਾ ਦਿਆਂ..... ਅਸਲ ਵਿਚ ਇਹ ਮੇਰੇ ਜ਼ਿੰਦਗੀ ਦੇ ਕਮਾਏ ਹੋਏ ਆਪਣੇ ਨਿੱਜੀ ਤੇ ਸ਼ੁੱਧ ਅਨੁਭਵ ਹਨ। ਜਿੱਥੇ ਮੇਰੇ ਇਨ੍ਹਾਂ ਅਨੁਭਵਾਂ ਨਾਲ ਟਕਰਾ ਜਾਂ (Contrast) ਪੈਦਾ ਹੋਇਆ, ਉਥੇ ਆਪ ਮੁਹਾਰਾ ਲਿਖਿਆ ਗਿਆ.....

? ਕੀ ਕਿਸੇ ਕ੍ਰਾਂਤੀਕਾਰੀ ਕਵੀ ਲਈ ਮਿੱਥਾਂ ਦਾ ਵਿਸਫੋਟਕ ਨਕਾਰਣ ਕਰਨਾ, ਉਸ ਦੀ ਅਵੱਸ਼ਕ ਲੋੜ ਹੈ ?

— ਕ੍ਰਾਂਤੀ ਦੀ ਲੋੜ ਸਮਾਜ 'ਚ ਉਦੋਂ ਪੈਦਾ ਹੁੰਦੀ ਹੈ ਜਦੋਂ ਜਨਜੀਵਨ ਵਿਚ ਪ੍ਰਧਾਨ ਮੁੱਲ ਸਮਾਂ ਵਿਹਾ ਚੁੱਕੇ ਹੋਣ ਪਰ ਲੋਕਾਂ ਨੇ ਉਨ੍ਹਾਂ ਨੂੰ ਉਵੇਂ ਪਹਿਨਿਆ ਹੋਇਆ ਹੋਵੇ। ਕ੍ਰਾਂਤੀ ਕੋਈ ਥੋਪੀ ਜਾਣ ਵਾਲੀ ਚੀਜ਼ ਥੋੜੈ। ਏਹੋ ਜਿਹੇ ਕਾਰਨਾਮਿਆਂ ਵਿਚੋਂ ਈ ਪੈਦਾ ਹੁੰਦੀ ਆ। ਇਸ ਲਈ ਜੋ ਲੋਕ ਇਹ ਕਹਿੰਦੇ ਆ ਕਿ ਕਿਸੇ ਵੀ ਕ੍ਰਾਂਤੀਕਾਰੀ ਚੇਤਨਾ ਵਾਲੇ ਕਵੀ ਲਈ ਮਿੱਥਾਂ ਦਾ ਵਿਸਫੋਟਕ ਨਕਾਰਣ ਜਰੂਰੀ ਹੈ, ਉਹ ਵੀ ਗਲਤ ਨਹੀਂ ਕਹਿੰਦੇ। ਸਿਰ-ਪਰਨੇ ਖੜੀਆਂ ਮਿੱਥਾਂ ਦਾ ਖੰਡਨ ਸਿਧਾਂਤਕ ਰੂਪ ਵਿਚ ਹੈ ਤਾਂ ਜ਼ਰੂਰੀ ਪਰ ਜੇ ਕੋਈ ਧਾਰ ਕੇ ਅਜਿਹਾ ਕਰਨਾ ਸ਼ੁਰੂ ਕਰ ਦੇਵੇ ਤਾਂ ਕਾਵਿਕਤਾ ਦਾ ਘਟਣਾ ਨਿਸਚਤ ਹੈ। ਕਵਿਤਾ ਸਭ ਤੋਂ ਸੌਖਾ ਵਾਰ ਹੈ ਸਮਾਂ ਵਿਹਾ ਚੁੱਕੀਆਂ ਮਿੱਥਾਂ 'ਤੇ? ਕਵਿਤਾ 'ਚ ਜਾਨ ਉਦੋਂ ਹੀ ਪੈਂਦੀ ਹੈ ਜਦੋਂ ਅਸੀਂ ਮਿੱਥਾਂ ਤੋੜਦੇ ਹਾਂ। ਮੈਂ ਤਾਂ ਇਹ ਵੀ ਕਹਿਨਾ ....... ਬੰਦੇ ਨੂੰ ਸੱਚ ਬੋਲਣਾ ਚਾਹੀਦਾ ਹੈ ...... ਭ੍ਰਿਸ਼ਟਾਚਾਰ ਐਸ ਵੇਲੇ ਭਾਰੂ ਹੋਇਆ ...... ਸਚਾਈ ਦੀ ਹਰ ਜਾਂ ਜਿੱਤ ਹੁੰਦੀ ਆ...... ਲੋਟੂ ਸਮਾਜ ਦਾ ਸਭ ਤੋਂ ਵੱਧ ਘ੍ਰਿਣਤ ਅੰਗ ਹੈ..... ਇਹ ਗੱਲਾਂ ਵੀ ਮਿੱਥ ਬਣ ਚੁੱਕੀਆਂ ਭਾਵੇਂ ਕਿ ਇਹ ਉਸ ਤਰ੍ਹਾਂ ਭੰਜਨ ਯੋਗ ਨਹੀਂ ਹਨ। ਜਿਹੜੇ ਕਵੀ ਇਨ੍ਹਾਂ ਮੋਟੀਆਂ ਜਿਹੀਆਂ ਸਚਾਈਆਂ ਨੂੰ ਵੀ



ਅਪਨਾ ਕੇ ਲਿਖਣਗੇ, ਉਸ ਵਿਚ ਵੀ ਜਾਨ ਨਹੀਂ ਹੋਵੇਗੀ ਕਈ ਕਵੀ ਆ ਜਿਵੇਂ ਫਤਹਿਜੀਤ ਆ ... ਮੈਂ ਉਸ ਦੀ ਕਵਿਤਾ ਬਾਰੇ ਲੇਖ ਵੀ ਲਿਖਿਆ ਸੀ

? ਕੀ ਮਿੱਥ ਤੋੜਨ ਦੀ ਵਿਧੀ ਨੇ ਤੁਹਾਡੀ ਕਵਿਤਾ ਨੂੰ ਵਧੇਰੇ ਲੌਕਿਕ ਬਨਾਉਣ ਵਿਚ ਮਹੱਤਵਪੂਰਨ ਯੋਗਦਾਨ ਨਹੀਂ ਪਾਇਆ ?

— ਇਹ ਠੀਕ ਆ।

? ਜਦੋਂ ਅਸੀਂ ਛੰਨੀ ਦੀ ਗੱਲ ਕਰਾਂਗੇ, ਚੋਰੀ ਦੀ ਗੱਲ ਕਰਾਂਗੇ, ਪਰਮਾਤਮਾ ਇਕ ਹੈ ਸਾਰੇ ਮਨੁੱਖ ਬਰਾਬਰ ਹਨ ਜਾਂ ਚਿੜੀਆਂ ਦੇ ਚੰਬੇ ਦੀ ਗੱਲ ਕਰਾਂਗੇ ਤਾਂ ਜ਼ਿਆਦਾ ਲੌਕਿਕਤਾ ਨਹੀਂ ਆਉਂਦੀ ..... ?

—ਜਿਹੜੀਆਂ ਮਿੱਥਾਂ ਆਮ ਜੀਵਨ ਨਾਲ ਸੰਬੰਧਿਤ ਹਨ, ਜੇ ਉਨ੍ਹਾਂ ਦੀ ਗੱਲ ਕੀਤੀ ਜਾਵੇ ਤਾਂ ਕੁਦਰਤੀ ਹੈ ਕਿ ਲੌਕਿਕਤਾ ਜ਼ਿਆਦਾ ਹੋਵੇਗੀ ਪਰ ਜਿਵੇਂ 'ਕਾਮਰੇਡ ਨਾਲ ਗੱਲਬਾਤ' ਵਿਚ ਜਨਜੀਵਨ ਵਿਚ ਪ੍ਰਚੱਲਿਤ ਕਿਸੇ ਗੱਲ ਨੂੰ ਨਹੀਂ ਉਲਟਾਇਆ ਗਿਆ..... ਇਸ ਕਵਿਤਾ ਵਿਚ ਤੋੜਿਆ ਗਿਆ ਹੈ। ਕੁਦਰਤੀ ਹੈ ਇਥੇ ਲੌਕਿਕਤਾ ਘੱਟ ਹੋਵੇਗੀ....

? ਕੀ ਮਿੱਥ-ਭੰਜਨ ਪ੍ਰਕਿਰਿਆ 'ਚ ਅਚੇਤ ਜਿਹੇ, ਵਿਰੋਧੀ ਜੁੱਟਾਂ ਦੀ ਸਿਰਜਨਾ ਕਰਨ ਬਾਰੇ ਤੁਸੀਂ ਸੁਚੇਤ ਸੀ ?

— ਮਾਰਕਸਵਾਦੀ ਵਿਚਾਰਧਾਰਾ 'ਚ ਇਕ ਮਦ ਹੈ (Unity and struggle of opposites) ਇਹਦੀ ਰੋਸ਼ਨੀ 'ਚ ਸੁਚੇਤ ਹੋਕੇ ਜਦੋਂ ਮੈਂ ਦੁਨੀਆਂ ਨੂੰ ਦੇਖਦਾਂ ਤਾਂ ਮੈਨੂੰ ਕਈ ਇਸ ਤ੍ਰਾਂ ਦੀਆਂ ਗੱਲਾ ਦਿਸਦੀਆਂ। ਇਹਦਾ ਭਾਵ ਸਿਧਾਂਤ ਪੱਧਰ ਤੇ ਮੈਨੂੰ ਇਸਦਾ ਬੋਧ ਹੈ। ਲੇਕਿਨ ਕਵਿਤਾ 'ਚ ਸੁਚੇਤ ਹੋ ਕੇ ਨਹੀਂ ਲਿਖਿਆ। ਇਹ ਤਾਂ ਮੈਨੂੰ ਤੁਹਾਡੇ ਕਹਿਣ 'ਤੇ ਹੀ ਖਿਆਲ ਆਇਐ।

? ਹੋ ਸਕਦੈ ਵਿਚਾਰਧਾਰਾ ਦਾ ਅਚੇਤ ਜਿਹਾ ਦਖ਼ਲ ਹੋਵੇ ..... ?

— ਇਉਂ ਤਾਂ ਹੋਣੈ ! ਆਹ ਸਤਰਾਂ ਹਨ :-

ਉਦੋਂ ਤੂੰ ਭਾਸ਼ਾ ਦੇ ਦਿਮਾਗ ਦੇ ਮੌਲਣ ਵਿਚ
ਸੰਦ ਦਾ ਯੋਗਦਾਨ ਸੋਚਦੇ ਹੋਇਆਂ
ਗੁੰਮ ਸੁੰਮ ਤੁਰ ਗਿਆ ਸੈਂ
ਕਮਰਿਓਂ ਬਾਹਰ ਜਿਥੇ ਰਾਤ ਤੇ ਸਵੇਰ
ਧਰਤ ਦੇ ਉਲਟ ਸਿਰਿਆਂ 'ਤੇ ਖਲੋਕੇ
ਲੜ ਰਹੇ ਸਨ ਕੱਚੀ ਉਮਰ ਦੇ ਆਸ਼ਕਾਂ ਵਾਂਗ
ਇਕ ਹੋਣ ਦੇ ਲੋਭ ਵਿਚ !

ਅਗਲੀ ਹੀ ਸਤਰ ਕਹਿੰਦੀ ਹੈ :-

ਉਂਜ ਤਾਂ ਹਰ ਚੀਜ਼ ਸਿਧਾਂਤਕ ਤੌਰ ਤੇ ਸਹੀ ਸੀ
ਇਥੇ ਮੈਨੂੰ ਲਗਦੈ ਤੁਹਾਡੀ ਗੱਲ ਠੀਕ ਹੀ ਹੈ।

? ਇੰਦਰਾਗਾਂਧੀ ਬਾਰੇ ਤੁਸੀਂ ਕਈ ਕਵਿਤਾਵਾਂ ਲਿਖੀਆਂ ਹਨ। ਇਥੋਂ ਤੱਕ ਕਿ ਮ੍ਰਿਤੂ ਉਤੇ ਵੀ 'ਬੇਦਖ਼ਲੀ ਲਈ ਬਿਨੈ ਪੱਤਰ' ਕਵਿਤਾ ਰਚੀ। ਇਸਦਾ ਸਬੱਬ ?

— ਇਹ ਇਕ ਵੱਖਰਾ ਈ ਮਾਮਲਾ ਹੈ, ਇਸਨੂੰ (generalise) ਨਹੀਂ ਕੀਤਾ ਜਾ ਸਕਦਾ। ਇੰਦਰਾਗਾਂਧੀ ਖਿਲਾਫ ਮੇਰੇ ਮਨ 'ਚ ਏਨੀ ਜ਼ਿਆਦਾ ਨਫ਼ਰਤ ਭਰੀ ਪਈ ਐ ਕਿ

ਜ਼ਿੰਦਗੀ ਵਿਚ ਜੇ ਕਿਸ ਵਿਅਕਤੀ ਨੂੰ ਮੈਂ ਨਫਰਤ ਕੀਤੀ ਆ ਤਾਂ She is the woman) ..... ਇਥੋਂ ਤਕ ..... ਇੰਟਰਵਿਊ 'ਚ ਏਥੇ ਕਹਿਣਾ ਨਹੀਂ ਚਾਹੀਦਾ ਮੈਂ ਖੁਦ ਉਸਦਾ ਕਤਲ ਕਰਨਾ ਚਾਹੁੰਦਾ ਸਾਂ .... ਉਹਨੇ ਮੇਰੇ ਏਨੇ ਪਿਆਰ, ਨਾਜ਼ੁਕ ਤੇ ਕੋਮਲ ਛਿਣਾਂ ਨੂੰ ਕਤਲ ਕੀਤਾ .... ਕਿ ਇਕ ਥਾਂ ਨਹੀਂ, ਹਰ ਪੁਸਤਕ 'ਚ ਮੈਂ ਉਸ ਪ੍ਰਤਿ ਆਪਦੀ ਅੰਦਰਲੀ ਨਫਰਤ ਤੇ ਖਿਝ ਨੂੰ ਪ੍ਰਗਟ ਕੀਤਾ। 'ਉਡਦੇ ਬਾਜਾਂ ਮਗਰ', 'ਅਹਿਮਦ ਸਲੀਮ ਨਾਲ ਗਲੱਬਾਤ', 'ਲੰਕਾ' ਵਾਲੀ ਕਵਿਤਾ ਅਤੇ 'ਸਿਪਾਹੀ ਨੂੰ' ਵਾਲੀ ਕਵਿਤਾ ਵਿਚ ਮੈਂ ਉਹਦੇ ਖਿਲਾਫ ਖੁੱਲ੍ਹਕੇ ਲਿਖਿਆ। ਮੈਂ ਲਿਖਿਆ :

ਹਾਲਾਂ ਤਾਂ ਖੁਸ਼ੀਏ ਚੂੜੇ ਨੇ
ਬਾਲ ਕੇ ਹੁੱਕੇ 'ਚ ਧਰਨੀ ਹੈ
ਕਿਸੇ ਕੁਰਸੀ 'ਤੇ ਬੈਠੀ ਗਿਰਝ
ਦੇ ਪੱਟ ਦੀ ਨਰਮ ਹੱਡੀ

ਵਾਰ ਵਾਰ ਮੇਰਾ ਉਹਦੇ 'ਤੇ ਅਟੈਕ ਆਉਂਦਾ। ਉਹ ਮੇਰੇ ਲਈ ਜ਼ਾਲਮ, ਮਨੁੱਖਤਾ ਵਿਰੋਧੀ ਸਿਸਟਮ ਦਾ ਪ੍ਰਤਿਨਿਧ ਚਿੰਨ੍ਹ ਹੈ। ਉਹਦਾ ਵਿਅਕਤਿਤਵ ਵੀ ਅਤੇ ਸਿਸਟਮ ਦਾ ਚਿੰਨਾਤਮਕ ਦਰਜਾ ਵੀ ਮੇਰੇ ਨਾਲੋਂ ਕਿਤੇ ਉਪਰ ਸੀ। ਉਹ ਏਨੀ ਵੱਡੀ ਉਚੇ ਥਾਂ 'ਤੇ ਖੜੀ ਔਰਤ ਅਤੇ ਮੈਂ ਇਕ ਸਾਧਾਰਨ ਪੇਂਡੂ ਮੁੰਡਾ! ਮੈਂ ਉਹਦੀ ਹੱਤਕ ਕਰਨੀ ਚਾਹੁੰਦਾ ਸੀ। ਜਦੋਂ ਕਿਸੇ ਦੀ ਵਾਹ ਚੱਲਦੀ ਨਾ ਹੋਵੇ ਤਾਂ ਗਾਲ ਕੱਢਦੈ। ਇਸ ਕਰਕੇ ਕੁਝ ਅਸ਼ਲੀਲ ਸ਼ਬਦ ਮੈਂ ਸੁਚੇਤ ਤੌਰ ਤੇ ਲਿਖੇ ......

? ਤੁਸੀਂ ਦਿੱਲੀ ਚੰਗਿਆਂ ਬਾਰੇ ਸਪੱਸ਼ਟ ਲਿਖਿਆ :

ਮੈਂ ਨਹੀਂ ਚਾਹੁੰਦਾ
ਕਿ ਮੈਂ ਇਸ ਬਿਨਾਅ ਤੇ ਬਚਦਾ ਫਿਰਾਂ
ਕਿ ਮੇਰਾ ਨਾਂ ਪਤਾ ਨਹੀਂ ਹੈ ਭਜਨ ਲਾਲ ਬਿਸ਼ਨੋਈ ਨੂੰ,
ਇਸ ਗੁੰਡਿਆਂ ਦੀ ਸਲਤਨੱਤ ਦਾ ਜੋ ਵੀ ਨਾਂ ਹੈ
ਮੈਂ ਉਸ ਦਾ ਨਾਗਰਿਕ ਹੋਣ ਤੇ ਥੁੱਕਦਾ ਹਾਂ।

ਕੀ ਤੁਹਾਡਾ ਮਕਸਦ ਵਾਸਤਵਿਕ ਸੱਚ ਨੂੰ ਕਾਵਿ-ਸੱਚ 'ਚ ਰੂਪਾਂਤਰਿਤ ਕਰਨਾ ਸੀ ?

— ਅਜਿਹਾ ਨਹੀਂ ਕਿ ਮੈਂ ਵਾਸਤਵਿਕ ਸੱਚ ਨੂੰ ਪੇਸ਼ ਕਰਨ 'ਚ ਕਾਹਲਾ ਸਾਂ। ਮੇਰੇ ਸਾਹਮਣੇ ਅਜਿਹੀ ਕੋਈ ਗੱਲ ਨਹੀਂ ਸੀ। ਮੈਂ ਉਸ ਵੇਲੇ ਮੂਕ ਦਰਸ਼ਕ ਬਣਿਆ ਕਿਸ ਤਰ੍ਹਾਂ ਰਹਿ ਸਕਦਾ ਹਾਂ ਜਦੋਂ ਕਿ ਇਸ ਦੀ ਸ਼ਕਲ ਸੂਰਤ ਦੇ ਆਧਾਰ 'ਤੇ ਹੀ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੋਵੇ। ਇਸੇ ਕਰਕੇ ਹੀ ਇਹ ਕਵਿਤਾ ਲਿਖੀ ਗਈ .....

? ਕੀ ਤੁਹਾਨੂੰ ਆਪਣੀ ਨਿਵੇਕਲੀ ਕਾਵਿ ਪਛਾਣ ਬਾਰੇ ਅਹਿਸਾਸ ਹੈ ?

— ਪਹਿਲਾਂ ਤਾਂ ਨਹੀਂ ਸੀ ਪਰ ਹੁਣ ਮੈਨੂੰ ਲਗਦੈ ਕਿ ਮੇਰੇ 'ਚ ਵੀ ਕੋਈ ਵਿਲੱਖਣਤਾ ਹੈ ਸਹੀ!

ਨਿਸਚੇ ਹੀ ਇਹ ਵਿਲੱਖਣਤਾ ਤੁਹਾਡੀ ਵੱਖਰੀ ਕਾਵਿ-ਪਛਾਣ ਸਥਾਪਿਤ ਕਰਦੀ ਹੈ।

(ਪਾਸ਼ ਦੇ ਚਿਹਰੇ ਤੇ ਇਕ ਗੰਭੀਰ ਮੁਸਕਾਨ ਫੈਲ ਗਈ!) ●

*(ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ - 144040)*



## ਗ਼ਜ਼ਲਾਂ

*—ਡਾ. ਐਸ. ਤਰਸੇਮ*

1.

ਹੁਣ ਤਾਂ ਕੋਈ ਕੋਈ ਹੀ ਬਸ ਪਿੰਡ ਵਿਚ ਜਗਦਾ ਚਰਾਗ਼
ਕੋਈ ਵੀ ਘਰ ਹੁਣ ਬਨੇਰੇ 'ਤੇ ਨਹੀਂ ਧਰਦਾ ਚਰਾਗ਼.

ਉਹ ਹਨ੍ਹੇਰੀ ਵਿੱਚ ਵੀ ਬੁਝਦਾ ਨਹੀਂ ਹੁੰਦਾ ਕਦੇ ਵੀ
ਜਾਣਦੈ ਜੋ ਕਰਨ ਆਪੇ ਪੌਣ ਦਾ ਪਰਦਾ ਚਰਾਗ਼

ਜ਼ਿੰਦਗੀ ਜੇ ਰੌਸ਼ਨੀ ਹੈ ਇਸਨੂੰ ਲਟ ਲਟ ਬਲਣ ਦੇ
ਘਰ ਕਿਸੇ ਵਿਚ ਵੀ ਨਹੀਂ ਬੁਝਿਆ ਕਦੇ ਜਚਦਾ ਚਰਾਗ਼

ਉਸ ਨੂੰ ਹੀ ਹੈ ਪਤਾ ਕਿ ਦੁੱਖ ਹੁੰਦਾ ਪੁੱਤ ਦਾ ਕੀ
ਦਿਨ ਦਿਹਾੜੇ ਹੀ ਬੁਝੇ ਜਿਸਦਾ ਕਦੇ ਘਰ ਦਾ ਚਰਾਗ਼

ਨ੍ਹੇਰ ਵਿਚ ਤਰਸੇਮ ਨੇ ਕੱਟੀ ਹੈ ਸਾਰੀ ਜ਼ਿੰਦਗੀ
ਰੱਖਿਓ ਉਸਦੀ ਮੜ੍ਹੀ 'ਤੇ ਦੋਸਤੋ ਜਗਦਾ ਚਰਾਗ਼।

□

ਪਹਿਲਾਂ ਨਾਲੋਂ ਰੁੱਤ ਬਿਹਤਰ ਹੋ ਗਈ ਹੈ ਵੇਖ ਲਉ
ਪੌਣ ਦੇ ਵਿਚ ਘੁਲ ਗਈ ਮੁੜ ਕੇ ਨਮੀ ਹੈ ਵੇਖ ਲਉ

ਇਕ ਕਲਾਧਾਰੀ ਦੇ ਬੁੱਲ੍ਹਾਂ ਨਾਲ ਛੂਹ ਕੇ ਦੋਸਤੋ
ਬਾਂਸ ਦੀ ਪੋਰੀ ਵੀ ਬਣ ਗਈ ਬੰਸਰੀ ਹੈ ਵੇਖ ਲਉ

ਉਡਦੀਆਂ ਕੁਝ ਤਿਤਲੀਆਂ ਨੂੰ ਵੇਖ ਕੇ ਸਭ ਕਹਿ ਰਹੇ
ਮੌਸਮਾਂ ਵਿਚ ਆ ਗਈ ਮੁੜ ਤਾਜ਼ਗੀ ਹੈ ਵੇਖ ਲਉ

ਰਖਦਿਆਂ ਆਲੇ 'ਚ ਹੀ ਜੋ ਬੁਝ ਗਿਆ ਹੈ, ਦੀਪ ਉਹ
ਦੇ ਰਿਹਾ ਹੈ ਫੇਰ ਵੀ ਕੁਝ ਰੌਸ਼ਨੀ ਹੈ ਵੇਖ ਲਉ

ਤਪਦੇ ਥਲ ਦੀ ਨਾਲ ਜਿਸਦੇ ਦੋਸਤੀ ਹੈ ਦੇਰ ਤੋਂ
ਉਹ ਕਿਨਾਰੇ ਤੋੜਦੀ ਬਿਫਰੀ ਨਦੀ ਹੈ ਵੇਖ ਲਉ

ਅੱਗ ਦਾ ਕਿੱਸਾ ਸੁਣਾਉਣਾ ਓਸ ਨੂੰ ਵਾਜਿਬ ਨਹੀਂ
ਜੋ ਵਿਚਾਰੀ ਜਨਮ ਤੋਂ ਹੀ ਦਿਲਜਲੀ ਹੈ ਵੇਖ ਲਉ

ਆਪਣਾ ਦੇ ਕੇ ਹਵਾਲਾ ਕਹਿ ਰਿਹਾ ਤਰਸੇਮ ਹੈ
ਰੌਸ਼ਨੀ ਤੋਂ ਵੀ ਬਿਨਾਂ ਇਹ ਜ਼ਿੰਦਗੀ ਹੈ ਵੇਖ ਲਉ।

◆

### ਮਹਿਮਾ ਸਿੰਘ

3.

ਮੈਂ ਆਪਣੇ ਹਿੱਸੇ ਦੀ ਖ਼ੁਸ਼ਬੂ ਮੰਗਦਾ ਹਾਂ, ਰੰਗ ਮੰਗਦਾ ਹਾਂ
ਸੂਹੀ ਲਾਲ ਹਥੇਲੀ 'ਤੋਂ ਟੁੱਟੀ ਹੋਈ ਵੰਗ ਮੰਗਦਾ ਹਾਂ

ਸੂਰਜ ਦੇ ਵੱਲ ਉਡਿਆ ਸੀ ਮੈਂ ਜਲਦੇ ਹੋਏ ਫ਼ੰਗਾਂ ਨਾਲ
ਧਰਤੀ ਉੱਤੇ ਡਿਗਿਆ ਹਾਂ, ਸੂਰਜ ਕੋਲੋਂ ਫ਼ੰਗ ਮੰਗਦਾ ਹਾਂ

ਮਿੱਤਰਾਂ ਤੋਂ ਮੈਂ ਆਸ ਨਾ ਕਰਦਾ ਫੋਕੀ ਪੋਚਾ ਪਾਚੀ ਦੀ
ਮਿੱਤਰਾਂ ਤੋਂ ਸਾਹਾਂ ਦੇ ਵਿਚ ਖੰਗਣ ਵਾਲੀ ਖੰਗ ਮੰਗਦਾ ਹਾਂ

ਮੰਜ਼ਿਲਾਂ 'ਤੇ ਜਾ ਕੇ ਵੀ ਅਕਸਰ ਮੈਂ ਸਤੁੰਸ਼ਟ ਨਹੀਂ ਹੁੰਦਾ
ਮੰਜ਼ਿਲ ਤੋਂ ਵੀ ਰਾਹਾਂ ਵਿਚਲੇ ਟੁੱਟੇ ਹੋਏ ਅੰਗ ਮੰਗਦਾ ਹਾਂ

ਹਰ ਮੰਜ਼ਿਲ ਤੋਂ ਅੱਗੇ ਹੁੰਦੀ ਹੈ ਇਕ ਹੋਰ ਨਵੀਂ ਮੰਜ਼ਿਲ
ਹਰ ਮੰਜ਼ਿਲ ਤੋਂ ਹੀ ਅੱਗੇ ਜਾਵਣ ਦੇ ਮੈਂ ਢੰਗ ਮੰਗਦਾ ਹਾਂ

ਕੰਨੀਂ ਕਾਂਟੇ ਪਾਏ ਨੇ ਤੇ ਗਿੱਚੀਆਂ ਉੱਤੇ ਗੁੱਤਾਂ ਨੇ
ਅੱਜਕੱਲ੍ਹ ਦੇ ਮੁੰਡਿਆਂ ਤੋਂ ਥੁਹੜੀ ਜੇਹੀ ਮੈਂ ਸੰਗ ਮੰਗਦਾ ਹਾਂ

ਲੋਕਾਂ ਦੀਆਂ ਅੱਖਾਂ 'ਚੋਂ ਜੋ ਟਪਕੇ ਯਾਰ ਲਹੂ ਬਣ ਕੇ
ਲੋਕਾਈ ਦੇ ਹੱਕਾਂ ਲਈ ਲੋਕਾਂ ਤੋਂ ਉਹ ਜੰਗ ਮੰਗਦਾ ਹਾਂ।

●

4.

ਤਪਦਾ ਹੋਇਆ ਸੂਰਜ ਆਖ਼ਰ ਠਰ ਜਾਂਦਾ ਹੈ
ਸ਼ਾਮ ਢਲੇ ਹਰ ਪੰਛੀ ਆਪਣੇ ਘਰ ਜਾਂਦਾ ਹੈ

ਦਾਰੂ ਵਾਗੂੰ ਰੋਜ਼ ਮੈਂ ਉਸ ਨੂੰ ਪੀ ਜਾਂਦਾ ਹਾਂ
ਦਰਦਾਂ ਵਾਲਾ ਰੋਜ਼ ਪਿਆਲਾ ਭਰ ਜਾਂਦਾ ਹੈ

ਮੁਖ ਦੀ ਆਭਾ, ਜ਼ੁਲਫ ਦੀ ਖ਼ੁਸ਼ਬੂ, ਚੀਜ਼ ਪਿਆਰੀ
ਹਰ ਇਕ ਚੀਜ਼ ਪਿਆਰੀ 'ਤੇ ਦਿਲ ਭਰ ਜਾਂਦਾ ਹੈ

ਇੰਜ ਨਾ ਕੰਕਰ ਮਾਰੋ ਮੇਰੀ ਤਨਹਾਈ ਵਿਚ
ਸੋਚ ਮਿਰੀ ਦਾ ਸਬਜ਼ ਕਬੂਤਰ ਡਰ ਜਾਂਦਾ ਹੈ

ਸਰ ਜਾਵੇਗਾ ਆਖ਼ਰ ਉਸ ਹਰਜਾਈ ਬਾਝੋਂ
ਪਿਆਰ ਬਿਨਾਂ ਵੀ ਲੋਕਾਂ ਦਾ ਜਦ ਸਰ ਜਾਂਦਾ ਹੈ

ਝੀਲਾਂ ਵਰਗੇ ਨੈਣਾਂ, ਚੋਂ ਡੁੱਬ ਕੇ ਉਭਰੇ ਜੋ
ਗ਼ਮ ਦਾ ਸਾਗਰ ਵੀ ਉਹ ਆਖ਼ਰ ਤਰ ਜਾਂਦਾ ਹੈ

ਮਾਨਵਤਾ ਦਾ ਦਰਦ ਜਦੋਂ ਸ਼ਬਦਾਂ ਵਿਚ ਢਲਦਾ
ਉਸ ਪਲ ਸ਼ਾਇਰ ਨੇਕ ਕਮਾਈ ਕਰ ਜਾਂਦਾ ਹੈ।

*(ਹਲਵਾਰਾ, ਲੁਧਿਆਣਾ, 141107)* ●



### *ਅਮਰਦੀਪ ਸੰਧਾਵਾਲੀਆ*

5.

ਰਚਾ ਕੇ ਪਿਆਸ ਦਾ ਪੂਰਾ ਅੰਡਬਰ
ਨਦੀ ਇਕ ਪੀ ਗਈ ਸਾਰਾ ਸਮੁੰਦਰ।

ਰਹੇ ਖ਼ਾਮੋਸ਼• ਮੇਰੀ ਚੀਕ ਭਾਵੇਂ,
ਬੜਾ ਹੈ ਸ਼ੋਰ ਮੇਰੀ ਚੁੱਪ ਅੰਦਰ।

ਕਿਵੇਂ ਤਫ਼ਤੀਸ਼ ਕਾਤਿਲ ਦੀ ਕਰੇਗੇਂ,
ਉਨ੍ਹੇ ਅੱਖਾਂ 'ਚ ਰੱਖੇ ਸਾਂਭ ਖੰਜਰ।

ਧਨੁਸ਼ ਚੁੱਕਣਾ ਵਫ਼ਾ ਦਾ ਲਾਜ਼ਮੀ ਸੀ,
ਕਿਸੇ ਨਾ ਜਿੱਤਿਆ ਮੇਰਾ ਸੁਅੰਬਰ।

ਕਥਾ ਤੇਰੀ 'ਚ ਤੁਰਦਾ ਗ਼ੈਰ ਜਦ ਵੀ,
ਗ਼ਜ਼ਲ ਮੇਰੀ ਖਲੋ ਜਾਵੇ ਠਠੰਬਰ।

ਖ਼ਲੋਤਾ ਦਿਨ ਰਿਹਾ ਮੇਰੇ ਸਿਰ੍ਹਾਣੇ,
ਅਜਬ ਇਕ ਵੇਖਿਆ ਮੈਂ ਰਾਤ ਮੰਜ਼ਰ।

ਅਸਾਡੇ ਹੌਂਸਲੇ ਖ਼ਾਤਿਰ ਹੀ ਕਹਿ ਦੇ,
ਬੜੇ ਏਥੋਂ ਗਏ ਖਾਲੀ ਸਿਕੰਦਰ।

ਨਵਾਂ ਇਹ ਸਾਲ ਵੀ ਪਿਛਲੇ ਜਿਹਾ ਹੈ,
ਅਸੀਂ ਤਾਂ ਬਦਲਿਆਂ ਹੈ ਬਸ ਕਲੰਡਰ।

'ਅਮਰ' ਨਾ ਤਾਰਿਆਂ ਦੀ ਗੱਲ ਕਰਦਾ,
ਸਿਆਣਾ ਹੈ, ਬੜੀ ਦੂਰ ਅੰਬਰ।

*(ਆਕਾਸ਼ਵਾਣੀ ਬਠਿੰਡਾ)* ❒

### *ਅਮਰਜੀਤ ਸਿੰਘ ਸੰਧੂ*

6.

ਪਿੰਡ ਦੀ ਕਿਸਮਤ 'ਚ ਰੱਬਾ, ਸੁੰਞੀਆਂ ਸੱਥਾਂ ਨਾ ਲਿਖ!
ਚਿੱਟੀਆਂ ਚੁੰਨੀਆਂ ਤੇ ਮਹਿੰਦੀ-ਹੀਣੀਆਂ ਤਲੀਆਂ ਨਾ ਲਿਖ!

ਕਲ਼ੀਆਂ ਦੇ ਭਾਗਾਂ 'ਚ ਨਾ ਪੱਥਰਾਂ ਦੇ ਗਲ਼ ਪੈਣਾ ਲਿਖੀਂ,
ਕਵੀਆਂ ਦੇ ਭਾਗਾਂ 'ਚ ਬੇ-ਸ਼ੱਕ ਐ ਖ਼ੁਦਾ, ਕਲ਼ੀਆਂ ਨਾ ਲਿਖ!

ਘੁੱਗੀਆਂ, ਬਾਜਾਂ ਤੇ ਕਾਵਾਂ ਵਿਚਲੇ ਅੰਤਰ ਨੂੰ ਜਾਣ,
ਹਰ ਤਰ੍ਹਾਂ ਦੇ ਪੰਛੀਆਂ ਨੂੰ, ਸ਼ਾਇਰਾ! ਚਿੜੀਆਂ ਨਾ ਲਿਖ!

ਸਿਰ 'ਚ ਇਕ ਦੀਮਾਗ਼ ਵੀ ਹੁੰਦੈ, ਉਦ੍ਹੀ ਵੀ ਗੱਲ ਕਰ,
ਸਿਫ਼ਤ ਦੇ ਕਾਬਿਲ ਤੂੰ ਕੇਵਲ ਕਾਲੀਆਂ ਜ਼ੁਲਫ਼ਾਂ ਨਾ ਲਿਖ!

ਕੀ ਪਤੈ ਕਿਸ ਗੱਲ ਤੋਂ ਕਿਸ ਵਕਤ ਮੁੱਕਰਨਾ ਪਵੇ ?
ਮਿਲਕੇ ਹੀ ਗੱਲਾਂ ਕਰਾਂਗੇ, ਦੋਸਤਾ ਚਿੱਠੀਆਂ ਨਾ ਲਿਖ!

ਤਰਲਿਆਂ ਦਾ ਵੱਲ ਸਿਖਾ, ਸੰਘਰਸ਼ ਦਾ ਰਸਤਾ ਨਾ ਦੱਸ,
ਹੀਰ ਦੇ ਕਿੱਸੇ ਸੁਣਾ, ਮਿਰਜ਼ੇ ਦੀਆਂ ਵਾਰਾਂ ਨਾ ਲਿਖ!

ਠੀਕ ਕਹਿੰਦੇ ਨੇ ਤੇਰੇ ਯਾਰ, "ਸੰਧੂ" ਗੌਰ ਕਰ,
ਗੀਤ ਲਿਖ, ਕੈਸਿਟ ਕਢਾ, ਪੈਸੇ ਕਮਾ, ਗ਼ਜ਼ਲਾਂ ਨਾ ਲਿਖ!

●

*ਕਹਾਣੀ*

## ਜੋਗ / *ਧਰਮਪਾਲ ਸਾਹਿਲ*

“......ਇਹ ਪੰਜ ਜਣੇ ਮੇਰੀ ਮੌਤ ਲਈ ਜ਼ਿੰਮੇਵਾਰ ਹਨਗੇ ......!” ਉਸ ਨੇ ਡੈਥ ਨੋਟ ਲਿਖ ਕੇ ਮੁੜ ਇਕ ਵਾਰੀ ਚੰਗੀ ਤਰ੍ਹਾਂ ਪੜ੍ਹਿਆ। ਹੇਠਾਂ ਆਪਣੇ ਸਪਸ਼ਟ ਹਸਤਾਖਰ ਕੀਤੇ। ਉਸ ਕਾਗਜ ਨੂੰ ਮੇਜ਼ ਤੇ ਰੱਖ ਕੇ ਉੱਤੇ ਪੇਪਰ ਵੇਟ ਰੱਖ ਦਿੱਤਾ, ਤਾਂ ਜੋ ਉਸ ਨੂੰ ਲੱਭਣ ਵਿੱਚ ਬਹੁਤੀ ਪਰੇਸ਼ਾਨੀ ਨਾ ਹੋਵੇ। ਉਸ ਨੇ ਕੰਧ ਘੜੀ ਤੇ ਨਿਗਾਹ ਮਾਰੀ। ਰਾਤ ਦੇ ਬਾਰਾਂ ਵੱਜ ਚੱਲੇ ਸਨ। ਭਿਆਨਕ ਸੰਨਾਟਾ। ਬੱਚੇ ਤੇ ਪਤਨੀ ਦੂਸਰੇ ਕਮਰੇ ਵਿੱਚ ਘੂਕ ਸੁੱਤੇ ਪਏ ਸਨ। ਉਸਨੂੰ ਹੁਣੇ ਚਲੇ ਜਾਣਾ ਚਾਹੀਦੈ। ਮਨ ਤਾਂ ਉਸਨੇ ਪੱਕਾ ਕਰ ਹੀ ਲਿਆ ਏ ਚੰਗੀ ਤਰ੍ਹਾਂ ਨਾਲ ਮੌਤ ਨੂੰ ਵਰ ਲੈਣ ਦਾ। ਸੋਚਦਾ ਹੋਇਆ ਉਹ ਬਿਨਾਂ ਖੜਾਕ ਕੀਤਿਆਂ ਵਰਾਂਡੇ 'ਚ ਆ ਗਿਆ। ਦਿਲ ਕੀਤਾ ਆਖ਼ਰੀ ਵਾਰ ਇਕ ਨਜ਼ਰ ਪਤਨੀ ਤੇ ਬੱਚਿਆਂ ਨੂੰ ਵੇਖ ਲਵਾਂ, ਫਿਰ ਦੂਸਰ ਹੀ ਪਲ ਖਿਆਲ ਆਇਆ, ਕੀ ਕਰਾਂਗਾ ਵੇਖ ਕੇ, ਬੱਤੀ ਬਾਲਦਿਆਂ ਜਾਂ ਬੁਝਾਉਂਦਿਆਂ ਕਿਸੇ ਦੀ ਅੱਖ ਖੁਲ੍ਹ ਗਈ ਤਾਂ ਉਨ੍ਹਾਂ ਨੂੰ ਸ਼ੱਕ ਹੋ ਜਾਵੇਗਾ। ਇਹ ਵਿਚਾਰ ਤਿਆਗ ਕੇ, ਮਜਬੂਤ ਦਿਲ ਨਾਲ, ਮਨ ਹੀ ਮਨ ਉਹ ਸਾਰਿਆਂ ਨੂੰ ਅਲਵਿਦਾ ਕਹਿ ਤੇ ਮੁਆਫੀ ਮੰਗ ਕੇ ਉਹ ਪਲ ਪੱਬੀਂ ਬਾਹਰ ਸੜਕ ਤੇ ਆ ਗਿਆ। ਉਸ ਸਮੇਂ ਉਸ ਦੇ ਮਨ ਵਿੱਚ ਕਿਸੇ ਵੀ ਸੰਸਾਰਿਕ ਵਸਤੂ ਨਾਲ ਕੋਈ ਮੋਹ ਨਹੀਂ ਸੀ ਰਹਿ ਗਿਆ। ਨਿਰਵਾਣ ਦੀ ਤਲਾਸ਼ ਵਿੱਚ ਨਿਕਲੇ ਸਿਧਾਰਥ ਵਾਂਗ।

ਉਸਨੇ ਕਸਬੇ ਦੇ ਬਾਹਰ ਵਾਰ ਵਗਦੀ ਵੱਡੀ ਨਹਿਰ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦੀ ਯੋਜਨਾ ਬਣਾਈ ਸੀ। ਉਸ ਦੇ ਘਰ ਤੋਂ ਨਹਿਰ ਵਿਚਾਲੇ ਮਸਾਂ ਪੰਜ ਕੁ ਮਿੰਟ ਦਾ ਰਸਤਾ ਵੀ ਨਹੀਂ ਸੀ, ਜਿਹੜਾ ਉਸਨੇ ਪਲਕ ਝਮਕਦਿਆਂ ਤੈਅ ਕਰ ਲੈਣਾ ਸੀ ਤੇ ਦੂਜੇ ਹੀ ਪਲ ਛਾਲ ਮਾਰ ਕੇ ਸਭ ਕੁਝ ਤਮਾਮ। ਨਿਤ ਦਿਨ ਉਸ ਨਹਿਰ ਵਿੱਚ ਕਿਸੇ ਨਾ ਕਿਸੇ ਦੇ ਡੁੱਬ ਮਰਨ ਦੀ ਖਬਰ ਸੁਣਨ ਦੇ, ਲੋਕੀ ਆਦੀ ਹੋ ਗਏ ਸਨ। ਨਹਿਰ ਇੰਨੀ ਵੱਡੀ ਤੇ ਉਸਦਾ ਵਹਾਅ ਇੰਨਾ ਤੇਜ਼ ਸੀ ਕਿ ਜਿਹੜਾ ਇਕ ਵਾਰੀ ਇਸ ਵਿੱਚ ਡਿੱਗਿਆ ਤਾਂ ਫਿਰ ਉਸਦੀ ਥਾਂ-ਥਾਂ ਤੋਂ ਫੱਟੜ ਹੋਈ ਲਾਸ਼ ਹੀ ਮਿਲਦੀ। ਪਾਵਰ ਹਾਊਸ ਦੇ ਗੇਟਾਂ ਤੋਂ। ਕਈ ਹੋਣਹਾਰ ਵਿਦਿਆਰਥੀਆਂ ਨਿਰਾਸ਼ ਪ੍ਰੇਮੀਆਂ, ਦੁਖੀ ਪਤੀ-ਪਤਨੀਆਂ, ਅੱਲੜ੍ਹ ਉਮਰ ਦੇ ਨਾਦਾਨ ਤਾਰੀ ਲਾਉਣ ਦੀ ਭੁੱਲ ਕਰ ਬੈਠੇ ਨੌਜੁਆਨਾਂ ਨੂੰ ਆਪਣੀ ਵੇਗ ਮਈ ਧਾਰਾ ਵਿੱਚ ਸਮੋ ਲਿਆ ਸੀ। ਕੁਝ ਦਿਨ ਇਸ ਘਟਨਾ ਦਾ ਚਰਚਾ ਹੁੰਦਾ। ਅਖਬਾਰਾਂ 'ਚ ਸੁਰਖ਼ੀ ਆਉਂਦੀ। ਤਦ ਤਾਈਂ ਕਿਸੇ ਹੋਰ ਦੇ ਡੁੱਬ ਮਰਨ ਦੀ ਖਬਰ ਫੈਲ ਜਾਂਦੀ। ਲੋਕ ਪਹਿਲੀ ਗੱਲ ਨੂੰ ਭੁੱਲ ਜਾਂਦੇ। ਨਵੀਂ ਦੀ ਚਰਚਾ ਕਰਦੇ ਤੇ ਇਹ ਸਿਲਸਿਲਾ ਚਲਦਾ ਆਉਂਦਾ ਸੀ।

ਉਸ ਦੇ ਕਦਮ ਖੁਦ-ਬ-ਖੁਦ ਨਹਿਰ ਵੱਲ ਵੱਧ ਰਹੇ ਸਨ। ਉਂਜ ਉਸ ਸਮੇਂ ਉਹ ਕੁਝ ਵੀ ਚੰਗੀ ਤਰ੍ਹਾਂ ਵੇਖਣ ਸੁਣਨ ਸਮਝਣ ਦੀ ਅਵਸਥਾ ਵਿੱਚ ਨਹੀਂ ਸੀ। ਬੰਦੂਕ 'ਚੋਂ ਨਿਕਲੀ ਗੋਲੀ ਵਾਂਗ ਉਸ ਸਿੱਧੇ ਆਪਣੇ ਨਿਸ਼ਾਨੇ ਵੱਲ ਵਧਣਾ ਸੀ। ਪਰ ਤਦ ਹੀ ਸਟਰੀਟ ਲਾਈਟ ਵਿੱਚ ਉਸ ਨੇ ਵੇਖਿਆ ਕਿ ਇੱਕ ਕਾਲੀ ਬਿੱਲੀ ਤੇਜ਼ੀ ਨਾਲ ਸੜਕ ਕ੍ਰਾਸ ਕਰ ਰਹੀ ਹੈ। ਉਸ ਦੇ ਪੈਰ ਤ੍ਰਭਕ ਕੇ ਥਾਏਂ ਰੁਕ ਗਏ। ਇਹ ਤਾਂ ਅਪਸ਼ਗਨ ਹੋ ਗਿਆ। ਪਰ ਉਸ ਨਾਲ ਹੁਣ ਤੱਕ ਅਪਸ਼ਗਨ ਹੀ ਤਾਂ ਹੋਇਆ ਏ।



ਇਸ ਦਾ ਮਤਲਬ ਹੁਣ ਉਹ ਜਿਸ ਕਾਰਜ ਲਈ ਘਰੋਂ ਨਿਕਲਿਆ ਸੀ ਉਹ ਨਹੀਂ ਹੋਵੇਗਾ। ਉਸ ਨੂੰ ਚੇਤੇ ਆਇਆ ਜਿਸ ਰਸਤੇ ਉਹ ਜਾ ਰਿਹਾ ਸੀ, ਅੱਗੇ ਨਹਿਰ ਤੇ ਬਣੇ ਪੁੱਲ ਤੇ ਸਾਰੀ ਰਾਤ ਪੁਲਿਸ ਦਾ ਪਹਿਰਾ ਰਹਿੰਦਾ ਹੈ। ਉਹ ਉਸਨੂੰ ਅੱਧੀ ਰਾਤੀ ਉੱਥੇ ਵੇਖ ਕੇ ਪੁੱਛ-ਗਿੱਛ ਕਰ ਸਕਦੇ ਹਨ। ਜੇ ਉਨ੍ਹਾਂ ਨੂੰ ਸ਼ੱਕ ਹੋ ਗਿਆ ਤਾਂ ਉਸ ਦਾ ਕੀਤਾ ਕਰਾਇਆ ਖੂਹ 'ਚ ਪੈ ਜਾਵੇਗਾ।

ਹੁਣ ਉਸਨੂੰ ਕੀ ਕਰਨਾ ਚਾਹੀਦਾ ਏ। ਅਚਾਨਕ ਬੁੱਜ ਜਿਹਾ ਹੋਇਆ ਉਸ ਦਾ ਦਿਮਾਗ ਤੇਜ਼ੀ ਨਾਲ ਸੋਚਣ ਲੱਗ ਪਿਆ। ਉਸ ਨੂੰ ਰਸਤਾ ਹੀ ਬਦਲ ਲੈਣਾ ਚਾਹੀਦਾ ਹੈ। ਉਹ ਸਿੱਧਾ ਪੁੱਲ ਵੱਲ ਨੂੰ ਜਾ ਕੇ ਚੌਕ ਤੋਂ ਖੱਬੇ ਪਾਸੇ ਮੁੜ ਕੇ ਆਈ.ਟੀ.ਆਈ. ਬਿਲਡਿੰਗ ਦੇ ਪਿਛਿਉਂ ਜਾ ਸਕਦਾ ਹੈ। ਇਹ ਥਾਂ ਪੁੱਲ ਤੋਂ ਕਾਫੀ ਦੂਰ ਪੈਂਦੀ ਹੈ। ਪਰ ਇਧਰੋਂ ਵੀ ਉਸਨੂੰ ਇੱਕ ਖ਼ਤਰਾ ਮਹਿਸੂਸ ਹੋਇਆ। ਆਈ. ਟੀ. ਆਈ. ਦੀ ਗਰਾਊਂਡ ਖ਼ਤਮ ਹੁੰਦਿਆ ਹੀ ਨਹਿਰ ਦੇ ਕੰਢੇ-ਕੰਢੇ ਦੂਸਰੇ ਪੁੱਲ ਤਾਈਂ ਝੁੱਗੀ ਝੋਂਪੜੀ ਵਾਲੇ ਰਹਿੰਦੇ ਹਨ। ਉਨ੍ਹਾਂ ਦੇ ਭੁੱਖੇ ਕੁੱਤੇ ਹੋਏ ਤਾਂ ਉਹ ਅਜਨਬੀ ਨੂੰ ਵੇਖ ਕੇ ਭੌਂਕਣਗੇ ਤਾਂ ਲੋਕੀ ਜਾਗ ਪੈਣਗੇ, ਜੇ ਕੁੱਤੇ ਖੁਲ੍ਹੇ ਛੱਡੇ ਹੋਏ ਤਾਂ ਉਹ ਉਸ ਨੂੰ ਵੱਢ ਖਾਣ ਵਿੱਚ ਜ਼ਰਾ ਵੀ ਤਰਸ ਨਹੀਂ ਖਾਣਗੇ। ਉਸ ਦਾ ਮਕਸਦ ਆਪਣੇ ਆਪਨੂੰ ਕੁੱਤਿਆਂ ਦਾ ਭੋਜਨ ਬਣਾਉਣਾ ਨਹੀਂ ਹੈ। ਜਾ ਫਿਰ ਚੌਂਕ ਤੋਂ ਸੱਜੇ ਪਾਸੇ ਮੰਦਿਰ ਵਾਲਾ ਰਸਤਾ ਵੀ ਚੁਣਿਆ ਜਾ ਸਕਦਾ ਹੈ। ਮੰਦਿਰ ਸਾਹਮਣਿਓਂ ਸਿਵਿਆਂ ਨੂੰ ਜਾਣ ਵਾਲੇ ਪੁੱਲ ਤੋਂ ਵੀ ਆਪਣਾ ਕੰਮ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਫਿਰ ਉਸ ਦਾ ਧਿਆਨ ਮੰਦਿਰ ਨੇੜਲੇ ਬਜ਼ਾਰ ਵਿੱਚ ਚਲ ਰਹੇ ਮਾਤਾ ਦੇ ਜਗਰਾਤੇ ਦੀਆਂ ਫਿਲਮੀ ਤਰਜ਼ਾਂ ਤੇ ਚਲਦੀਆਂ ਭੇਂਟਾ ਵੱਲ ਖਿਚਿਆ ਗਿਆ। ਉਧਰ ਵੀ ਤਾਂ ਕਈ ਜਾਣੇ ਪਛਾਣੇ ਵਾਲੇ ਲੋਕ ਉਸ ਨੂੰ ਮਿਲ ਸਕਦੇ ਹਨ। ਹੋ ਸਕਦੈ ਉਹ ਉਸਨੂੰ ਪੰਡਾਲ ਵਿੱਚ ਬੈਠਣ ਲਈ ਮਜ਼ਬੂਰ ਕਰਨ ਤੇ ਉੱਥੇ ਬੈਠ ਕੇ ਉਸ ਦਾ ਇਰਾਦਾ ਹੀ ਬਦਲ ਜਾਵੇ। ਮਨ ਡਾਵਾਂ ਡੋਲ ਹੋ ਗਿਆ ਤਾਂ ਸਭ ਫਜ਼ੂਲ ਹੋ ਜਾਵੇਗਾ।

ਫਿਰ ਉਸ ਨੇ ਖੜੇ ਖੜੇ ਸੋਚਿਆ, ਜੇ ਇਧਰ-ਉਧਰ ਜਾਣ ਦੀ ਬਜਾਏ ਉਹ ਕੁਝ ਪਲ ਇੰਤਜ਼ਾਰ ਕਰੇ। ਤੜਕ ਸਾਰ ਪੰਜ ਵਜੇ ਆਦਤ ਮੁਤਾਬਕ ਉਹ ਸੈਰ ਨੂੰ ਜਾਂਦਾ ਹੀ ਹੈ ਇਸ ਨਹਿਰ ਦੇ ਕੰਢੇ-ਕੰਢੇ। ਇਨ੍ਹਾਂ ਪੁਲਿਸ ਵਾਲਿਆ ਨੂੰ ਵੀ ਪਤਾ ਹੈ ਕਿ ਇਸ ਵੇਲੇ ਬਹੁਤ ਲੋਕੀ ਸੈਰ ਲਈ ਨਿਕਲਦੇ ਹਨ। ਉਨ੍ਹਾਂ ਨੂੰ ਸ਼ੱਕ ਵੀ ਨਹੀਂ ਹੋਵੇਗਾ। ਇਸ ਲਈ ਉਹ ਚਾਰ ਸਾਢੇ ਚਾਰ ਵਜੇ ਘਰੋਂ ਨਿਕਲੇਗਾ ਤੇ ਸਾਰਿਆਂ ਤੋਂ ਅੱਖ ਬਚਾ ਕੇ ਆਪਣਾ ਕੰਮ ਸਿਰੇ ਚਾੜ੍ਹ ਲਵੇਗਾ।

ਉਸ ਦਾ ਰਸਤਾ ਕੱਟ ਕੇ ਗਈ ਬਿੱਲੀ ਸੜਕ ਦੇ ਦੂਸਰੇ ਪਾਸੇ ਕੰਧ ਤੇ ਜਾ ਬੈਠੀ ਸੀ, ਹਨੇਰੇ 'ਚ ਉਸ ਦੀਆਂ ਅੱਖਾਂ ਰੇਡੀਅਮ ਪੇਂਟ ਵਾਂਗ ਲਿਸ਼ਕ ਰਹੀਆਂ ਸਨ। ਉਹ ਗੁੱਸੇ ਨਾਲ ਖੜਾ ਖੜਾ ਕੁਝ ਪਲ ਉਸ ਥਾਂ ਨੂੰ ਘੂਰਦਾ ਰਿਹਾ ਜਿੱਥੋਂ ਹੋ ਕੇ ਬਿੱਲੀ ਲੰਘੀ ਸੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੇ ਸਾਹਮਣੇ ਕੋਈ ਲਛਮਣ ਰੇਖਾ ਖਿੱਚ ਦਿੱਤੀ ਗਈ ਹੋਵੇ। ਜਿਸ ਨੂੰ ਉਲੰਘ ਕੇ ਉਹ ਮੌਤ ਰੂਪੀ ਸੀਤਾ ਦਾ ਹਰਨ ਨਹੀਂ ਕਰ ਸਕੇਗਾ। ਚਾਰ ਵੱਜਣ ਵਿੱਚ ਚਾਰ ਘੰਟੇ ਹੀ ਤਾਂ ਬਚੇ ਹਨ। ਉਹ ਸਵੇਰੇ ਚਾਰ ਵਜੇ ਸੈਰ ਦੇ ਬਹਾਨੇ ਉੱਠੇਗਾ। ਨਾ ਘਰ ਦਿਆਂ ਨੂੰ ਸ਼ੱਕ ਹੋਵੇਗਾ ਨਾ ਪੁਲਿਸ ਵਾਲਿਆਂ ਨੂੰ। ਇਹ ਫੈਸਲਾ ਕਰਕੇ ਉਸਨੇ ਆਪਣੇ ਪੈਰ ਘਰ ਵੱਲ ਨੂੰ ਮੋੜ ਲਏ।

ਘਰ ਆ ਕੇ ਉਸਨੇ ਬਾਥਰੂਮ ਦੀ ਬੱਤੀ ਆਨ ਕੀਤੀ। ਕਾਸ਼ ਘਰ ਵਿੱਚ ਕੋਈ

ਜ਼ਹਿਰੀਲੀ ਵਸਤੂ ਹੀ ਹੁੰਦੀ ਤਾਂ ਉਹ ਖਾ ਲੈਂਦਾ। ਪੱਖ ਨਾਲ ਲਮਕ ਕੇ ਮਰਨ ਲਈ ਮੌਤ ਉਸ ਨੂੰ ਪਸੰਦ ਨਹੀਂ ਸੀ। ਨਹਿਰ 'ਚ ਡੁੱਬ ਕੇ ਮਰਨਾ ਹੀ ਉਸ ਨੂੰ ਸਭ ਤੋਂ ਸੌਖਾ ਢੰਗ ਲੱਗਿਆ ਸੀ। ਉਹ ਬਾਥਰੂਮ 'ਚੋਂ ਬਾਹਰ ਨਿਕਲਿਆ ਤਾਂ ਬੈੱਡਰੂਮ ਦੀ ਬੱਤੀ ਜਗ ਪਈ। ਉਸਦੀ ਨੌ-ਦਸ ਸਾਲਾ ਬੇਟੀ ਨੇ ਬਾਥਰੂਮ ਦੀ ਬਲਦੀ ਬੱਤੀ ਵੇਖ ਕੇ ਕਿਹਾ, "ਪਾਪਾ, ਮੈਂ ਬਾਥਰੂਮ ਜਾਣਾ ਏ।" ਉਹ ਹਨੇਰੇ ਤੋਂ ਬਹੁਤ ਡਰਦੀ ਏ। ਪਿਸ਼ਾਬ ਰੋਕੇ ਪਈ ਰਹੇਗੀ ਸਵੇਰ ਤਾਈਂ। ਜ਼ਿਆਦਾ ਪਰੇਸ਼ਾਨ ਹੋਵੇਗੀ ਤਾਂ ਮਾਂ ਨੂੰ ਉਠਾਵੇਗੀ। ਉਸ ਨੇ ਬੇਟੀ ਨੂੰ ਬਾਥਰੂਮ ਵਿੱਚ ਛੱਡਿਆ ਤੇ ਆਪਣੇ ਕਮਰੇ ਵੱਲ ਜਾਣ ਲੱਗਾ ਤਾਂ ਬੇਟੀ ਜ਼ਿੱਦ ਕਰਨ ਲੱਗ ਪਈ ਮੈਂ ਤੁਹਾਡੇ ਨਾਲ ਸੌਂਵਾਗੀ।

"ਉਥੇ ਹੀ ਪਈ ਰਹਿ ਆਪਣੀ ਮੰਮੀ ਪਾਸ।" ਉਸਨੇ ਟਾਲਣ ਦੀ ਕੋਸ਼ਿਸ਼ ਕੀਤੀ।

"ਮੰਮੀ ਤਾਂ ਵੀਰੇ ਨੂੰ ਹੀ ਆਪਣੇ ਨਾਲ ਸੁਆਂਦੇ ਨੇ, ਮੈਂ ਤਾਂ ਵੱਖਰੀ ਹੀ ਪਈ ਰਹਿਨੀਂ ਹਾਂ। ਮੈਂ ਤਾਂ ਤੁਹਾਡੇ ਨਾਲ ਹੀ ਸੌਣਾ ਏ।" ਕਹਿੰਦੀ ਹੋਈ ਉਹ ਬਦੋਬਦੀ ਤੇਜ਼ੀ ਨਾਲ ਆਕੇ ਉਸ ਨਾਲ ਸੌਂ ਗਈ। ਉਹ ਉਸ ਨੂੰ ਰੋਕ ਨਹੀਂ ਸਕਿਆ। ਸੌਂ ਲੈਣ ਦਿਉਂ ਆਖਰੀ ਵਾਰ। ਫਿਰ ਕੌਣ ਸੁਆਵੇਗਾ ਇਸ ਨੂੰ ਰੋਜ਼ ਰੋਜ਼। ਬੇਟੀ ਉਸਦੀ ਹਿੱਕ ਨਾਲ ਲੱਗ ਕੇ ਛੇਤੀ ਹੀ ਗੂੜ੍ਹੀ ਨੀਂਦ ਵਿੱਚ ਸੌਂ ਗਈ। ਪਰ ਉਸਦੀਆਂ ਅੱਖਾਂ ਤੋਂ ਨੀਂਦ ਕੋਹਾਂ ਦੂਰ ਸੀ। ਅੱਖਾਂ ਸਾਮ੍ਹਣੇ ਘੁੰਮ ਰਹੀ ਸੀ ਨਹਿਰ, ਆਪਣੀ ਲਾਸ਼, ਪੋਸਟ ਮਾਰਟਮ ਅਰਥੀ, ਛਾਤੀ ਪਿੱਟਦੀ ਵਾਲ ਪੁੱਟਦੀ ਪਤਨੀ। ਉਸਦੀ ਲਾਸ਼ ਨਾਲ ਲਿਪਟ ਕੇ ਵਿਲਕ ਦੇ ਦੋਵੇਂ ਬੱਚੇ।

ਬੇਸ਼ੱਕ ਉਸਨੇ ਆਪਣੇ ਸੀਨੇ ਤੇ ਪੱਥਰ ਧਰ ਲਿਆ ਸੀ, ਪਰ ਬੇਟੀ ਦੀ ਨੇੜਤਾ ਨੇ ਉਸ ਦੇ ਅਹਿਸਾਸ ਨੂੰ ਹਵਾ ਦੇ ਦਿੱਤੀ। ਮਨ ਦੇ ਹਨੇਰੇ ਖੂੰਜੇ 'ਚ ਸਵਾਲ ਬਿਜਲੀ ਵਾਂਗ ਲਿਸ਼ਕਿਆਂ। ਉਸ ਮਗਰੋਂ ਇਨ੍ਹਾਂ ਬੱਚਿਆਂ ਦਾ ਕੀ ਹੋਵੇਗਾ। ਪਤਨੀ ਨੇ ਤਾਂ ਕਾਫੀ ਸੁੱਖ ਭੋਗ ਲਿਆ ਹੈ। ਪਰ ਇਨ੍ਹਾਂ ਬੱਚਿਆਂ ਨੇ ਹਾਲੇ ਕੀ ਵੇਖਿਆ ਹੈ। ਇਨ੍ਹਾਂ ਨੇ ਪੜ੍ਹਣਾ ਹੈ। ਬੇਟੀ ਨੂੰ ਡਾਕਟਰ ਤੇ ਬੇਟੇ ਨੂੰ ਇੰਜੀਨੀਅਰ ਬਨਾਉਣਾ ਹੈ। ਇਨ੍ਹਾਂ ਸੁਪਨਿਆਂ ਦਾ ਕੀ ਹੋਵੇਗਾ। ਪਤਨੀ ਜਵਾਨ ਹੈ। ਹੋ ਸਕਦੈ ਉਸਦੀ ਮੌਤ ਮਗਰੋਂ ਉਹ ਦੂਸਰਾ ਠਿਕਾਨਾ ਲੱਭ ਲਵੇ ਪਰ ਇਨ੍ਹਾਂ ਬੱਚਿਆਂ ਦੀ ਜ਼ਿੰਦਗੀ ਤਾਂ ਬਰਬਾਦ ਹੋ ਜਾਵੇਗੀ ਨਾ। ਇਨ੍ਹਾਂ ਨੂੰ ਕਿਹੜੇ ਕਸੂਰ ਦੀ ਸਜ਼ਾ ਦੇ ਰਿਹਾ ਹਾਂ ਮੈਂ। ਇਹੋ ਸੋਚਦਿਆਂ ਸੋਚਦਿਆਂ ਉਸਨੇ ਪਾਸਾ ਪਰਤਿਆ। ਟੇਬਲ ਤੇ ਪੇਪਰ ਵੇਟ ਹੇਠਾਂ ਪਏ ਡੈਥਨੋਟ ਤੇ ਨਜ਼ਰ ਗਈ। ਉਸ ਨੇ ਬਾਂਹ ਵਧਾ ਕੇ ਪੇਪਰ ਵੇਟ ਹਟਾ ਕੇ ਡੈਥਨੋਟ ਚੁੱਕਿਆ ਤੇ ਪੜ੍ਹਣ ਲੱਗਾ। ਪੜ੍ਹਦਿਆਂ ਉਸ ਦੇ ਅੰਦਰੋਂ ਜਿਵੇਂ ਕਿਸੇ ਅਜਨਬੀ ਆਵਾਜ਼ ਨੇ ਉਸ ਨੂੰ ਝੰਜੋੜਿਆ। ਇਹ ਕੀ ਸੋਚਣ ਲੱਗਾ ਹੈ ਤੂੰ, ਜਿਨ੍ਹਾਂ ਦੇ ਸਿਰੋਂ ਮਾਂ-ਪਿਉ ਦੀ ਛਾਂ ਨਹੀਂ ਰਹਿੰਦੀ, ਉਹ ਵੀ ਤਾਂ ਪਲਦੇ ਵਧਦੇ ਹਨ। ਇਹ ਸਭ ਤਾਂ ਉੱਪਰ ਵਾਲੇ ਦੇ ਹੱਥ ਹੈ। ਤੂੰ ਕਿਸੇ ਦਾ ਕੀ ਬਣਾ ਜਾਂ ਵਿਗਾੜ ਸਕਦਾ ਹੈਂ। ਡੈੱਥਨੋਟ ਤੇ ਲਿਖੇ ਨਾਵਾਂ ਤੋਂ ਤੂੰ ਕਿਵੇਂ ਬਦਲਾ ਲਵੇਂਗਾ। ਉਨ੍ਹਾਂ ਨੂੰ ਸਬਕ ਕਿਵੇਂ ਸਿਖਾਵੇਂਗਾ। ਜਿਨ੍ਹਾਂ ਪੰਜਾਂ ਲੋਕਾਂ ਨੂੰ ਉਸਨੇ ਮੌਤ ਦਾ ਜ਼ਿੰਮੇਵਾਰ ਠਹਿਰਾਇਆ ਸੀ, ਉਨ੍ਹਾਂ ਦੇ ਘਿਨੌਣੇ ਚਿਹਰੇ ਇੱਕ ਇੱਕ ਕਰਕੇ ਉਸਦੀਆਂ ਨਜ਼ਰਾਂ ਸਾਮ੍ਹਣੇ ਘੁੰਮ ਗਏ। ਉਸਦਾ ਮਨ ਜ਼ਬਰਦਸਤ ਨਫਰਤ ਤੇ ਰੋਹ ਨਾਲ ਭਰ ਗਿਆ। ਕਾਸ਼ ਉਸ ਕੋਲ ਪਿਸਟਲ ਹੁੰਦਾ ਤਾਂ ਉਹ ਹੁਣੇ ਇਸੇ ਸਮੇਂ ਰਾਤ ਨੂੰ ਉਨ੍ਹਾਂ ਦੇ ਘਰ ਜਾ ਕੇ ਗੋਲੀ ਨਾਲ ਉੜਾ ਦਿੰਦਾ ਤੇ ਆਖਰੀ ਗੋਲੀ ਆਪਣੇ



ਤੇ ਚਲਾ ਕੇ ਇਹ ਕਿੱਸਾ ਹੀ ਖਤਮ ਕਰ ਦਿੰਦਾ।

ਉਸ ਦੀ ਜ਼ਿੰਦਗੀ ਦੇ ਕੁਝ ਅਸੂਲ ਸਨ, ਜਿਨ੍ਹਾਂ ਤੇ ਉਹ ਪੂਰੀ ਹਿੰਮਤ ਨਾਲ ਪਹਿਰਾ ਦੇ ਰਿਹਾ ਸੀ। ਉਹ ਸਮੇਂ ਸਿਰ ਆਫਿਸ ਜਾਂਦਾ। ਆਪਣਾ ਕੰਮ ਪੂਰੀ ਲਗਨ ਨਾਲ ਕਰਦਾ। ਫਾਈਲਾਂ ਦੱਬ ਕੇ ਪੈਸੇ ਝਾੜਣਾ ਉਸ ਦੇ ਸੁਭਾਅ ਦਾ ਹਿੱਸਾ ਨਹੀਂ ਸੀ। ਲੋਕਾਂ ਨਾਲ ਸਹਿਯੋਗ ਲਈ ਉਹ ਹਰ ਸਮੇਂ ਤਿਆਰ ਰਹਿੰਦਾ। ਬਿਨਾਂ ਕਿਸੇ ਲਾਲਚ ਦੇ ਕਈ ਵਾਰੀ ਓਵਰ-ਟਾਈਮ ਵੀ ਲਾ ਦਿੰਦਾ। ਜਿਸ ਕਾਰਣ ਲੋਕੀਂ ਉਸ ਦੀ ਪ੍ਰਸੰਸਾ ਕਰਦੇ। ਇਮਾਨਦਾਰੀ ਤੇ ਮਿਹਨਤ ਉਸ ਦੀ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਸਨ। ਜਿੱਥੋਂ ਕੁਝ ਲੋਕ ਉਸ ਦੇ ਚਰਿੱਤਰ ਤੇ ਕਾਰਜ ਸ਼ੈਲੀ ਦੀ ਤਾਰੀਫ ਕਰਦੇ, ਉੱਥੇ ਕੁਝ ਲੋਕਾਂ ਨੂੰ ਇਹ ਸਭ ਅੱਖ 'ਚ ਰੋੜ ਵਾਂਗ ਰੜਕਦਾ। ਇੱਕ ਅਜਿਹਾ ਗਰੁੱਪ ਵੀ ਸੀ ਉਸ ਦੇ ਸਟਾਫ ਵਿੱਚ ਜਿਹੜੇ ਆਪ ਤਾਂ ਅਜਿਹਾ ਕੁਝ ਨਾ ਕਰਦੇ, ਪਰ ਉਸਦੀਆਂ ਪ੍ਰਾਪਤੀਆਂ ਤੋਂ ਪ੍ਰਸੰਸਾ ਤੇ ਈਰਖਾ ਕਰਦੇ ਜਾਂ ਉਸਦੇ ਸਾਫ ਸੁਥਰੇ ਅਕਸ ਤੇ ਚਿੱਕੜ ਉਛਾਲਦੇ ਰਹਿੰਦੇ। ਬਸ ਨੁਕਤਾ ਚੀਨੀ ਹੀ ਉਨ੍ਹਾਂ ਦਾ ਪਰਮ ਕਰਤਵ ਸੀ। ਗੱਲਾਂ ਨਾਲ ਹੀ ਖੁਦ ਨੂੰ ਵੱਡਾ ਸਾਬਿਤ ਕਰ ਦੂਸਰੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ। ਹਰ ਸਮੇਂ ਅਜਿਹੀ ਜੁਗਤ ਲੜਾਉਂਦੇ ਕਿ ਕਿਵੇਂ ਕਿਸੇ ਨੂੰ ਨੀਵਾਂ ਦਿਖਾਇਆ ਜਾਵੇ।

ਜੇ ਉਸਦੇ ਕੁਲੀਗਜ਼, ਉਸਦੇ ਉਸ ਆਦਰਸ਼ਮਈ ਆਚਰਣ ਤੋਂ ਖੁਸ਼ ਨਹੀਂ ਸਨ ਤਾਂ ਘਰ ਵਿੱਚ ਉਸਦੀ ਪਤਨੀ ਵੀ ਉਸਦੇ ਅਜਿਹੇ ਅੜੀਅਲ ਤੇ ਇਨਸਾਫ ਪਸੰਦ ਸੁਭਾਅ ਤੋਂ ਅਕਸਰ ਨਾਰਾਜ਼ ਹੀ ਰਹਿੰਦੀ। ਉਹ ਕਿਹਾ ਕਰਦੀ ਕਿ ਅਜੋਕੇ ਸਮੇਂ ਵਿੱਚ ਧਰਮ ਪੁੱਤਰ ਬਨਣ ਦਾ ਕੀ ਫਾਇਦਾ। ਜਿਵੇਂ ਹੋਰ ਲੋਕੀ ਜ਼ਿੰਦਗੀ ਬਸਰ ਕਰ ਰਹੇ ਨੇ, ਉਸਨੂੰ ਵੀ ਉਂਜ ਹੀ ਬਣ ਜਾਣਾ ਚਾਹੀਦਾ ਹੈ ਤੇ ਵਗਦੀ ਗੰਗਾਂ ਵਿੱਚ ਹੱਥ ਧੋ ਲੈਣੇ ਚਾਹੀਦੇ ਨੇ। ਕਿਉਂਕਿ ਬਹੁਤੇ ਲੋਕੀ ਬੇਅਸੂਲੀ ਜ਼ਿੰਦਗੀ ਜੀ ਕੇ ਚਾਰ ਪੈਸੇ ਕਮਾ ਰਹੇ ਹਨ। ਆਪਣਾ ਤੇ ਆਪਣੀ ਪੀੜ੍ਹੀ ਦਾ ਭਵਿੱਖ ਸੁਰਖਿੱਅਤ ਕਰ ਰਹੇ ਹਨ। ਇਸ ਲਈ ਰੱਬ ਜੇ ਬਾਕੀ ਲੋਕਾਂ ਨਾਲ ਸਲੂਕ ਕਰੇਗਾ, ਤੇਨ੍ਹਾਂ ਨਾਲ ਵੀ ਉਹੋ ਜਿਹਾ ਹੀ ਕਰੇਗਾ, ਘੱਟ ਪੜ੍ਹੀ ਲਿਖੀ ਤੇ ਪਦਾਰਥ ਵਾਦੀ ਸੋਚ ਦੀ ਧਾਰਨੀ ਪਤਨੀ ਨਾਲ ਉਸ ਦੀ ਇਸ ਮੁੱਦੇ ਤੇ ਤਕਰਾਰ ਹੋ ਜਾਂਦੀ। ਉਸਨੂੰ ਦੁੱਖ ਸੀ ਕਿ ਪਤਨੀ ਵੀ ਉਸਦੇ ਖਿਆਲਾਂ ਦੇ ਉਲਟ ਸੋਚਦੀ ਸੀ ਤੇ ਉਹ ਵੀ ਪਤਨੀ ਦੀ ਸੋਚ ਨੂੰ ਤਬਦੀਲ ਕਰਨ ਵਿੱਚ ਨਾਕਾਮਯਾਬ ਰਿਹਾ ਸੀ।

ਬੇਟੀ ਉਸ ਦੇ ਗਲ 'ਚ ਬਾਹਾਂ ਪਾ ਕੇ ਮਿੱਠੀ ਨੀਂਦ ਲੈ ਰਹੀ ਸੀ। ਉਸਨੂੰ ਆਪਣੀ ਲਾਡਲੀ ਤੇ ਬਹੁਤ ਪਿਆਰ ਆਇਆ। ਉਹ ਇਕ ਦਿਨ ਲਈ ਵੀ ਕਿਸੇ ਸਾਹਿਤਕ ਸਮਾਗਮ ਜਾਂ ਕਿਸੇ ਹੋਰ ਕਾਰਣ ਕਰਕੇ ਘਰੋਂ ਬਾਹਰ ਜਾਂਦਾ ਹੈ ਤੇ ਮੁੜਣ ਵਿੱਚ ਦੇਰ ਹੋਣ ਨਾਲ ਹੀ ਦੋਹਾਂ ਬੱਚਿਆਂ ਦੇ ਚੇਹਰੇ ਮੁਰਝਾ ਜਾਂਦੇ ਹਨ। ਪਰ ਅੱਜ ਤਾਂ ਉਹ ਇਨ੍ਹਾਂ ਨੂੰ ਹਮੇਸ਼ਾ ਲਈ ਛੱਡ ਕੇ ਜਾ ਰਿਹਾ ਹੈ। ਜਦੋਂ ਇਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗੇਗਾ ਤਾਂ ਇੰਨ੍ਹਾਂ ਮਾਸੂਮਾਂ ਤੇ ਕੀ ਬੀਤੇਗੀ। ਕਿੰਜ ਸਹਾਰਨਗੇ ਉਸਦੇ ਵਿਛੋੜੇ ਨੂੰ ? ਕਿੱਥੇ ਲੱਭਣਗੇ ਉਸ ਨੂੰ ?

ਉਸਦੇ ਅੰਦਰੋ ਹੀ ਆਵਾਜ਼ ਆਈ, ਕੀ ਹੋਵੇਗਾ, ਆਪੇ ਹੀ ਸਬਰ ਕਰ ਲੈਣਗੇ। ਤੂੰ ਉਨ੍ਹਾਂ ਲੋਕਾਂ ਤੋਂ ਬਦਲਾ ਲੈਣਾ ਏ ਜਾਂ ਨਹੀਂ। ਤੂੰ ਕੀ ਸੋਚਦਾਂ ਏਂ ਕਿ ਖੁਦਗਰਜ਼ ਤੇ ਕਮੀਨੇ ਲੋਕਾਂ ਨੂੰ ਰਾਤੋਂ ਰਾਤ ਆਪਣੇ ਆਪ ਹੀ ਆਪਣੀ ਗਲਤੀ ਦਾ ਅਹਿਸਾਸ ਹੋ

ਜਾਵੇਗਾ ਤੇ ਸਵੇਰ ਹੁੰਦਿਆਂ ਹੀ ਉਹ ਤੇਰੇ ਪੈਰੀਂ ਪੈ ਕੇ ਤੇਥੋਂ ਮੁਆਫੀ ਮੰਗ ਲੈਣਗਾ। ਇਸ ਦੁਨੀਆ ਵਿੱਚ ਜੀਉਣ ਲਈ ਜੈਸੇ ਕੋ ਤੈਸਾ ਵਾਲਾ ਫਾਰਮੂਲਾ ਅਪਨਾਉਣਾ ਚਾਹੀਦਾ ਹੈ। ਤੇਰੇ ਇਸ ਕਦਮ ਨਾਲ ਉਹ ਪੰਜ ਸਾਰੀ ਉਮਰ ਛੁੱਟਣ ਵਾਲੇ ਨਹੀਂ ਹਨ. ਉਹ ਵੀ ਜੀਉਂਦਿਆਂ ਜੀ ਮਰ ਜਾਣਗੇ ਜਦੋਂ ਜੇਲ੍ਹ ਦੀ ਹਵਾ ਖਾਣਗੇ। ਜੇ ਤੈਨ ਆਪਣੇ ਬੱਚਿਆਂ ਦੀ ਜ਼ਿੰਦਗੀ ਬਰਬਾਦ ਹੋਣ ਦਾ ਡਰ ਹੈ ਤਾਂ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਕਿਹੜਾ ਸੁਨਹਿਰੀ ਹੋ ਜਾਵੇਗਾ। ਤੂੰ ਜੋ ਵੀ ਫੈਸਲਾ ਕੀਤਾ ਹੈ ਬਿਲਕੁਲ ਠੀਕ ਹੈ। ਬਸ ਇਸ ਨੂੰ ਇਕ ਵਾਰ ਹਕੀਕਤ ਦਾ ਲਿਬਾਸ ਪੁਆ ਦੇ। ਉਸ ਦੇ ਅੰਦਰਲਾ ਦੂਸਰਾ ਆਦਮੀ ਉਸ ਨੂੰ ਮਰਨ ਹਿੱਤ ਪ੍ਰੇਰਣਾ ਦੇ ਰਿਹਾ ਸੀ ਤੇ ਸਚਮੁੱਚ ਉਹ ਉਸ ਅੰਦਰਲੇ ਆਦਮੀ ਦੇ ਪ੍ਰਭਾਵ ਹੇਠ ਆ ਗਿਆ ਸੀ।

ਉਸ ਨੇ ਬੇਟੀ ਦੀ ਬਾਂਹ ਆਪਣੇ ਗੱਲ ਤੋਂ ਹੌਲੀ ਜਿਹੀ ਪਰੇ ਕੀਤੀ। ਡੈਥਨੋਟ ਮੁੜ ਟੇਬਲ ਤੇ ਧਰਿਆ। ਘੜੀ ਤੇ ਨਿਗਾਹ ਮਾਰੀ। ਉਫ ਇਹ ਕੀ ਹੋਇਆ ਚਾਰ ਤਾਂ ਵਜੱਣ ਵਾਲੇ ਹੀ ਹੋ ਗਏ। ਸੋਚਾਂ 'ਚ ਗੁਆਚੇ ਨੂੰ ਪਤਾ ਹੀ ਨਹੀਂ ਲੱਗਾ। ਉਸ ਦੀ ਤਾਂ ਸਵੇਰ ਦੀ ਸੈਰ ਦਾ ਵੀ ਸਮਾਂ ਹੋ ਚਲਿਆ ਹੈ। ਹੁਣ ਉਸ ਨੂੰ ਦੇਰੀ ਨਹੀਂ ਕਰਨੀ ਚਾਹੀਦੀ। ਉਹ ਇਕਦਮ ਬੈਡ ਤੋਂ ਉਠ ਖੜੋਤਾ। ਇਕ ਵਾਰੀ ਫਿਰ ਮਨ ਮਜ਼ਬੂਤ ਕੀਤਾ। ਅਲਮਾਰੀ ਵਿੱਚ ਬਣਾਏ ਛੋਟੇ ਜਿਹੇ ਮੰਦਰ ਵਿੱਚ ਰੱਖੀ ਆਪਣੇ ਗੁਰੂ ਮਹਾਰਾਜ ਦੀ ਤਸਵੀਰ ਅੱਗੇ ਅੱਖਾਂ ਬੰਦ ਤੇ ਸਿਰ ਨਿਵਾ ਕੇ ਖੜੋ ਗਿਆ। ਮਨ ਹੀ ਮਨ ਉਸਨੇ ਖਿਮਾ ਮੰਗੀ ਤੇ ਆਪਣੇ ਮਗਰੋਂ ਪ੍ਰੀਵਾਰ ਤੇ ਮਿਹਰ ਰੱਖਣ ਦੀ ਬੇਨਤੀ ਕੀਤੀ। ਮੰਦਰ ਤੋਂ ਹਟਦਿਆਂ ਹੀ ਉਸਦੀ ਨਿਗਾਹ ਦੀਵਾਲੀ ਤੇ ਭੇਜੇ ਖੂਬਸੂਰਤ ਗ੍ਰੀਟਿੰਗ ਗਾਰਡ ਤੇ ਪਈ ਤਾਂ ਉਸ ਦੇ ਜ਼ਿਹਨ ਵਿਚ ਕਿਰਣ ਦਾ ਚੇਹਰਾ ਲਿਸ਼ਕਿਆ। ਕੁਝ ਪਲਾਂ ਲਈ ਉਸ ਦੇ ਕਦਮ ਠਹਿਰ ਗਏ। ਉਸ ਸੋਚਿਆ ਬਾਕੀ ਸਭ ਤਾਂ ਠੀਕ ਏ। ਪਰ ਕਿਰਣ ਨੂੰ ਉਸ ਦੀ ਮੌਤ ਬਾਰੇ ਕਿਵੇਂ ਪਤਾ ਲੱਗੇਗਾ। ਉਹ ਕੋਈ ਵੱਡਾ ਸਾਹਿਤਕਾਰ ਤਾਂ ਹੈ ਨਹੀਂ ਕਿ ਉਸ ਦੀ ਮੌਤ ਮਗਰੋਂ ਸਾਰੇ ਅਖਬਾਰ ਉਸ ਦੀ ਮੌਤ ਦੀ ਖ਼ਬਰ ਨਾਲ ਭਰੇ ਹੋਣਗੇ ਤੇ ਰੇਡੀਉ ਟੀ. ਵੀ. ਤੇ ਸ਼ੋਕ ਸਮਾਚਾਰ ਆਵੇਗਾ ਤੇ ਕਿਰਣ ਹਜ਼ਾਰਾਂ ਕਿਲੋਮੀਟਰ ਬੈਠੀ ਉਸ ਬਾਰੇ ਜਾਣ ਜਾਵੇਗੀ। ਉਹ ਤਾਂ ਅਗਲੇ ਮਹੀਨੇ ਪੰਜਾਬ ਆਉਣ ਦਾ ਪ੍ਰੋਗਰਾਮ ਬਣਾ ਰਹੀ ਸੀ। ਘੱਟੋ ਘੱਟ ਉਸ ਨੂੰ ਤਾਂ ਦੱਸ ਹੀ ਦੇਣਾ ਚਾਹੀਦਾ ਹੈ। ਮੇਰੀ ਮੌਤ ਮਗਰੋਂ ਉਸ ਦੇ ਪ੍ਰੀਵਾਰ ਨੂੰ ਇਹ ਸਰਕਾਰੀ ਮਕਾਨ ਵੀ ਛੱਡਣਾ ਪਵੇਗਾ। ਜੇ ਉਹ ਇੱਥੇ ਆ ਗਈ ਤਾਂ ਕਿੱਥੇ ਭਟਕਦੀ ਫਿਰੇਗੀ। ਚਲੋ ਜੇ ਪੁੱਛ-ਗਿਛ ਕੇ ਕਿਸੇ ਤਰ੍ਹਾਂ ਉਸ ਦੇ ਪ੍ਰੀਵਾਰ ਤਾਈਂ ਪੁੱਜ ਵੀ ਗਈ ਤਾਂ ਉਸ ਦੀ ਪਤਨੀ ਉਸ ਨੂੰ ਉਜ ਟਰੀਟ ਨਹੀਂ ਕਰੇਗੀ ਜਿਵੇਂ ਕਿ ਉਸ ਦੀ ਜੀਉਂਦਿਆਂ ਜੀ। ਉਸਨੂੰ ਫੋਨ ਤੇ ਦੱਸ ਹੀ ਦੇਣਾ ਚਾਹੀਦਾ ਹੈ।

ਕਿਰਣ ਉਸਦੀ ਸਾਹਿਤਕ ਮਿੱਤਰ ਹੈ। ਰਾਸ਼ਟਰੀ ਪੱਧਰ ਦੀਆਂ ਸਾਹਿਤਕ ਪਤਰਕਾਰਾਂ ਵਿੱਚ ਛਪਣ ਵਾਲੀ ਸਾਹਿਤਕਾਰ। ਚਾਰ ਪੰਜ ਸਾਲ ਪਹਿਲੋਂ ਕਿਰਣ ਦੀ ਇਕ ਕਹਾਣੀ ਤੋਂ ਪਰਭਾਵਤ ਹੋ ਕੇ ਲਿਖਿਆ ਪ੍ਰਸ਼ੰਸਾ ਪੱਤਰ ਉਨ੍ਹਾਂ ਨੂੰ ਆਤਮਕ ਸੰਬੰਧਾਂ ਤਾਈ ਖਿੱਚ ਲਿਆਇਆ ਹੈ। ਇਕ ਦੂਸਰੇ ਦੇ ਸੁੱਖ ਦੁੱਖ, ਖੁਸ਼ੀ ਗ਼ਮੀ, ਤਨਾਅ, ਸਾਹਿਤਕ ਫੈਸਲਿਆਂ ਵਿੱਚ ਸ਼ਾਮਿਲ ਹੋ ਕੇ ਸਲਾਹ ਲੈਣੀ ਦੇਣੀ। ਮਾਨਸਿਕ ਰੂਪ ਵਿੱਚ ਸਹਾਰਾ ਦੇਣਾ। ਕਿਰਣ ਉਸ ਦੀ ਹਮ ਉਮਰ ਹੈ। ਕੁਆਰੀ ਹੈ। ਖੂਬਸੂਰਤ ਜਿਸਮ ਹੈ ਤੇ ਤੇਜ਼ ਦਿਮਾਗ ਤੇ ਉਹ ਹੈ ਦੋ ਬੱਚਿਆ ਦਾ ਪਿਓ। ਉਸ ਦੀ ਪਤਨੀ



ਪੜ੍ਹੀ ਲਿਖੀ ਹੈ। ਪਰ ਸਾਹਿਤਕ ਸੂਝ-ਬੂਝ ਤੋਂ ਕੋਰੀ। ਕਿਰਣ ਦੇ ਸਾਥ ਨੇ ਉਸ ਨੂੰ ਪੂਰਵਤਾ ਪ੍ਰਦਾਨ ਕੀਤੀ ਹੈ। ਉਸ ਦੀ ਸਾਹਿਤਕ ਭੁੱਖ ਨੂੰ ਸ਼ਾਂਤ ਕੀਤਾ ਹੈ। ਹਜ਼ਾਰਾਂ ਮੀਲ ਦੂਰ ਬੈਠੀ ਕਿਰਣ ਉਸ ਲਈ ਉਨੀ ਹੀ ਮਹਤਵਪੂਰਣ ਹੈ ਜਿੰਨੀ ਹਰ ਸਮੇਂ ਨਾਲ ਰਹਿਣ ਵਾਲੀ ਪਤਨੀ। ਜ਼ਿੰਦਗੀ ਦਾ ਸ਼ਾਇਦ ਹੀ ਕੋਈ ਭੇਦ ਹੋਵੇਗਾ ਜਿਹੜਾ ਉਸ ਨੇ ਕਿਰਣ ਕੋਲੋਂ ਲੁਕਾਇਆ ਹੋਵੇਗਾ। ਦੋਹਾਂ ਨੂੰ ਆਪਣੀ ਦੋਸਤੀ ਤੇ ਮਾਣ ਹੈ। ਬਿਨਾਂ ਸਵਾਰਥ। ਜਿਣਸੀ ਸੰਬੰਧਾਂ ਤੋਂ ਪਰੇ। ਹਰ ਸਮੇਂ ਇਕ ਦੂਸਰੇ ਦੀ ਖੁਸ਼ੀ ਤੇ ਸਫਲਤਾ ਲਈ ਦੁਆ ਕਰਦੀ। ਭਲਾ ਅਜਿਹੀ ਆਤਮਿਕ ਮਿੱਤਰ ਤੋਂ ਇੰਨੀ ਵੱਡੀ ਗੱਲ ਲੁਕ ਕੇ ਉਹ ਕਿਰਣ ਨਾਲ ਅਨਿਆਂ ਕਰ ਰਿਹਾ ਹੈ। ਇਹ ਉਸ ਨਾਲ ਵਿਸ਼ਵਾਸਘਾਤ ਹੋਵੇਗਾ ਕਿ ਬਿਨਾਂ ਉਸ ਨੂੰ ਖਬਰ ਕੀਤੇ ਹਮੇਸ਼ਾ ਲਈ ਉਸ ਤੋਂ ਮਿਤਰਤਾ ਤੋੜ ਲਵੇ। ਇਸ ਲਈ ਤਾਂ ਰੱਬ ਵੀ ਉਸ ਨੂੰ ਕਦੇਂ ਮੁਆਫ਼ ਨਹੀਂ ਕਰੇਗਾ।

ਫਿਰ ਉਸ ਨੂੰ ਖਿਆਲ ਆਇਆ ਕਿ ਇਹੋ ਸਭ ਕੁਝ ਤਾਂ ਉਹ ਆਪਣੀ ਪਤਨੀ ਤੇ ਬੱਚਿਆਂ ਨਾਲ ਵੀ ਤਾਂ ਕਰ ਰਿਹਾ ਹੈ। ਉਨ੍ਹਾਂ ਨੂੰ ਉਸਨੇ ਕਿਹੜਾ ਕੁਝ ਦੱਸਿਆ ਹੈ। ਚਲ ਉਨ੍ਹਾਂ ਨੂੰ ਤਾਂ ਕੁਝ ਸਮੇਂ ਮਗਰੋਂ ਪਤਾ ਚਲ ਹੀ ਜਾਵੇਗਾ, ਪਰ ਕਿਰਣ ਨੂੰ ਤਾਂ ਲੰਮੇ ਸਮੇਂ ਤਾਈ ਹਨੇਰੇ 'ਚ ਰਖਣਾ ਠੀਕ ਨਹੀਂ ਹੋਵੇਗਾ। ਉਹ ਮੁੜ ਟੇਬਲ ਨੇੜੇ ਪੁੱਜ ਗਿਆ। ਐਸ. ਟੀ. ਡੀ. ਆਨ ਕੀਤੀ। ਕਿਰਣ ਦਾ ਨੰਬਰ ਡਾਇਲ ਕੀਤਾ। ਸਵੇਰ ਦਾ ਸਮਾਂ ਸੀ। ਇਸ ਲਈ ਪਹਿਲੀ ਡਾਇਲ ਤੇ ਹੀ ਰਿੰਗ ਚਲੀ ਗਈ। ਪਰ ਕੋਈ ਚੁੱਕ ਨਹੀਂ ਸੀ ਰਿਹਾ। ਸ਼ਾਇਦ ਸੁੱਤੀ ਹੋਵੇ। ਹੋ ਸਕਦੈ ਆਊਟ ਆਫ ਸਟੇਸ਼ਨ ਹੋਵੇ। ਸਾਹਿਤਕ ਸਮਾਗਮਾਂ ਵਿੱਚ ਅਕਸਰ ਉਸ ਦੀ ਡੀਮਾਂਡ ਰਹਿੰਦੀ ਹੈ। ਰਿੰਗ ਕਟੱਣ ਹੀ ਵਾਲੀ ਸੀ ਕਿ ਉਧਰੋਂ ਰਸੀਵਰ ਚੁੱਕਣ ਦੇ ਨਾਲ ਹੀ ਖ਼ੁਮਾਰੀ ਭਰੀ ਆਵਾਜ਼ ਆਈ, "ਹੈਲੋ ਕੌਣ ? "ਮੈਂ ...... ਤੇ ਤੁਸੀਂ .......!" ਇਕਦਮ ਨੀਂਦ 'ਚੋਂ ਜਾਗਣ ਕਾਰਣ ਕਿਰਣ ਦੀ ਆਵਾਜ਼ ਸਪਸ਼ਟ ਨਹੀਂ ਸੀ।

"ਮੈਂ ਕਿਰਣ ਬੋਲ ਰਹੀ ਹਾਂ ....... ਗੁਡ ਮਾਰਨਿੰਗ ...... ਮੈਂ ਤਾਂ ਰਾਤੀ ਕੋਸ਼ਿਸ਼ ਕਰ ਰਹੀ ਸੀ, ਫੋਨ ਮਿਲਾਉਣ ਦੀ ...... ਕਾਫੀ ਟਰਾਈ ਕੀਤੀ..... ਪਰ ਮਿਲਿਆ ਨਹੀਂ .... ਇਹ ਤਾਂ ਤੁਸੀਂ ਬਹੁਤ ਹੀ ਚੰਗਾ ਕੀਤਾ ਜਿਹੜਾ ਫੋਨ ਕਰ ਲਿਆ ...... ਹੋਰ ਸੁਣਾਓ ..... ਕਿਵੇਂ ਹੋ ?"

"ਕਿਰਣ ਇਧਰ ਸਭ ਠੀਕ ਨਹੀਂ ਹੈ। ਮੈਂ ਬਹੁਤ ਹੀ ਜ਼ਿਆਦਾ ਟੈਨਸ਼ਨ ਵਿੱਚ ਹਾਂ। ਹੁਣ ਹੋਰ ਕੋਈ ਰਸਤਾ ਨਹੀਂ ਸੁਝ ਰਿਹਾ ਸਿਵਾ .....।" ਆਖਰੀ ਸ਼ਬਦ ਉਸ ਦੇ ਬੁਲਾਂ ਤੇ ਹੀ ਸਨ ਕਿ ਕਿਰਣ ਨੇ ਝਟ ਪੁੱਛ ਲਿਆ "ਟੈਨਸ਼ਨ ਘਰੇਲੂ ਹੈ ਜਾਂ ......!" ਕਿਰਣ ਡਰ ਗਈ ਸੀ ਕਿ ਕਿਧਰੇ ਉਸ ਦੀ ਵਜ੍ਹਾ ਨਾਲ ਹੀ, ਉਸ ਦੀ ਸ਼ੱਕੀ ਮਿਜਾਜ਼ ਔਰਤ ਨੇ ਕੋਈ ਪੁਆੜਾ ਨਾ ਖੜਾ ਕਰ ਦਿਤਾ ਹੋਵੇ।

"ਨਹੀਂ ਘਰ ਦੀ ਨਹੀਂ ਹੈ ....... ਦਫਤਰ ਦੀ ਹੈ ........ ਮੈਂ ਇੰਨਾ ਕੁ ਜ਼ਲੀਲ ਹੋਇਆ ਹਾਂ ਕਿ ਸਭ ਬਰਦਾਸ਼ਤ ਤੋਂ ਬਾਹਰ ਹੋ ਗਿਆ ਹੈ। ਕਿਸੇ ਨੂੰ ਮੂੰਹ ਵਿਖਾਣ ਜੋਗਾ ਨਹੀਂ ਰਿਹਾ ਹਾਂ। ਇਸ ਲਈ ਸੁਸਾਈਡ ਦਾ ਫੈਸਲਾ ਕਰ ਲਿਆ ਹੈ। ਬਸ ਇਕੋ ਇਕ ਰਸਤਾ ਹੈ ਇਸ ਤੋਂ ਮੁਕਤੀ ਦਾ। ਮੈਂ ਤਾਂ ਜਾ ਹੀ ਰਿਹਾ ਸੀ ਨਹਿਰ 'ਚ ਛਾਲ ਮਾਰਨ ਲਈ। ਜਾਣ ਤੋਂ ਪਹਿਲੋਂ ਸੋਚਿਆਂ ਤੁਹਾਨੂੰ ਦੱਸ ਦਿਆ ਕਿ ਕੁਝ ਹੀ ਪਲਾਂ ਮਗਰੋਂ ਤੁਹਾਡਾ ਮਿੱਤਰ ਇਸ ਦੁਨੀਆਂ ਵਿੱਚ ਨਹੀਂ ਹੋਵੇਗਾ।" ਇੰਜ ਬੋਲਦਿਆਂ ਉਸ ਦੀ ਜ਼ੁਬਾਨ ਥਰਥਰਾ ਗਈ ਤੇ ਗੱਚ ਭਰ ਆਇਆ। ਬਸ ਉਹ ਤਾਂ ਕਿਸੇ ਫਿਲਮੀ

... ਘਟਿਆ ਘਟਾਇਆ ਡਾਵਿਆਂ ਬੋਲ ਗਿਆ ਸੀ।

"... ਕ ਇਹ ਕੀ ਪਏ ਕਹਿੰਦੇ ਹੋ? ਤੁਸੀਂ ਅਜਿਹੀ ਕਿਹੜੀ ਮੁਸੀਬਤ ਆ ਪਈ ਏ, ਜਿਸ ਕਰਕੇ ਇਨਾ ਵੱਡਾ ਸਟੈਪ ਲੈ ਰਹੇ ਹੋ — ਆਪਣੀ ਪਤਨੀ ਬੱਚਿਆਂ ਤੇ ਮੇਰੇ ਬਾਰੇ ਵੀ ਸੋਚਿਆ ਏ, ਤੁਹਾਡੇ ਮਗਰੋਂ ਇਨਾ ਸਾਰਿਆਂ ਦਾ ਕੀ ਹੋਵੇਗਾ।" ਕਿਰਨ ਦੇ ਘਬਰਾਏ ਹੋਏ ਬੋਲ ਸਨ।

"ਆਹੋ ... ਸੋਚ ਲਿਆ ਏ — ਸਾਰੀ ਰਾਤ ਸੋਚਦਾ ਹੀ ਰਿਹਾ ਹਾਂ ... ਇਹ ਦੁਨੀਆਂ ਮਤਲਬ ਦੀ ਏ। ਕੋਈ ਕਿਸੇ ਦਾ ਨਹੀ ਏ। ਇਮਾਨਦਾਰੀ ਚੰਗਿਆਈ, ਭਲਾਈ ਵਫਾ ਸਭ ਕਿਤਾਬੀ ਸ਼ਬਦ ਨੇ, ਕੋਈ ਅਹਿਮੀਅਤ ਨਹੀਂ ਹੈ ਇਨਾ ਦੀ। ਨਿਰਾਸ਼ ਹੋ ਗਿਆ ਹਾਂ। ਇਸ ਦੁਨੀਆਂ ਤੋਂ। ਹਰ ਪਾਸੇ ਹਨੇਰਾ ਹੀ ਹਨੇਰਾ ਹੈ। ਕੁਝ ਨਜ਼ਰ ਨਹੀ ਆਉਂਦਾ ਕਿਰਣ।"

"ਪਰ ਹੋਇਆ ਕੀ ਏ ਆਖ਼ਰ — ਮੈਨੂੰ ਵੀ ਦੱਸੋ ਨਾ — ਮੇਰੇ ਚੰਗੇ ਮਿੱਤਰ — ਦੱਸੋ ਤਾਂ ਸਹੀ।" ਕਿਰਣ ਦੀ ਆਵਾਜ਼ ਭਿੱਜ ਗਈ ਸੀ।

"ਬਸ ਇਕ ਵਿਅੰਗ ਪ੍ਰਕਾਸ਼ਿਤ ਹੋਇਆ ਏ ਕਲ੍ਹ ਮੇਰਾ, ਜਿਸ ਕਰਕੇ ਤੂਫਾਨ ਖੜਾ ਕਰ ਦਿੱਤਾ ਹੈ ਮੇਰੇ ਸਟਾਫ ਮੈਂਬਰਜ਼ ਨੇ, ਕਹਿੰਦੇ ਨੇ ਇਸ ਨਾਲ ਉਨ੍ਹਾਂ ਦੀ ਇਨਸਲਟ ਹੋਈ ਏ -- ਫਿਰ ਉਨ੍ਹਾਂ ਨੇ ਸਟਾਫ ਮੀਟਿੰਗ ਬੁਲ ਕੇ, ਮੈਨੂੰ ਜ਼ਲੀਲ ਕੀਤਾ ਏ ਕਿ ਮੈਂ ਮੁੜ ਉਨ੍ਹਾਂ ਨੂੰ ਮੂੰਹ ਨਹੀਂ ਵਿਖਾ ਸਕਦਾ— ਮੇਰਾ ਸੋਸ਼ਲ ਬਾਇਕਾਟ ਕਰ ਦਿੱਤਾ ਏ। ਮੈਥੋਂ ਇਹ ਬੇਇੱਜ਼ਤੀ ਬਰਦਾਸ਼ਤ ਨਹੀਂ ਹੋ ਰਹੀ। ਮੈਂ ਇਸ ਗੱਲ ਲਈ ਚਾਰ ਪੰਜ ਜਾਣਿਆਂ ਨੂੰ ਕਸੂਰਵਾਰ ਠਹਿਰਾ ਕੇ ਡੈਥਨੋਟ ਲਿਖ ਦਿੱਤਾ ਹੈ।"

"ਅਜਿਹਾ ਕੀ ਹੈ ਉਸ ਵਿਅੰਗ ਵਿੱਚ ਜਿਸ ਕਰਕੇ ਤੁਹਾਡੇ ਕੁਲੀਗਜ਼ ਇੰਨੇ ਭੜਕ ਪਏ ਹਨ ..."

"ਹੋਣਾ ਕੀ ਏ ਕਿਰਣ ਜੀ, ਕਿ ਮੇਰੀਆਂ ਹੁਣ ਤੱਕ ਦੀਆਂ ਉਪਲਬਧੀਆਂ ਕਰਕੇ ਮੇਰੇ ਨਾਂ ਦੇ ਵਿਭਾਗੀ ਪੁਰਸਕਾਰ ਲਈ ਵਿਚਾਰ ਹੋਣਾ ਸੀ। ਇਸ ਲਈ ਹੈਡ ਆਫਿਸ ਤੋਂ ਮੇਰੇ ਕੰਮ ਦੀ ਜਾਂਚ ਪੜਤਾਲ ਲਈ ਉੱਚ ਅਧਿਕਾਰੀਆਂ ਦੀ ਇੱਕ ਟੀਮ ਨੇ ਆਉਣਾ ਸੀ। ਤੁਹਾਨੂੰ ਪਤਾ ਈ ਏ ਕਿ ਵੱਡਾ ਅਫਸਰ ਭਾਵੇਂ ਕਿ ਮੇਰੇ ਕਰਕੇ ਹੀ ਆ ਰਿਹਾ ਸੀ ਪਰ ਉਹ ਚੈਕ ਤਾਂ ਕਿਸੇ ਹੋਰ ਨੂੰ ਵੀ ਕਰ ਸਕਦੇ ਹਨ। ਅਜਿਹਾ ਸੋਚ ਕੇ ਸਾਡੇ ਬਾਸ ਨੇ ਸਾਰੇ ਸਟਾਫ ਨੂੰ ਸਪਸ਼ਟ ਹਿਦਾਇਤਾਂ ਜਾਰੀ ਕਰ ਦਿੱਤੀਆਂ ਸਨ। ਮਸਲਨ ਸਮੇਂ ਸਿਰ ਆਫਿਸ ਆਣਾ, ਪੈਂਡਿੰਗ ਫਾਈਲਾਂ ਦਾ ਨਿਪਟਾਰਾ, ਰਿਕਾਰਡ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਤੇ ਆਫਿਸ ਤੋਂ ਬਿਨਾਂ ਦੱਸੇ ਪੁੱਛੇ ਗਾਇਬ ਨਾ ਹੋਣਾ।"

ਬਸ ਇਸੇ ਗੱਲ ਤੋਂ ਪਰੇਸ਼ਾਨ ਹੋ ਗਿਆ ਸੀ, ਲਗਪਗ ਸਾਰਾ ਹੀ ਸਟਾਫ। ਜਦੋਂ ਤਾਈਂ ਉਚ ਅਧਿਕਾਰੀਆਂ ਦੀ ਟੀਮ ਵਲੋਂ ਇਹ ਕੁਆਇਰੀ ਨਾ ਹੋ ਜਾਂਦੀ, ਘੱਟ ਘੱਟ ਉਦੋਂ ਤੱਕ ਤਾਂ ਇਨ੍ਹਾਂ ਹਿਦਾਇਤਾਂ ਤੇ ਅਮਲ ਬਹੁਤ ਜ਼ਰੂਰੀ ਹੋ ਗਿਆ ਸੀ। ਹਰ ਕਿਸੇ ਲਈ। ਹਾਲਾਂਕਿ ਮੇਰੇ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ, ਆਪਣਾ ਤਾਂ ਰੂਟੀਨ ਪਹਿਲੋਂ ਹੀ ਅਜਿਹਾ ਸੀ, ਪਰ ਕਈਆਂ ਨੂੰ ਆਪਣਾ ਰੂਟੀਨ ਤੋੜਣਾ ਪਿਆ ਸੀ। ਜਿਸ ਦੇ ਉਹ ਆਦੀ ਹੋ ਗਏ ਸਨ। ਪੂਰੇ ਸਮੇਂ ਦਫ਼ਤਰ ਵਿੱਚ ਬੈਠ ਕੇ ਕੰਮ ਕਰਨਾ ਉਨ੍ਹਾਂ ਦੀ ਪਰੇਸ਼ਾਨੀ ਦਾ ਬਾਇਸ ਬਣ ਗਿਆ ਸੀ। ਜਿਸ ਲਈ ਉਹ ਸ਼ਰੇ ਆਮ ਮੈਨੂੰ ਜ਼ਿੰਮੇਦਾਰ ਠਹਿਰਾ ਰਹੇ ਸਨ ਤੇ ਪਾਣੀ ਪੀ ਪੀ ਕੋਸ ਰਹੇ ਸਨ ਕਿ ਨਾ ਮੇਰਾ ਨਾਂ



ਵਿਭਾਗੀ ਪੁਰਸਕਾਰ ਲਈ ਜਾਂਦਾ ਤੇ ਨਾਂ ਹੀ ਉੱਚ ਅਧਿਕਾਰੀਆਂ ਦੀ ਟੀਮ ਨੇ ਇੱਥੇ ਆਉਣਾ ਸੀ ਤੇ ਨਾ ਹੀ ਉਨ੍ਹਾਂ ਇਸ ਮੁਸ਼ਕਲ ਵਿੱਚ ਫਸਣਾ ਸੀ। ਕਿੱਥੇ ਤਾਂ ਉਹ ਫਾਈਲਾਂ ਰੋਕ ਕੇ, ਨਾਜਾਇਜ਼ ਉਬਜੈਕਸ਼ਨ ਲਗਾ ਕੇ ਨਿੱਤ ਨਵੀਂ ਅਸਾਮੀ ਫਸਾਉਂਦੇ ਨਕਦ ਤੇ ਸਿਟਿੰਗਜ਼ ਲੈਂਦੇ। ਸਵੇਰੇ ਹਾਜ਼ਰੀ ਲਾਕੇ ਸਾਰਾ ਦਿਨ ਸੀਟ ਤੋਂ ਗਾਇਬ ਰਹਿੰਦੇ। ਜੇ ਆਫਿਸ ਵਿੱਚ ਟਿਕਦੇ ਹੀ ਤਾਂ ਜਾਂ ਗੱਪਾ ਮਾਰਦੇ, ਚੁਗਲੀ ਮਾਰਦੇ ਜਾਂ ਕਿਸੇ ਨੂੰ ਨੀਵਾਂ ਵਿਖਾਲਣ ਲਈ ਨਵੀਆਂ ਵਿਉਂਤਾ ਘੜਦੇ। ਪਰ ਇਸ ਸਾਰੇ ਸਿਲਸਿਲੇ ਵਿੱਚ ਮੇਰੇ ਕਾਰਣ ਕੁਝ ਸਮੇਂ ਲਈ ਖੜੋਤ ਆ ਗਈ ਸੀ, ਤੇ ਇਹ ਸਭ ਉਨ੍ਹਾਂ ਲਈ ਬਰਦਾਸ਼ਤ ਤੋਂ ਬਾਹਰ ਹੋ ਗਿਆ ਸੀ।

ਉੱਚਅਧਿਕਾਰੀਆਂ ਦਾ ਦੌਰਾ ਅਚਾਨਕ ਹੋਣਾ ਸੀ। ਇਸ ਲਈ ਖ਼ਤਰ ਦੀ ਤਲਵਾਰ ਹਮੇਸ਼ਾ ਧੌਣ ਤੇ ਲਟਕਦੀ ਪਈ ਸੀ, ਜਿਵੇਂ ਜਿਵੇਂ ਦਿਨ ਲੰਘਦੇ ਜਾਂਦੇ ਸਨ, ਉਨ੍ਹਾਂ ਦਾ ਹੌਸਲਾ ਟੁੱਟਦਾ ਜਾਂਦਾ ਸੀ। ਪਹਿਲੋਂ ਜਿਹੜੀਆਂ ਗੱਲਾਂ ਉਹ ਪਿੱਠ ਪਿੱਛੇ ਕਰਦੇ ਸਨ ਹੁਣ ਉਹੀ ਜ਼ਹਿਰ ਉਹ ਮੇਰੇ ਮੂੰਹ ਤੇ ਹੀ ਉਗਲਣ ਲੱਗ ਪਏ ਸਨ। "ਇਨਾਮ ਤੂੰ ਲੈਣਾ ਏ ਤੇ ਸੂਲੀ ਸਾਨੂੰ ਚੜ੍ਹਾਇਆ ਏ। ਵੱਡਾ ਚਮਚਾ ਬਣਿਆ ਫਿਰਦਾ ਏ ਸਾਬ ਦਾ, ਇਮਾਨਦਾਰੀ ਮਿਹਨਤ ਤੇ ਸਮਾਜ ਸੇਵਾ ਦਾ ਢੌਂਗ ਕਰਦਾ ਫਿਰਦਾ ਏ। ਦੋ ਚਾਰ ਕਿਤਾਬਾ ਕੀ ਲਿਖ ਲਈਆਂ ਆਪਣੇ ਆਪ ਨੂੰ ਬਹੁਤ ਵੱਡਾ ਬੁੱਧੀ ਜੀਵੀ ਸਮਝਣ ਲੱਗ ਪਿਆ ਹੈ। ਬੜੀ ਭੁੱਖ ਹੈ ਇਸ ਨੂੰ ਇਨਾਮਾਂ ਸਨਮਾਨਾ ਦੀ। ਆਪੇ ਪੈਸੇ ਇਕੱਠੇ ਕਰਕੇ, ਕਰਕੇ ਇਸ ਦਾ ਸਨਮਾਨ ਤੇ ਖਹਿੜਾ ਛੁਡਾਉ, ਸਾਰਾ ਸਟਾਫ ਫਾਹੇ ਲੱਗਾ ਇਸਦੇ ਕਰਕੇ .........।" ਮੈਂ ਜਿੱਥੇ ਵੀ ਖੜਾ ਹੁੰਦਾ, ਬਸ ਇਹੋ ਟੌਪਿਕ ਸ਼ੁਰੂ ਕਰ ਦਿੰਦੇ। ਅਜਿਹੀਆਂ ਟਿਚਰਾਂ ਕਰਦੇ ਕਿ ਮੇਰਾ ਉੱਥੇ ਖੜਾ ਹੋਣਾ ਮੁਹਾਲ ਕਰਕੇ ਛੱਡਦੇ। ਮੈਂ ਇਹ ਸਭ ਚੁਪਚਾਪ ਸਹਾਰਦਾ ਆ ਰਿਹਾ ਸੀ। ਮੈਂ ਅਜਿਹੀ ਕੋਈ ਵੀ ਪ੍ਰਤੀਕ੍ਰਿਆ ਜ਼ਾਹਿਰ ਨਹੀਂ ਸੀ ਕਰਦੀ ਚਾਹੁੰਦਾ ਜਿਸ ਨਾਲ ਮੇਰੇ ਨਿਰੀਖਣ ਤੇ ਮਾੜਾ ਅਸਰ ਪੈਂਦਾ ਜਾਂ ਉੱਚ ਅਧਿਕਾਰੀ ਮੇਰੇ ਖਿਲਾਫ਼ ਹੋ ਜਾਂਦੇ।

ਆਖਿਰ ਉਹ ਦਿਨ ਆ ਹੀ ਗਿਆ ਸੀ, ਉੱਚ ਅਧਿਕਾਰੀ ਆਪਣੇ ਲਾਮ-ਲਸ਼ਕਰ ਨਾਲ ਮੇਰੇ ਕਾਰਜ ਦਾ ਨਿਰੀਖਣ ਕਰਨ ਲਈ ਪੁੱਜ ਗਏ ਸਨ। ਤੇ ਉਦੋਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ, ਜਦੋਂ ਮੇਰੇ ਕੈਬਿਨ 'ਚੋਂ ਕੁਝ ਮਹਤਵਪੂਰਣ ਫਾਈਲਾਂ ਅਚਾਨਕ ਗਾਇਬ ਹੋ ਗਈਆਂ ਸਨ। ਉਨ੍ਹਾਂ ਫਾਈਲਾਂ ਵਿੱਚ ਬੰਦ ਰਿਕਾਰਡ ਨੂੰ ਚੈਕ ਕਰਕੇ ਹੀ ਮੇਰੀ ਕਾਰਜ ਕੁਸ਼ਲਤਾ ਨੂੰ ਪਰਖਿਆ ਜਾਣਾ ਸੀ। ਮੇਰੀ ਯੋਗਤਾ ਨੂੰ ਵਾਚਣਾ ਸੀ। ਜਿਸ ਰਿਕਾਰਡ ਦੇ ਬਲਬੂਤੇ ਤੇ ਮੈਨੂੰ ਪੁਰਸਕਾਰ ਦੇਣ ਜਾਂ ਨਾਂ ਦੇਣ ਦਾ ਫੈਸਲਾ ਹੋਣਾ ਸੀ, ਉਹ ਉੱਥੇ ਨਹੀਂ ਸਨ। ਇਕ ਦਿਨ ਪਹਿਲੋਂ ਮੈਂ ਬੜੇ ਹੀ ਚੰਗੇ ਢੰਗ ਨਾਲ ਬਣਾ ਸੰਵਾਰ ਕੇ, ਸੁਰੱਖਿਅਤ ਰੱਖ ਕੇ ਗਿਆ ਸੀ, ਉਹ ਅਚਾਨਕ ਪਤਾ ਨਹੀਂ ਕਿਧਰੇ ਖੰਭ ਲਾ ਕੇ ਉੱਡ ਗਈਆਂ ਸਨ।" ਕੈਬਿਨ ਦਾ ਇੰਚ-ਇੰਚ ਕਈ ਵਾਰੀ ਫਰੋਲ ਮਾਰਿਆ ਸੀ, ਨਾਲ ਦਿਆਂ ਨੂੰ ਪੁੱਛਿਆ ਸੀ, ਪਰ ਕੋਈ ਸੁਰਾਗ ਨਹੀਂ ਸੀ ਮਿਲ ਰਿਹਾ। ਮੇਰੀ ਇਸ ਪਰੇਸ਼ਾਨੀ ਵਿੱਚ ਕੁਝ ਕੁਲੀਗਜ਼ ਦਿਲੋਂ ਤੇ ਕੁਝ ਉਪਰੋਂ ਮੂੰਹੋਂ ਮੇਰੇ ਨਾਲ ਹਮਦਰਦੀ ਤੇ ਫਿਕਰ ਪ੍ਰਗਟ ਕਰ ਰਹੇ ਸਨ। ਮੈਂ ਆਪਣੇ ਉੱਚ ਅਧਿਕਾਰੀਆਂ ਨੂੰ ਚੰਗੇ ਢੰਗ ਨਾਲ ਪ੍ਰਭਾਵਤ ਨਹੀਂ ਕਰ ਸਕਿਆ। ਬਾਸ ਵਖਰਾ ਨਾਰਾਜ਼ ਸੀ ਕਿ ਉਸਨੇ ਤਾਂ ਵੱਡੇ ਅਫਸਰਾਂ ਅੱਗੇ ਮੇਰੀ ਤਾਰੀਫ ਦੇ ਪੁਲ ਬੰਨ੍ਹੇ ਸਨ। ਪਰ ਰਿਕਾਰਡ ਨਾ ਪੇਸ਼ ਕਰ ਸਕਣ ਕਾਰਣ ਸਭ ਹਵਾਈ ਗੱਲਾਂ ਰਹਿ ਗਈਆਂ ਸਨ ਤੇ ਬਾਸ ਆਪ ਵੀ

ਫਿੱਕਾ ਪੈ ਗਿਆ ਸੀ। ਇਸ ਸਭ ਨੂੰ ਮੇਰੀ ਲਾਪਰਵਾਹੀ ਗਰਦਾਨਿਆ ਗਿਆ ਸੀ।"

"ਕਿਰਨ, ਟੈਲੀਫੋਨ ਤੇ ਸਾਰੀ ਗੱਲ ਸੁਣ ਰਹੀ ਸੀ. ਉਸ ਨੇ ਇੱਕ ਵੱਡਾ ਸਾਰਾ ਹਉਕਾ ਭਰਿਆ ਤੇ ਪੁੱਛਿਆ, "ਅੱਛਾ – ਫਿਰ ਅੱਗੇ ਕੀ ਹੋਇਆ "

"ਕਿਰਨ ਜੀ. ਮੈਨੂੰ ਤਾਂ ਪਹਿਲੇ ਹੀ ਸ਼ੱਕ ਸੀ. ਕਿ ਮੇਰੇ ਨਾਲ ਸ਼ਰਾਰਤ ਜਾਣ ਬੁੱਝ ਕੇ ਕੀਤੀ ਗਈ ਏ, ਫਿਰ ਹੌਲੀ ਹੌਲੀ ਮੇਰੇ ਕੰਨਾਂ 'ਚ ਭਿਣਕ ਪਈ ਕਿ ਇਹ ਸਭ ਉਸ "ਵੱਡੇ ਸਿਰ ਚੜ੍ਹੇ ਗਰੁੱਪ" ਵਲੋਂ ਕੀਤਾ ਗਿਆ ਹੈ. ਤਾਂ ਮੇਰੇ ਵੀ ਸਬਰ ਦਾ ਬੰਨ੍ਹ ਟੁੱਟ ਗਿਆ। ਉਨ੍ਹਾਂ ਸਾਰਿਆਂ ਨਾਲ ਇਕੱਲੇ ਮੁਕਾਬਲਾ ਕਰਨਾ ਮੇਰੇ ਵੱਸ ਦੀ ਗੱਲ ਨਹੀਂ ਸੀ। ਇਸ ਜ਼ਬਰਦਸਤ ਮਾਨਸਿਕ ਟਾਰਚਰ ਤੋਂ ਪੀੜਤ ਹੋ ਕੇ ਮੈਂ ਆਪਣੀ ਦਰਦਗਾਥਾ ਨੂੰ ਵਿਅੰਗ ਰੂਪ ਵਿੱਚ ਲਿਖ ਕੇ ਅਖਬਾਰ ਨੂੰ ਭੇਜ ਦਿੱਤਾ ਸੀ. ਜਿਸ ਦੇ ਪ੍ਰਕਾਸ਼ਿਤ ਹੁੰਦਿਆ ਹੀ, ਉਨ੍ਹਾਂ ਹੀ ਲੋਕਾਂ ਨੇ ਮੇਰੇ ਖ਼ਿਲਾਫ ਤੂਫਾਨ ਖੜਾ ਕਰ ਦਿੱਤਾ ਸੀ। ਚਪੜਾਸੀ ਤੋਂ ਲੈ ਕੇ ਬਾਸ ਤੱਕ ਨੂੰ ਮੇਰੇ ਵਿਰੁੱਧ ਭੜਕਾ ਦਿੱਤਾ ਸੀ ਕਿ ਇਹ ਵਿਅੰਗ ਨਹੀਂ ਖ਼ਬਰ ਹੈ ਤੇ ਹੁਣ ਸਾਰੇ ਸਟਾਫ ਦੀ ਵਿਭਾਗ ਵਲੋਂ ਇਨਕੁਆਅਰੀ ਹੋਵੇਗੀ। ਸੱਚ ਨੂੰ ਸਵੀਕਾਰ ਨਾ ਕਰ ਸਕਣ ਵਿੱਚ ਸਮਰਥ 70-80 ਸਟਾਫ ਮੈਂਬਰਾਂ ਦੀ ਪਾਗਲ ਹੋਈ ਭੀੜ ਨੇ ਮੈਨੂੰ ਘੇਰ ਲਿਆ ਸੀ। ਉਨ੍ਹਾਂ ਦੀ ਉਸ ਸਮੇਂ ਨਾ ਕਈ ਆਪਣੀ ਸੋਚ ਸੀ ਨਾ ਤਰਕ। ਬਸ ਭੜਕਾਹਟ ਵਿੱਚ ਆ ਕੇ ਸਤਵੇਂ ਅਸਮਾਨ ਚੜ੍ਹਿਆ ਆਪਣਾ ਗੁੱਸਾ ਸ਼ਾਂਤ ਕਰਨ ਲਈ, ਬਜ਼ਿੱਦ ਭੀੜ ਨੇ ਮੇਰੇ ਤੇ ਜ਼ੁਬਾਨ ਰਾਹੀਂ ਅਜਿਹੀ ਸੰਗਮਾਰ ਕੀਤੀ ਸੀ ਕਿ ਪੁੱਛ ਨਾ। ਜਿਸਦੇ ਮੂੰਹ ਜੋ ਆਇਆ ਉਹੀ ਬੋਲਿਆ ਸੀ। ਔਰਤ ਮਰਦ ਸਾਰਿਆਂ ਨੇ ਮੈਨੂੰ ਜਹਾਨ ਦਾ ਸਭ ਤੋਂ ਝੂਠਾ, ਮੱਕਾਰ ਅਹਿਸਾਨ ਫਰਾਮੋਸ਼, ਢੌਂਗੀ, ਕਮੀਨਾ, ਚਰੀਤਰ ਹੀਨ ਦੇ ਗਹਿਣੀਆਂ ਨਾਲ ਸਜਾ ਦਿੱਤਾ ਗਿਆ ਸੀ। ਉਨ੍ਹਾਂ ਦੇ ਸ਼ਬਦਬਾਣ ਨਾਲ ਮੇਰਾ ਸੀਨਾ ਛਲਣੀ ਹੋ ਗਿਆ ਸੀ। ਮੇਰੀ ਇਕੱਲੇ ਦੀ ਉੱਥੇ ਕੋਈ ਸੁਨਣ ਵਾਲਾ ਨਹੀਂ ਸੀ. ਮੇਰੇ ਨਾਲ ਮਨ ਹੀ ਮਨ ਹਮਦਰਦੀ ਰੱਖਣ ਵਾਲੇ ਵੀ ਉਨ੍ਹਾਂ ਦੇ ਪ੍ਰਭਾਵ ਹੇਠ ਆ ਕੇ ਖਾਮੋਸ਼ ਰਹਿ ਗਏ ਸੀ। ਪੰਦਰਾਂ ਸਾਲ ਤੋਂ ਵੱਧ ਦੀ ਨੌਕਰੀ ਵਿੱਚ ਹੀ ਨਹੀਂ. ਪੂਰੀ ਜ਼ਿੰਦਗੀ ਵਿੱਚ ਪਹਿਲੀ ਵਾਰੀ ਮੈਨੂੰ ਇੰਨਾ ਜ਼ਲੀਲ ਹੋਣਾ ਪਿਆ ਸੀ, ਜਿਨ੍ਹਾਂ ਲੋਕਾਂ ਦੇ ਮੈਂ ਕਾਰਜ ਸਵਾਰੇ ਸਨ. ਜਿਨ੍ਹਾਂ ਦੇ ਦੁੱਖ ਸੁੱਖ ਵਿੱਚ ਮੋਢੇ ਲਾਕੇ ਖੜਾ ਹੋਇਆ ਸੀ, ਜਿਨ੍ਹਾਂ ਨੂੰ ਮੈਂ ਹਮੇਸ਼ਾ ਇਜ਼ੱਤ ਦਿੱਤੀ ਸੀ, ਉਨ੍ਹਾਂ ਨੇ ਹੀ ਮੇਰੀ ਜੀ ਭਰ ਕੇ ਬੇਇਜ਼ੱਤੀ ਕੀਤੀ ਸੀ।

ਅੰਨੀ ਤੇ ਬੋਲੀ ਭੀੜ ਨੇ ਮੇਰੀ ਕੋਈ ਦਲੀਲ ਅਪੀਲ ਸੁਣੇ ਬਿਨਾਂ ਹੀ ਮੇਰਾ ਬਾਇਕਾਟ ਕਰਨ ਦਾ ਇੱਕ ਤਰਫਾ ਫੈਸਲਾ ਲੈ ਲਿਆ ਸੀ। ਦੋ ਮਹੀਨੇ ਤਾਈਂ ਮੇਰੇ ਨਾਲ ਕਿਸੇ ਵੀ ਸਟਾਫ ਮੈਂਬਰ ਵਲੋਂ ਗੱਲਬਾਤ ਕਰਨ ਤੇ ਇਹੋ ਸਜ਼ਾ ਦੇਣ ਦਾ ਐਲਾਨ ਕੀਤਾ ਗਿਆ ਸੀ। ਮੈਂ ਹੈਰਾਨ ਪਰਸ਼ਾਨ ਸੀ ਕਿ ਇਹ ਲੋਕ ਪਹਿਲੇਂ ਮੈਨੂੰ ਮੈਂਟਲ ਟਾਰਚਰ ਕਰਦੇ ਰਹੇ ਸਨ. ਫਿਰ ਜਦੋਂ ਮੈਂ ਕਲਮ ਦਾ ਆਸਰਾ ਲੈ ਕੇ, ਉਨ੍ਹਾਂ ਲੋਕਾ ਵਲੋਂ ਜ਼ੁਬਾਨੀ ਦਿੱਤੇ ਨੂੰ ਲਿਖਤੀ ਰੂਪ ਵਿਚ ਮੋੜਿਆ ਸੀ. ਤਾਂ ਉਹ ਮੇਰੇ ਲਹੂ ਮਾਸ ਦੇ ਤਿਰਹਾਏ ਹੋ ਗਏ ਸਨ। ਮੇਰੇ ਲਈ ਜ਼ਿੰਦਗੀ ਮੌਤ ਦਾ ਪ੍ਰਸ਼ਨ ਬਣ ਗਿਆ ਏ। ਇਹ ਸਭ ਮੇਰੀ ਲਈ ਬਰਦਾਸ਼ਤ ਕਰਨ ਦੀ ਹੱਦ ਤੋਂ ਲੰਘ ਗਿਆ ਏ ਕਿਰਨ ਜੀ।"

"ਬਸ ਇੰਨੀ ਕੁ ਗੱਲ ਨਾਲ ਤੁਸੀ ਇੰਨੀ ਜਲਦੀ ਘਬਰਾ ਗਏ – ਤੁਸੀਂ ਮੈਨੂੰ ਤਸਲੀਮਾ ਨਸਰੀਨ ਦੀ ਕਿਤਾਬ ਭੇਜੀ ਸੀ ਨਾ, ਉਸ ਦਾ ਹਸ਼ਰ ਪਤਾ ਏ, ਸਾਰੇ ਮੁਲਕ ਨੇ ਉਸ ਦਾ ਬਾਇਕਾਟ ਕੀਤਾ ਹੋਇਆ ਏ ਤੇ ਇਹ ਰਸ਼ਦੀ ਉਸਦੇ ਨਾਵਲ



"ਸ਼ਤਾਨਿਕ ਵਰਸਿਸ" ਲਈ ਤੁਹਾਡਾ ਤਾਂ ਸਿਰਫ ਸਟਾਫ ਨੇ ਹੀ ਬਾਇਕਾਟ ਕੀਤਾ ਹੈ। ਤੁਹਾਡੇ ਪ੍ਰੀਵਾਰ ਜਾਂ ਦੋਸਤਾ ਨੇ ਤਾਂ ਨਹੀਂ, ਤੁਹਾਡਾ ਇੰਨਾ ਵੱਡਾ ਸਰਕਲ ਹੈ। ਰਸ਼ਦੀ ਵੀ ਜੀ ਰਿਹਾ ਤੇ ਤਸਲੀਮਾ ਵੀ ਜੀਉਂਦੀ ਹੈ। ਉਹ ਔਰਤ ਹੋ ਕੇ ਨਹੀਂ ਘਬਰਾਈ। ਤੁਸੀਂ ਤਾਂ ਫਿਰ ਵੀ ਮਰਦ ਹੋ।"

"ਇੰਨਾਂ ਲੋਕਾਂ ਨੂੰ ਸਾਹਿਤਕ ਸੂਝ ਨਹੀਂ ਹੈ। ਕਲ੍ਹ ਇਹ ਅਸਲੀਅਤ ਤੋਂ ਵਾਕਿਫ ਹੋ ਜਾਣਗੇ। ਤੁਸੀਂ ਤਾਂ ਵੱਡੇ ਬਨਣਾ ਏ। ਸਾਹਿਤ ਦੇ ਗਗਨ ਤੇ ਸਿਤਾਰੇ ਵਾਂਗੂ ਚਮਕਣਾ ਹੈ। ਤੇ ਤੁਸੀਂ ਇੰਨੀ ਜਲਦੀ ਹੌਸਲਾ ਛੱਡ ਗਏ, ਨਹੀਂ ਪਲੀਜ਼ ਇੰਜ ਨਾ ਕਰ. ਕਿਸੇ ਹੋਰ ਲਈ ਨਹੀਂ ਤਾਂ ਘੱਟੋਂ ਘੱਟ ਮੇਰੇ ਲਈ ਹੀ ਸਹੀ ਤੁਹਾਡੇ ਵਰਗਾ ਮਿੱਤਰ ਪ੍ਰਾਪਤ ਕਰਕੇ ਉਸਨੂੰ ਗੁਆ ਦੇਣ ਦੀ ਕਲਪਨਾ ਮਾਤਰ ਨਾਲ ਹੀ ਕੰਬ ਉਠਦੀ ਹਾਂ, ਨਹੀਂ ਪਲੀਜ਼ .....।" ਕਿਰਨ ਦਾ ਗੱਚ ਭਰ ਆਇਆ ਸੀ।

"ਕਿਰਨ ਜੀ, ਤੁਸੀਂ ਮੇਰੀ ਥਾਂ ਖੜੇ ਹੋ ਕੇ ਵੇਖੋ ਨਾ।"

"ਮੈਨੂੰ ਪਤਾ, ਤੁਹਾਡਾ ਸੰਵੇਦਨਸ਼ੀਲ ਮਨ, ਇਹ ਸਭ ਸਹਿਣ ਨਹੀ ਕਰ ਰਿਹਾ ਹੈ। ਮੈਂ ਵੀ ਨਾ ਕਰ ਸਕਦੀ ਸ਼ਾਇਦ ..... ਪਰ ਆਤਮ ਹਤਿਆ ਵਰਗਾ ਕੰਮ ਡਰਪੋਕ ਤੇ ਬੁਜ਼ਦਿਲ ਲੋਕ ਕਰਦੇ ਹਨ। ਲੇਖਕ ਤਾਂ ਨਿਡਰ ਹੁੰਦਾ ਹੈ। ਨਹੀਂ ਤਾਂ ਉਹ ਲੋਕਾਂ 'ਚ ਸੱਚ ਨੂੰ ਕਿਵੇਂ ਲੈ ਕੇ ਜਾਵੇਗਾ। ਇਹ ਵੱਡੇ ਜਿਗਰੇ ਗੁਰਦੇ ਦਾ ਕੰਮ ਏ, ਕਿਸੇ ਹਾਰੀ ਸਾਰੀ ਦਾ ਕੰਮ ਨਹੀਂ ਹੈ। ਇਹ ਦਲੇਰੀ ਤੁਹਾਡੇ ਵਿੱਚ ਹੈ।"

"ਪਰ ਕਿਰਨ ਜੀ ਮੇਰੀ ਗੱਲ ਤਾਂ.....।"

"ਨਹੀਂ, ਬਸ ਮੈਂ ਕੁਝ ਨਹੀਂ ਸੁਨਣਾ ....... ਮੇਰੇ ਨਾਲ ਪ੍ਰਾਮਿਸ ਕਰੋ, ..... ਇਹ ਸਟੈਪ ਨਹੀਂ ਲਵੋਗੇ ਕਦੇ ਨਹੀਂ...... ਮੈਂ ਇਹ ਬਰਦਾਸ਼ਤ ਨਹੀਂ ਕਰ ਸਕਾਂਗੀ ਕਿ ਮੇਰਾ ਮਿੱਤਰ ਇੰਨਾ ਡਰਪੋਕ ਹੈ। ਜਿਹੜਾ ਬੇਵਕੂਫਾਂ ਦੀ ਭੀੜ ਤੋਂ ਘਬਰਾ ਕੇ ਮੌਤ ਨੂੰ ਗਲ ਲਾਉਣ ਦੀ ਸੋਚ ਰਿਹਾ ਹੈ। ਤੁਸੀ ਇੰਜ ਕਰੋ, ਬਿਨਾਂ ਕਿਸੇ ਨੂੰ ਕੁਝ ਦੱਸਿਆਂ ਚੁਪਚਾਪ ਮੇਰੇ ਕੋਲ ਆ ਜਾਵੋ। ਦੋ ਮਹੀਨੇ ਦੀ ਹੀ ਤਾਂ ਗੱਲ ਏ ...... ਮੇਰੇ ਪਾਸ ਸਮਾਂ ਕੱਟੋ।"

ਕਿਰਨ ਨੂੰ ਫੋਨ ਕਰਕੇ ਉਹ ਅਜੀਬ ਕਸ਼ਮਕਸ਼ ਵਿੱਚ ਫਸ ਗਿਆ। ਉਹ ਕਿਰਨ ਨੂੰ ਕੋਈ ਜਵਾਬ ਨਹੀਂ ਸੀ ਦੇ ਰਿਹਾ। ਫਿਰ ਕਿਰਨ ਆਪ ਹੀ ਬੋਲ ਪਈ, "ਤੁਸੀਂ ਝਿਜਕ ਰਹੇ ਹੋ ਨਾ ਕੋਈ ਗੱਲ ਨਹੀਂ ........ ਨਾ ਆਉ ਮੇਰੇ ਕੋਲ ..... ਇਹ ਵੀ ਇਕ ਤਰ੍ਹਾਂ ਦਾ ਐਸਕੇਪਿਜ਼ਮ ਹੈ। ਤੁਸੀਂ ਇੰਜ ਕਰੋ ਅੱਜ ਸਿੱਧੇ ਹੀ ਦਫ਼ਤਰ ਜਾਉ।"

" ਕੀ ਕਿਹਾ .... ਦਫਤਰ ਜਾਵਾਂ। ਨਹੀਂ ਨਹੀਂ ਕਿਰਨ ਜੀ. ਇਹ ਮੈਥੋਂ ਨਹੀਂ ਹੋ ਸਕੇਗਾ ਮੈਂ ਉਨ੍ਹਾਂ ਲੋਕਾਂ 'ਚ ਕਿਹੜਾ ਮੂੰਹ ਲੈ ਕੇ ਜਾਵਾਂਗਾ। ਉਨ੍ਹਾਂ ਦੇ ਹੌਸਲੇ ਬਹੁਤ ਬੁਲੰਦ ਹਨ ਇਹ ਮੈਥੋਂ ਨਹੀਂ ਹੋ ਸਕੇਗਾ।"

"ਇੰਜ ਨਹੀਂ ਹੋਵੇਗਾ ..... ਤੁਹਾਨੂੰ ਇਹ ਕਰਨਾ ਹੋਵੇਗਾ ...... ਅਸਲੀ ਜੰਗ ਤਾਂ ਹੁਣ ਸ਼ੁਰੂ ਹੋਈ ਏ।"

"ਕਿਹੋ ਜਿਹੀ ਜੰਗ ?"

"ਅਸਤਿਤਵ ਦੀ. ਉਹ ਤੁਹਾਡਾ ਵਜੂਦ ਮਿਟਾ ਦੇਣਾ ਚਾਹੁੰਦੇ ਹਨ। ਬੁਰਾਈਆਂ ਮਿਲ ਦੇ ਚੰਗਿਆਈ ਨੂੰ ਖਤਮ ਕਰ ਦੇਣਾ ਚਾਹੁੰਦੀਆਂ ਨੇ। ਉਹ ਤੁਹਾਨੂੰ ਆਪਣੇ ਰਸਤੇ ਦਾ ਰੋੜਾ ਸਮਝਦੀਆਂ ਹਨ। ਤੁਹਾਡੇ ਅਸੂਲ ਉਨ੍ਹਾਂ ਲਈ ਕੰਧ ਬਣੇ ਹੋਏ ਹਨ। ਤੁਸੀਂ ਆਪਣੇ ਅਸੂਲਾਂ ਤੋਂ ਰਤਾ ਵੀ ਪਿੱਛੇ ਨਹੀਂ ਹਟੋਗੇ। ਡਟੇ ਰਹੋ। ਤੁਸੀਂ ਜ਼ਰਾ

ਮੈਦਾਨ ਛੱਡ ਕੇ ਭੱਜਣ ਮਗਰੋਂ ਦੀ ਹਾਲਤ ਬਾਰੇ ਤਾਂ ਸੋਚੋ। ਫਿਰ ਤੁਸੀਂ ਡਰਪੋਕ ਹੀ ਨਹੀਂ, ਗਲਤ ਤੇ ਕਸੂਰ ਵਾਰ ਵੀ ਸਾਬਿਤ ਕਰ ਦਿੱਤੇ ਜਾਵੋਗੇ। ਦੁਨੀਆ ਤੁਹਾਡੇ ਤੇ ਥੂ-ਥੂ ਕਰੇਗੀ।"

"ਪਰ ਬੇਵਕੂਫ਼ਾਂ ਦੀ ਭੀੜ ਨਾਲ ਟਕਰਾਉਣਾ ਵੀ ਕੋਈ ਬਹੁਤੀ ਅਕਲ ਵਾਲੀ ਗੱਲ ਨਹੀਂ ਲਗਦੀ। ਇਹ ਕੰਮ ਇੰਨਾ ਅਸਾਨ ਨਹੀਂ ਹੈ ਜਿੰਨਾਂ ਤੁਸੀਂ ਸਮਝ ਰਹੇ ਹੋ।"

"ਦੁਨੀਆ ਵਿੱਚ ਕੋਈ ਵੀ ਕੰਮ ਮੁਸ਼ਕਿਲ ਨਹੀਂ ਹੈ, ਬਸ ਜ਼ਰਾ ਹੌਸਲਾ, ਲਗਨ, ਮਿਹਨਤ ਤੇ ਆਤਮਵਿਸ਼ਵਾਸ ਚਾਹੀਦੈ। ਤੁਸੀਂ ਮੇਰੀ ਗੱਲ ਮੰਨ ਕੇ ਇੱਕ ਵੇਰੀ ਡੱਟ ਜਾਉ।"

"ਕਿਵੇਂ ਡੱਟ ਜਾਵਾਂ, ਤੁਹਾਡਾ ਮਤਲਬ ਉਨ੍ਹਾਂ ਨਾਲ ਹੱਥੋ ਪਾਈ ਹੋਵਾਂ ?"

"ਉਹ ਨਹੀਂ ਦੋਸਤ ...... ਮੇਰਾ ਮਤਲਬ ਏ ਉਹ ਕੁਝ ਵੀ ਬੋਲਣ ਉਨ੍ਹਾਂ ਦੀ ਪਰਵਾਹ ਨਹੀਂ ਕਰਨੀ। ਉਨ੍ਹਾਂ ਅੱਗਿਉਂ ਸੀਨਾ ਤਾਣ ਕੇ ਲੰਘੋ। ਉਨ੍ਹਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖੋ ਜਿਵੇਂ ਤੁਹਾਡੇ ਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਹੀ ਨਾ ਹੋਇਆ ਹੋਵੇ। ਉਹ ਆਪ ਹੀ ਘਬਰਾ ਜਾਣਗੇ।"

"ਕਿਰਨ ਜੀ, ਇਹ ਕਿਤਾਬੀ ਡਾਇਲਾਗ ਨੇ, ਕਲਮ ਦਾ ਸੱਚ ਤਾਂ ਹੋ ਸਕਦੇ ਨੇ, ਪਰ ਹਕੀਕਤ ਬੜੀ ਭਿਆਨਕ ਤੇ ਕਰੂਰ ਏ।"

"ਤੁਸੀਂ ਠੀਕ ਪਏ ਆਖਦੇ ਹੋ, ਕਲਮ ਦਾ ਸੱਚ ਤੇ ਜ਼ਿੰਦਗੀ ਦਾ ਸੱਚ ਅਲਗ ਅਲਗ ਗੱਲਾਂ ਲਗਦੀਆਂ ਹਨ, ਪਰ ਤੁਸੀਂ ਕਲਮ ਦੇ ਨਾਲ ਨਾਲ ਜ਼ਿੰਦਗੀ ਦੇ ਸੱਚ ਤੇ ਵੀ ਪਹਿਰਾ ਦੇ ਕੇ ਵੇਖੋ ਨਾ। ਸੱਚ ਤੇ ਪਈ ਕੂੜ ਦੀ ਸਾਰੀ ਧੁੰਦ ਛੱਟ ਜਾਵੇਗੀ ਤੇ ਸੱਚ ਦਾ ਸੂਰਜ ਪਹਿਲੋਂ ਨਾਲੋਂ ਵੀ ਵੱਧ ਤੀਬਰਤਾ ਤੇ ਜਲੌਅ ਨਾਲ ਚਮਕੇਗਾ। ਜਿਸ ਨੂੰ ਵੇਖ ਕੇ ਇੰਨਾਂ ਸਿਰਫਿਰੇ ਲੋਕਾਂ ਦੀਆਂ ਅੱਖਾਂ ਚੁੰਧਿਆ ਜਾਣਗੀਆਂ। ਇਸ ਲਈ ਬੀ ਬਰੇਵ ਮੇਰੇ ਮਿੱਤਰ, ਇਸ ਜੰਗ ਵਿੱਚ ਕੁਦ ਪਵੋ ਆਪਣੇ ਅਸਤਿਤਵ ਨੂੰ ਬਚਾਉਣ ਖਾਤਿਰ। ਇਸ ਪ੍ਰੀਖਿਆ ਦੀ ਕੁਠਾਲੀ 'ਚ ਪੈ ਕੇ, ਸੋਨੇ ਵਾਗੂੰ ਹੋਰ ਨਿਖਰ ਕੇ ਨਿਕਲੋ।"

ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਅਰਜੁਨ ਵਾਂਗ, ਪਾਂਡਵਾਂ ਤੇ ਕੋਰਵਾਂ ਦੀ ਸੈਨਾ ਵਿਚਾਲੇ ਦੁਚਿੱਤੀ ਦੀ ਹਾਲਤ ਵਿੱਚ ਰੱਥ ਰੋਕ ਕੇ ਖੜੋਤਾ ਹੈ ਤੇ ਕਿਰਨ ਕ੍ਰਿਸ਼ਨ ਵਾਂਗ ਸਾਰਥੀ ਬਣਕੇ ਉਸਨੂੰ ਇਸ ਅਧਰਮ ਤੇ ਅਨਿਆਂ ਦੇ ਯੁੱਧ ਲਈ ਪ੍ਰੇਰਿਤ ਕਰ ਰਹੀ ਹੈ।

"ਠੀਕ ਏ ਨਾ .... ਬਸ ਇੰਜ ਹੀ ਸ਼ੋਅ ਕਰੋ ਕਿ ਜਿਵੇਂ ਉਨ੍ਹਾਂ ਦੇ ਬਾਇਕਾਟ ਦਾ ਤੁਹਾਡਾ ਤੇ ਕੋਈ ਅਸਰ ਹੋਇਆ ਹੀ ਨਹੀਂ, ਬਾਇਕਾਟ ਉਨ੍ਹਾਂ ਨੇ ਨਹੀਂ ਸਗੋਂ ਤੁਸੀਂ ਉਨ੍ਹਾਂ ਦਾ ਕੀਤਾ ਹੈ। ਬਸ ਆਪਣੇ ਕੰਮ ਵਿੱਚ ਵੱਧ ਤੋਂ ਵੱਧ ਦਿਲਚਸਪੀ ਲਵੋ। ਆਪਣੇ ਵਿੱਚ ਮਸਤ ਹੋ ਜਾਵੋ। ਆਪਣੀ ਡਿਊਟੀ ਦੌਰਾਨ ਸਮੇਂ ਤੇ ਆਫਿਸ ਜਾਉ ਸਮੇਂ ਤੇ ਆਓ। ਬਸ ਉਨ੍ਹਾਂ ਦਾ ਮੁਕਾਬਲਾ ਕਰੋ। ਨਾਲੇ ਮੈਂ ਤਾਂ ਤੁਹਾਨੂੰ ਇਹ ਸਭ ਐਵੇਂ ਕਹਿ ਰਹੀ ਹਾਂ, ਤੁਹਾਡੇ ਤਾਂ ਪਹਿਲੋਂ ਹੀ ਇਹ ਸਭ ਅਸੂਲ ਬਣੇ ਹੋਏ ਹਨ।" ਕਿਰਨ ਨੇ ਆਪਣੀ ਗੱਲ ਨੂੰ ਮੁੜ ਦੁਹਰਾਇਆ।

"ਕਿਰਨ ਜੀ, ਜਿੰਨੀ ਆਸਾਨੀ ਨਾਲ ਤੁਸੀਂ ਇਹ ਸਭ ਕਹਿ ਰਹੇ ਹੋ .... ਇਹ ਕੰਮ ਉਨ੍ਹਾਂ ਹੀ ਮੁਸ਼ਕਿਲ ਹੈ, ਖਾਸ ਕਰ ਟੁੱਟੇ ਹੌਂਸਲੇ ਤੇ ਭਾਵੁਕ ਵਿਅਕਤੀ ਲਈ ..... ਤੁਸੀਂ 6-7 ਘੰਟੇ ਉਨ੍ਹਾਂ ਲੋਕਾਂ ਵਿਚਾਲੇ ਗੁਜ਼ਾਰਨ ਲਈ ਕਹਿ ਰਹੇ ਹੋ, ਜਿਨ੍ਹਾਂ ਦੀ ਮੈਂ



ਸ਼ਕਲ ਨਹੀਂ ਵੇਖਣਾ ਚਾਹੁੰਦਾ ਜਿਨ੍ਹਾਂ ਨੂੰ ਵੇਖ ਕੇ ਮੇਰਾ ਖੂਨ ਖੋਲ ਪਵੇਗਾ, ਮੈਥੋਂ ਇਹ ਸਭ ਨਹੀਂ ਹੋ ਸਕਦਾ ......।"

"ਮੈਂ ਜਾਣਦੀ ਹਾਂ, ਕਿ ਤੁਸੀਂ ਕਿਹੋ ਜਿਹੀ ਮਾਨਸਿਕ ਅਵਸਥਾ 'ਚੋਂ ਲੰਘ ਰਹੇ ਹੋ। ਸਚਮੁਚ ਇਹ ਬੜਾ ਹੀ ਔਖਾ ਕੰਮ ਹੈ ਫਿਰ ਵੀ ਤੁਹਾਨੂੰ ਇਹ ਸਭ ਕਰਨਾ ਹੋਵੇਗਾ। ਮੇਰੀ ਖਾਤਿਰ ਆਪਣੀ ਪਤਨੀ ਤੇ ਬੱਚਿਆਂ ਖਾਤਿਰ। ਮੈਂ ਆਪ ਵੀ ਤੁਹਾਡੇ ਕੋਲ ਆਵਾਂਗੀ ਤੁਸੀਂ ਤਾਂ ਮੈਨੂੰ ਪੰਜਾਬ ਘੁੰਮਾਉਣ ਦਾ ਸੱਦਾ ਦਿੱਤਾ ਸੀ ਨਾ, ਉਹ ਕੌਣ ਵਿਖਾਲੇਗਾ। ਤੁਹਾਨੂੰ ਮੇਰੀ ਸੌਂਹ ਏ ਜੇ ਤੁਸੀਂ ਸੁਸਾਇਡ ਵਰਗਾ ਘਟੀਆਂ ਤੇ ਕਲਕੰਤ ਕੰਮ ਕੀਤਾ ਤਾਂ ਸਮਝ ਲੈਣਾ ਕਿਰਨ ਵੀ ਜ਼ਹਿਰ ਖਾ ਕੇ ਮਰ ਜਾਵੇਗੀ। ਮੈਂ ਵੀ ਡੈਥਨੋਟ ਲਿਖ ਜਾਵਾਂਗੀ ਕਿ ਮੇਰੀ ਮੌਤ ਲਈ ਤੁਸੀਂ ਜ਼ਿੰਮੇਦਾਰ ਹੋ। ਫਿਰ ਧਰਮਰਾਜ ਦੀ ਅਦਾਲਤ ਵਿੱਚ ਹੀ ਸਾਡਾ ਫੈਸਲਾ ਹੋਵੇਗਾ ਕਿ ਸਮਝ ਗਏ ਨਾ। ਮੈਂ ਪ੍ਰੇਤ ਬਣ ਕੇ ਵੀ ਤੁਹਾਡਾ ਪਿੱਛਾ ਨਹੀਂ ਛੱਡਾਗੀ ਸਮਝ ਗਏ ਨਾ .......।" ਕਿਰਨ ਦੇ ਆਖਰੀ ਵਾਕ ਤੇ ਉਹ ਮੁਸਕਰਾਏ ਬਿਨਾ ਨਹੀਂ ਰਹਿ ਸਕਿਆ। ਕਿਰਨ ਉਸਦੀ ਸਮੱਸਿਆ ਨੂੰ ਇੰਨੀ ਗੰਭੀਰਤਾ ਨਾਲ ਲਵੇਗੀ, ਉਸ ਨੇ ਤਾਂ ਸੁਪਨੇ 'ਚ ਵੀ ਕਲਪਨਾ ਨਹੀਂ ਸੀ ਕੀਤੀ। ਉਸ ਨੂੰ ਕਿਰਨ ਨੂੰ ਇਕ ਵਧੀਆ "ਪੈੱਨ ਫਰੈਂਡ' ਤੋਂ ਵੱਧ ਕੁਝ ਵੀ ਨਹੀਂ ਸਮਝਿਆ, ਪਰ ਉਸ ਨੂੰ ਮਹਿਸੂਸ ਹੋਇਆ ਕਿ ਕਿਰਨ ਸਿਰਫ ਦੋਸਤ ਹੀ ਨਹੀਂ ਉਸ ਤੋਂ ਵੀ ਅੱਗੇ ਕੁਝ ਹੋਰ ਹੈ। ਉਸ ਨੂੰ ਲੱਗਾ ਜਿਵੇਂ ਉਸ ਦੇ ਦਿਲ ਦਿਮਾਗ ਤੋਂ ਕਿਸੇ ਨੇ ਸਾਰਾ ਬੋਝ ਹਟਾ ਦਿੱਤਾ ਹੈ।

"ਠੀਕ ਏ ਪ੍ਰਾਮਿਸ ਕਰੋ। ਜਲਦੀ ਪ੍ਰਾਮਿਸ। ਤੁਹਾਡਾ ਤਾਂ ਬਿੱਲ ਵੀ ਬਹੁਤ ਜ਼ਿਆਦਾ ਬਣ ਗਿਆ ਹੋਵੇਗਾ .......।"

"ਚੰਗਾ ਸੋਚਦਾ ਹਾਂ .........।" ਉਸ ਨੇ ਦੁਚਿੱਤੀ ਜਿਹੀ 'ਚ ਕਿਹਾ।"

"ਨਹੀਂ ...... ਸੋਚਨਾ ਵੋਚਨਾ ਕੀ ਏ। ਚਲੋਂ ਤਿਆਰ ਹੋ ਕੇ ਆਫਿਸ ਜਾਵੋ ਤੇ ਜਿਵੇਂ ਮੈਂ ਕਿਹਾ ਏ ਉਂਜ ਹੀ ਕਰੋ। ਸਭ ਆਪਣੇ ਆਪ ਹੀ ਠੀਕ ਹੋ ਜਾਵੇਗਾ।" ਕਿਰਨ ਨੇ ਅਧਿਕਾਰ ਪੂਰਵਕ ਕਿਹਾ। ਫਿਰ ਪਤਾ ਨਹੀਂ ਫੋਨ ਆਪੇ ਕੱਟ ਲਿਆ ਜਾਂ ਕਿਰਨ ਨੇ ਕੱਟ ਦਿੱਤਾ ਸੀ।

ਇਹ ਤੂੰ ਕੀ ਕੀਤਾ ਬੇਵਕੂਫ, ਪਹਿਲਾਂ ਤੂੰ ਬਿੱਲੀ ਦੇ ਰਸਤਾ ਕੱਟਣ ਤੇ ਘਰ ਮੁੜ ਆਇਆ ਸੀ, ਸਾਇੰਸ ਦਾ ਵਿਦਿਆਰਥੀ ਹੋ ਕੇ, ਹੁਣ ਤੂੰ ਕਿਰਨ ਨੂੰ ਫੋਨ ਕਰਕੇ ਇਹ ਰੁਕਾਵਟ ਖੜੀ ਕਰ ਲਈ। ਉਸ ਦੇ ਅੰਦਰਲਾ ਆਦਮੀ ਉਸ ਨੂੰ ਲਾਹਨਤਾਂ ਪਾ ਰਿਹਾ ਸੀ। ਉਹ ਆਪਣਾ ਸਿਰ ਦੋਹਾਂ ਹੱਥ 'ਚ ਫੜ ਕੇ ਕਿੰਨੀ ਹੀ ਦੇਰ ਸੋਚਦਾ ਰਿਹਾ। ਉਸ ਨੇ ਖਿੜਕੀ ਤੋਂ ਪਰਦਾ ਹਟਾ ਕੇ ਵੇਖਿਆ ਤਾਂ ਪਹੁ ਫੁੱਟ ਚੁੱਕੀ ਸੀ। ਸੈਰ ਤੇ ਜਾਣ ਦਾ ਸਮਾਂ ਨਿਕਲ ਗਿਆ ਸੀ। ਹੁਣ ਉਹ ਕੀ ਕਰੇ।

ਫਿਰ ਅਚਾਨਕ ਉਸ ਵਿੱਚ ਜਿਵੇਂ ਅਨੋਖੀ ਜਿਹੀ ਊਰਜਾ ਦਾ ਸੰਚਾਰ ਹੋਇਆ। ਡੈਥਨੋਟ ਆਪਣੇ ਹੈਂਡ ਬੈਗ 'ਚ ਰੱਖਿਆ। ਸ਼ੇਵ ਬਣਾਈ, ਨਹਾ ਧੋਕੇ ਤਿਆਰ ਹੋ ਗਿਆ। ਅੱਖਾਂ 'ਚ ਰਾਤ ਦਾ ਉਨੀਂਦਰਾ ਰੜਕ ਰਿਹਾ ਸੀ। ਪਰ ਉਸ ਨੇ ਪਤਨੀ ਤੇ ਬੱਚਿਆਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੋਣ ਦਿੱਤਾ। ਨਾ ਚਾਹੁੰਦਿਆ ਵੀ ਉਸ ਨੇ ਅਧੂਰੇ ਮਨ ਨਾਲ ਨਾਸ਼ਤਾ ਕੀਤਾ। ਲੰਚ ਬਾਕਸ ਸਕੂਟਰ ਦੀ ਟੋਕਰੀ ਵਿੱਚ ਰਖਿਆ। ਬੱਚਿਆਂ ਨੂੰ ਪਿਆਰ ਕੀਤਾ ਤੇ ਆਪਣੇ ਗੁਰੂ ਮਹਾਰਾਜ ਅੱਗੇ ਸੀਸ ਨਿਵਾ ਕੇ ਆਫਿਸ ਵੱਲ ਚੱਲ ਪਿਆ।

ਰਾਤ ਦਾ ਉਨੀਂਦਰਾ ਅੱਖੀਆ ਤ ਭਾਰੀ ਸੀ ਤੇ ਸਾਰੀ ਰਾਤ ਆਤਮਹੱਤਿਆ ਲਈ ਤਿਆਰ ਦਿਮਾਗ ਵੀ ਸੁੰਨਵੱਟਾ ਜਿਹਾ ਹੋਇਆ ਪਿਆ ਸੀ। ਅੱਖਾਂ ਮੂਹਰੇ ਬੀਤੇ ਕੱਲ ਦੀ ਭਿਆਨਕ ਫਿਲਮ ਵੀ ਚਲਦੀ ਪਈ ਸੀ. ਪਤਾ ਨਹੀਂ ਕਦੋਂ ਆਫਿਸ ਤੱਕ ਦਾ ਰਸਤਾ ਤੈਅ ਹੋ ਗਿਆ। ਉਹ ਸਮੇਂ ਤੋਂ ਕਾਫੀ ਪਹਿਲੋਂ ਆਫਿਸ ਪੁੱਜ ਗਿਆ ਸੀ। ਉਸ ਨੇ ਹਾਜ਼ਰੀ ਰਜਿਸਟਰ ਤੇ ਹਾਜ਼ਰੀ ਲਾਈ ਤਾਂ ਚਪੜਾਸੀ ਨੇ ਹੋਰ ਦਿਨਾਂ ਵਾਂਗ ਉਸ ਨੂੰ ਫਤਿਹ ਨਹੀਂ ਬੁਲਾਈ. ਨਾਂ ਹੀ ਪਾਣੀ ਲਈ ਪੁੱਛਿਆ। ਸਗੋਂ ਉਹ ਉਸਨੂੰ ਹੈਰਾਨ ਕੁੰਨ ਨਜ਼ਰਾਂ ਨਾਲ ਵੇਖਦਾ ਰਿਹਾ। ਜਿਵੇਂ ਉਸ ਦਾ ਆਫਿਸ ਆਉਣਾ ਕਿਸੇ ਕਰਿਸ਼ਮੇ ਤੋਂ ਘੱਟ ਨਹੀਂ ਸੀ। ਫਿਰ ਉਸਨੇ ਆਪਣਾ ਕੈਬਿਨ ਖੋਲ੍ਹਿਆ। ਫਾਈਲਾਂ ਕੱਢੀਆਂ ਤੇ ਉਨ੍ਹਾਂ ਨੂੰ ਵੇਖਣ ਲੱਗ ਪਿਆ। ਪਰ ਉਸਦੀਆਂ ਅੱਖਾਂ ਤਾਂ ਜਿਵੇਂ ਪਥਰਾ ਗਈਆ ਸਨ। ਨਾਂ ਉਸ ਨੂੰ ਕੁਝ ਨਜ਼ਰ ਆ ਰਿਹਾ ਸੀ ਤੇ ਨਾ ਹੀ ਸਮਝ ਆ ਰਿਹਾ ਸੀ। ਕਾਫੀ ਦੇਰ ਉਹ ਫਾਈਲਾਂ ਦੇ ਪੇਜ ਪਲਟਦਾ ਰਿਹਾ। ਦਫਤਰ ਵਿੱਚ ਹੋਰ ਸਟਾਫ ਮੈਂਬਰਾਂ ਦੀ ਆਮਦ ਹੋ ਰਹੀ ਸੀ। ਉਸ ਨੇ ਕਿਸੇ ਨੂੰ ਵਿਸ਼ ਨਹੀਂ ਕੀਤਾ। ਕੁਝ ਦੇਰ ਬਾਅਦ ਉਸ ਨੇ ਟਾਇਲੇਟ ਜਾਣ ਦੀ ਲੋੜ ਮਹਿਸੂਸ ਕੀਤੀ। ਉਹ ਕੈਬਿਨ 'ਚੋਂ ਨਿਕਲ ਕੇ ਟਾਇਲੇਟ ਵੱਲ ਗਿਆ। ਸਟਾਫ ਮੈਂਬਰਜ਼ ਝੁੰਡ ਬਣਾ ਕੇ ਖੜੋਤੇ ਸਨ। ਉਸਨੇ ਆਫਿਸ ਵਿੱਚ ਘੁੰਮਦਿਆ ਵੇਖ ਉਹ ਸੜ-ਭੁੱਜ ਗਏ ਸਨ।

"ਇੰਨਾ ਢੀਠ ਬੰਦਾ ਤਾਂ ਅਸੀ ਪਹਿਲੋਂ ਕਦੇਂ ਨਹੀਂ ਵੇਖਿਆ, ਜਿਵੇਂ ਕੁਝ ਹੋਇਆ ਹੀ ਨਾ ਹੋਵੇ ਇਸ ਨਾਲ ......... ।"

"ਇੰਨੀਂ ਕੁੱਤੇ ਖਾਣੀ ਹੋਣ ਦੇ ਬਾਵਜੂਦ ਕਿੰਨੀ ਬਿਸ਼ਰਮੀ ਨਾਲ ਘੁੰਮਦਾ ਪਿਆ ਏ, ਇਸ ਨੂੰ ਤਾਂ ਫੌਰਨ ਟ੍ਰਾਂਸਫਰ ਕਰਾ ਲੈਣੀ ਚਾਹੀਦੀ ਏ ਇੱਥੋਂ।"

"ਓ-ਬਈ ਥੋੜੀ ਬਹੁਤ ਸ਼ਰਮ ਹੁੰਦੀ ਤਾਂ ਡੁੱਬ ਕੇ ਮਰ ਜਾਂਦਾ .......।" ਵਰਗੇ ਜੁਮਲੇ ਉਸ ਦੀ ਪਿੱਠ ਤੇ ਜ਼ਹਿਰ ਭਿੱਜੇ ਤੀਰਾਂ ਵਾਂਗ ਵੱਜੇ। ਇਕ ਵਾਰੀ ਤਾਂ ਉਸ ਦਾ ਦਿਲ ਕੀਤਾ ਉਨ੍ਹਾਂ ਸਾਰਿਆ ਦਾ ਮੂੰਹ ਭਰੂ ਸੁੱਟੇ। ਜ਼ੁਬਾਨ ਖਿੱਚ ਲਵੇ. ਪਰ ਉਹ ਗਿਣਤੀ ਵਿੱਚ ਵੱਧ ਸਨ ਤੇ ਸਰੀਰਕ ਪੱਖੋਂ ਉਨ੍ਹਾਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਸੀ। ਉਹ ਚੁਪਚਾਪ ਆਪਣੇ ਕੈਬਿਨ ਵਿੱਚ ਮੁੜ ਆਇਆ। ਬਾਹਰ ਉਸ ਬਾਰੇ ਚੰਗਾ ਮੰਦਾ ਹਾਸਾ ਠੱਠਾ ਜ਼ੋਰਾਂ ਤੇ ਸੀ।

ਇਕ ਵਾਰੀ ਫਿਰ ਉਸ ਦੇ ਅੰਦਰਲਾ ਆਦਮੀ ਉਸ ਤੇ ਹਾਵੀ ਹੋਣ ਲੱਗਾ। ਇੰਜ ਤਿਲ-ਤਿਲ ਕਰ ਕੇ ਮਰਨ ਨਾਲੋਂ ਤਾਂ ਚੰਗਾ ਸੀ ਨਾ ਕਿ ਤੂੰ ਰਾਤੀਂ ਸਭ ਕਾਸੇ ਤੋਂ ਸੁਰਖ਼ੂਰ ਹੋ ਜਾਂਦਾ। ਹੁਣ ਇਹ ਜਿਹੜੇ ਮੂੰਹ ਬਣਾ ਬਣਾ ਕੇ ਗੱਲਾਂ ਕਰਦੇ ਪਏ ਨੇ, ਜ਼ਹਿਰ ਉਗਲਦੇ ਪਏ ਨੇ, ਇਹ ਸਭ ਇਸ ਵੇਲੇ ਨੂੰ ਆਪਣੀ ਜਾਨ ਬਚਾਉਂਦੇ ਫਿਰ ਰਹੇ ਹੁੰਦੇ। ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਕਰਨ ਲਈ ਨੱਕ ਰਗੜਦੇ ਹੁੰਦੇ। ਇੱਥੇ ਆਕੇ ਤੂੰ ਇਨ੍ਹਾਂ ਨੂੰ ਇਕ ਵਾਰੀ ਫਿਰ ਮੂੰਹ ਖੋਲਣ ਦਾ ਮੌਕਾ ਦਿੱਤਾ ਹੈ। ਅਜੇ ਵੀ ਕੁਝ ਨਹੀਂ ਵਿਗੜਿਆ। ਕੱਢ ਬੈਗ 'ਚੋਂ ਡੈਥਨੋਟ। ਕਰ ਲੈ ਕੁਝ ਸਿੱਖਾ ਦੇ ਸਬਕ ਉਨ੍ਹਾਂ। ਨੂੰ ਵੇਖਦਾ ਕੀ ਏ। ਉਹ ਇਸੇ ਕਸ਼ਮਕਸ਼ ਵਿੱਚ ਫਸਿਆ ਹੋਇਆ ਸੀ ਕਿ ਚਪੜਾਸੀ ਨੇ ਆ ਕੇ ਸੁਨੇਹਾ ਦਿੱਤਾ, "ਤੁਹਾਨੂੰ ਦਫਤਰ ਵਿਚ ਬੁਲਾਇਆ ਏ।"

"ਚਲੋਂ ਮੈਂ ਆਉਨਾ ਹਾਂ।" ਉਸ ਨੇ ਨਾਂ ਚਾਹੁੰਦਿਆਂ ਹੋਇਆ ਵੀ ਕਹਿ ਦਿੱਤਾ। ਪਰ ਨਾਲ ਹੀ ਇਕ ਰਹਿੱਸ ਮਈ ਸਹਿਮ ਉਸਦੇ ਅੰਦਰ ਫੈਲ ਗਿਆ। ਹੁਣ ਫਿਰ ਉਸ ਨੂੰ ਦਫਤਰ ਬੁਲਾ ਕੇ ਬੇਇੱਜ਼ਤ ਕੀਤਾ ਜਾਵੇਗਾ। "ਵੱਡਾ ਲੇਖਕ ਬਣਿਆ ਫਿਰਦਾ ਏ। ਆਪਣੇ ਆਪ ਨੂੰ ਬਹੁਤ ਇੰਟੈਲੀਜੈਂਟ ਸਮਝਦਾ ਏ।" ਤੂੰ ਮਰ ਸਟਾਫ ਦੀ ਬਇੱਜਤ ਕੀਤੀ ਏ। ਤੂੰ ਤਾਂ ਮੈਨੂੰ ਵੀ ਨਹੀਂ ਬਖਸ਼ਿਆ ਤੈਨੂੰ ਦੱਸਾਂਗਾ ਨੌਕਰੀ ਕਿਵ ਕੀਤੀ ਜਾਂਦੀ ਏ। ਸਸਪੈਂਡ ਨਾ ਕਰਾਇਆ ਤਾਂ ਵੇਖੀ। "ਸਾਹਿਬ ਵਲੋਂ ਇਕ ਦਿਨ ਪਹਿਲੋਂ ਕਹੇ ਇਹ ਸ਼ਬਦ ਉਸ ਨੂੰ ਆਰੇ ਵਾਂਗ ਵਿਚਾਲਿਉਂ ਚੀਰ ਗਏ ਸਨ। ਚਲੋ ਜੋ ਹਵੇਗਾ ਵੇਖਿਆ ਜਾਵੇਗਾ। ਉਸ ਨੇ ਹਰੇਕ ਹਾਲਤ ਦਾ ਮੁਕਾਬਲਾ ਕਰਨ ਲਈ ਆਪਣੇ ਆਪਨੂੰ ਮਾਨਸਿਕ ਤੌਰ ਤੇ ਤਿਆਰ ਕੀਤਾ ਤੇ ਆਲੇ ਦੁਆਲੇ ਦੀ ਪਰਵਾਹ ਕੀਤੇ ਬਿਨਾਂ ਦਫਤਰ ਪੁੱਜ ਗਿਆ। ਉਸ ਨੇ ਸਾਬ ਨੂੰ 'ਨਮਸਤੇ' ਬੁਲਾਈ। ਸਾਬ੍ਹ ਨੇ ਜਵਾਬ ਵਿੱਚ ਸਿਰ ਹਿਲਾਇਆ ਤੇ ਮੇਜ਼ ਤੇ ਰੱਖੇ ਰਸੀਵਰ ਵੱਲ ਇਸ਼ਾਰਾ ਕਰਦਿਆਂ ਕਿਹਾ, "ਤੁਹਾਡਾ ਫੋਨ।"

"ਉਸਨੇ ਲਪਕ ਕੇ ਰਸੀਵਰ ਚੁੱਕ ਲਿਆ, "ਹੈਲੋ ਕੌਣ ?"

"ਮੈਂ ਕਿਰਨ ..... ਸੋਚਿਆ ਵੇਖਾਂ ਕਿ ਤੁਸੀਂ ਦਫਤਰ ਪੁੱਜੇ ਹੋ ਜਾਂ ਨਹੀਂ ..... ਮੈਨੂੰ ਬਹੁਤ ਖੁਸ਼ੀ ਹੋਈ ....... ਤੇ ਸਮਝ ਲਵੋਂ ਤੁਸੀਂ ਅੱਧੀ ਲੜਾਈ ਜਿੱਤ ਲਈ ਏ।" ਉਹ ਸਾਹਿਬ ਸਾਮਣੇ ਕਿਰਨ ਦੇ ਜਵਾਬ ਵਿੱਚ "ਹਾਂਜੀ ..... ਜੀ ..... ਠੀਕ ਏ।" ਕਹਿ ਕੇ ਹੁੰਗਾਰਾਂ ਭਰਦਾ ਰਿਹਾ।

"ਮੇਰੇ ਵੱਡੇ ਭਾਈ ਸਾਹਿਬ ਵਕੀਲ ਨੇ. ਮੈਂ ਉਨ੍ਹਾਂ ਨਾਲ ਤੁਹਾਡਾ ਕੇਸ ਡਿਸਕਸ ਕੀਤਾ ਏ। ਉਨ੍ਹਾਂ ਕਿਹਾ ਕਿ ਤੁਸੀਂ ਸਭ ਤੋਂ ਪਹਿਲੋਂ ਲਿਖਤੀ ਤੌਰ ਤੇ ਆਪਣੇ ਸਾਹਿਬ ਨੂੰ ਗੁਆਚੀਆਂ ਫਾਈਲਾਂ ਬਾਰੇ ਸ਼ਿਕਾਇਤ ਕਰ ਕੇ ਜਾਂਚ ਦੀ ਮੰਗ ਕਰੋ। ਨਾਲ ਹੀ ਕਿਸੇ ਚੰਗੇ ਵਕੀਲ ਨਾਲ ਮਿਲ ਕੇ, ਜਿਨ੍ਹਾਂ ਤੁਹਾਨੂੰ ਜਲੀਲ ਕਰਨ ਵਿੱਚ ਮੁੱਖ ਰੋਲ ਅਦਾ ਕੀਤਾ ਏ ਤੇ ਬਾਇਕਾਟ ਕਰਾਇਆ ਏ, ਉਨ੍ਹਾਂ ਤੇ ਇੱਕਲੇ ਇਕੱਲੇ ਤੇ ਮੈਂਟਲ ਹਰਾਸਮੈਂਟ ਅਤੇ ਇੱਜ਼ਤ ਹੱਤਕ ਦਾ ਨੋਟਿਸ ਭਿਜਵਾ ਦਿਉ. ਨਾਲ ਹੀ ਇੱਜ਼ਤ ਹੱਤਕ ਦੀ ਏਵਜ ਵਿੱਚ ਡੈਮੇਜ ਵਜੋਂ ਮੋਟੀ ਰਕਮ ਦੀ ਮੰਗ ਕਰੋ। ਤੁਸੀਂ ਜਿਹੜਾ ਵਿਅੰਗ ਲਿਖਿਆ ਉਸ ਵਿੱਚ ਕਿਸੇ ਸਟਾਫ ਮੈਂਬਰਜ਼ ਦਾ ਨਾਂ ਤਾ ਨਹੀਂ ਹੈ ਨਾ।"

"ਨਹੀ ਜੀ।"

"ਬਸ ਫਿਰ ....... ਇਹ ਆਪਣੇ ਹੀ ਜਾਲ ਵਿੱਚ ਆਪੇ ਫਸ ਜਾਣਗੇ ..... ਜੇ ਤੁਸੀਂ ਉਨ੍ਹਾਂ ਲੋਕਾਂ ਨੂੰ ਸੱਚੀ ਮੁੱਚੀ ਸਬਕ ਸਿਖਾਵਣਾ ਚਾਹੁੰਦੇ ਹੋ ਤਾਂ ਤੁਸੀਂ ਇਹ ਕੰਮ ਤੁਰੰਤ ਕਰ ਲਵੋ .... ਓ.ਕੇ ਮੈਂ ਫਿਰ ਫੋਨ ਕਰਾਂਗੀ।" ਫੋਨ ਸੁਣ ਕੇ ਉਹ ਵਾਪਿਸ ਕੈਬਿਨ ਵੱਲ ਤੁਰ ਪਿਆ। ਬਾਹਰ ਸਟਾਫ ਮੈਂਬਰਾਂ ਵਿਚਾਲੇ ਘੁਸਰ-ਫੁਸਰ ਤੇਜ਼ ਹੋ ਗਈ। ਉਹ ਚਪੜਾਸੀ ਨੂੰ ਬੁਲਾ ਕੇ ਅੰਦਰਲੀ ਗਲ ਬਾਤ ਪੁੱਛ ਰਹੇ ਸਨ। ਕੈਬਿਨ ਵਿੱਚ ਆ ਕੇ ਉਸਨੇ ਇੱਕ ਨਵੇਂ ਜੋਸ਼ ਨਾਲ ਕਿਰਨ ਦੀ ਸਲਾਹ ਤੇ ਅਮਲ ਸ਼ੁਰੂ ਕਰ ਦਿੱਤਾ। ਫਾਈਲਾਂ ਗੁੰਮ ਹੋਣ ਸੰਬੰਧੀ ਸ਼ਿਕਾਇਤ ਪੱਤਰ ਤਿਆਰ ਕੀਤਾ। ਕੰਪਲੇਂਟ ਨੂੰ ਪੂਰਾ ਕਰਕੇ ਉਸ ਨੇ ਬਾਬੂ ਪਾਸ ਡਾਇਰੀ ਦਰਾ ਦਿੱਤੀ। ਉਸ ਦਿਨ ਅੱਧੇ ਦਿਨ ਦੀ ਛੁੱਟੀ ਲੈ ਕੇ ਵਕੀਲ ਨੂੰ ਮਿਲਿਆ। ਆਪ ਬੀਤੀ ਸੁਣਾਈ। ਕਾਨੂੰਨੀ ਨੁਕਤੇ ਨਿਗਾਹ ਤੋਂ ਵਕੀਲ ਨੇ ਕੇਸ ਨੂੰ ਸਮਝਿਆ ਤੇ ਉਸ ਨੂੰ ਦਿਮਾਗ ਤੋਂ ਹਰ ਕਿਸਮ ਦਾ ਬੋਝ ਹਟਾਉਣ ਤੇ ਆਤਮ ਹੱਤਿਆ ਵਰਗੇ ਬੁਜ਼ਦਿਲਾਨਾ ਕਦਮ ਨਾ ਚੁੱਕਣ ਦੀ ਸਲਾਹ ਦਿੱਤੀ। ਆਪਣੇ ਕੰਮ 'ਚ ਬਿੱਜ਼ੀ ਰਹਿਣ. ਸਮੇਂ ਸਿਰ ਦਫਤਰ ਆਉਣ ਜਾਉਣ ਤੇ ਸਾਬ੍ਹ ਨੂੰ ਕਿਸੇ ਵੀ ਸ਼ਿਕਾਇਤ ਦਾ ਮੌਕਾ ਨਾ ਦੇਣ ਦੀਆਂ ਹਿਦਾਇਤਾਂ ਦੇ ਕੇ ਭੇਜ ਦਿੱਤਾ। ਕਿਰਨ ਤੇ ਵਕੀਲ ਦੀਆਂ ਹੌਸਲੇ ਭਰਪੂਰ ਗੱਲਾ ਸੁਣ ਕੇ ਕੁਝ ਦੇਰ ਲਈ ਤਾਂ

ਉਸ ਦੇ ਜ਼ਿਹਨ ਤ ਆਤਮ ਹੱਤਿਆ ਦਾ ਵਿਚਾਰ ਉਡ ਪੁਡ ਜਾਂਦਾ। ਪਰ ਜਦੋਂ ਵੀ ਉਸ ਦ ਦਿਮਾਗ ਨੂੰ ਫੁਰਸਤ ਮਿਲਦੀ. ਝੱਟ ਤਾਰ ਉਧਰ ਜੁੜ ਜਾਂਦੀ। ਸਾਰੀਆ ਗੱਲਾ ਫਿਲਮ ਵਾਂਗ ਉਸ ਦੇ ਦਿਮਾਗ ਦੀ ਸਕਰੀਨ ਤੋਂ ਗੁਜ਼ਰਨ ਲਗਦੀ। ਉਹ ਡਿਪਰੇਸ਼ਨ ਮਹਿਸੂਸ ਕਰਨ ਲਗਦਾ। ਉਹ ਅਖ਼ਬਾਰ ਲੈਕੇ ਬੈਠਦਾ ਤਾਂ ਸਟਾਫ ਵਲੋਂ ਕਹੇ ਜ਼ਹਿਰ ਭਿੱਜੇ ਇਕ ਇਕ ਸ਼ਬਦ ਅਖਬਾਰ ਦੀ ਇਬਾਰਤ ਪ੍ਰਤੀਤ ਹੁੰਦੇ। ਟੀ. ਵੀ. ਤੇ ਚਲਦੇ ਸੀਰੀਅਲ ਦੇ ਪਾਤਰ, ਸਟਾਫ ਮੈਂਬਰਾਂ ਦੇ ਚਿਹਰਿਆਂ 'ਚ ਬਦਲਦੇ ਮਹਿਸੂਸ ਹੁੰਦੇ। ਉਨ੍ਹਾਂ ਦੇ ਡਾਇਲਾਗ, ਸਟਾਫ ਮੈਂਬਰਾਂ ਦੇ ਨੇਜ਼ੇ ਵਰਗੇ ਬੋਲਾਂ ਵਿੱਚ ਬਦਲਦੇ ਲਗਦੇ। ਉਹ ਇਸ ਤੋਂ ਖਹਿੜਾ ਛੁਡਾਉਣ ਦੀ ਲੱਖ ਕੋਸ਼ਿਸ਼ ਕਰਦਾ, ਪਰ ਦਿਮਾਗ ਤਾਂ ਜਿਵੇਂ ਚੁੰਬਕ ਹੋ ਗਿਆ ਸੀ। ਬੀਤੀਆਂ ਗੱਲਾਂ ਲੋਹੇ ਦੀਆਂ ਕਿੱਲਾਂ ਵਾਂਗ ਝੱਟ ਦੇਣੀ ਇਸ ਦੇ ਦਿਮਾਗ ਨਾਲ ਚਿੰਬੜ ਜਾਂਦੀਆਂ। ਸੋਚਾਂ ਦੀ ਸੂਈ ਉੱਥੇ ਹੀ ਟਿੱਕ ਜਾਂਦੀ। ਸਾਰੀ ਰਾਤ ਸੋਚਦਿਆਂ ਲੰਘ ਜਾਂਦੀ। ਹੁਣ ਆਤਮ ਹਤਿਆ ਦਾ ਵਿਚਾਰ ਉੱਨੀ ਪ੍ਰਬਲਤਾ ਨਾਲ ਨਹੀਂ ਸੀ ਆਉਂਦਾ ਪਰ ਬੇਇੱਜ਼ਤੀ ਦਾ ਭਾਵ ਉਸ ਦੇ ਅੰਦਰ ਰੋਹ ਦੀ ਜਵਾਲਾ ਭੜਕਾ ਦਿੰਦਾ।

ਤੰਗ ਆ ਕੇ ਸਾਈਕੈਟਰਿਕ ਨੂੰ ਮਿਲਿਆ। ਉਸ ਨੇ ਢੇਰਕ ਸਾਰੇ ਪ੍ਰਸ਼ਨ ਪੁੱਛੇ। ਡਾਕਟਰ ਨੇ ਸਿੱਟਾ ਕੱਢਿਆ ਕਿ ਲਗਾਤਾਰ ਇਕੋਂ ਗੱਲ ਬਾਰੇ ਸੋਚਦੇ ਰਹਿਣਾ ਪਾਗਲਪਣ ਦੀ ਪਹਿਲੀ ਸਟੇਜ ਹੁੰਦੀ ਹੈ। ਇਸ ਸਥਿਤੀ ਵਿੱਚ ਦਿਮਾਗ ਨੂੰ ਅਰਾਮ ਦੀ ਸਖ਼ਤ ਜ਼ਰੂਰਤ ਹੈ। ਡਾਕਟਰ ਨੇ ਕੁਝ ਟਰੈਂਕੂਲਾਈਜਰ ਲੈਣ ਦੀ ਸਲਾਹ ਦਿੱਤੀ ਸੀ। ਜਿੰਨੀ ਦੇਰ ਦਵਾਈ ਦਾ ਅਸਰ ਰਹਿੰਦਾ ਉਹ ਨੀਂਦ 'ਚ ਰਹਿੰਦਾ ਪਰ ਜਾਗਦਿਆਂ ਹੀ ਉਹ ਪਹਿਲੀਆਂ ਗੱਲਾਂ ਦੇ ਮਕੜ ਜਾਲ ਵਿੱਚ ਫਸ ਜਾਂਦਾ। ਉਹ ਕਿਰਨ ਬਾਰੇ ਸੋਚਣ ਲੱਗਦਾ। ਉਸ ਦਾ ਖਿਆਲ. ਉਸਨੂੰ ਸਕੂਨ ਜਿਹਾ ਦੇ ਜਾਂਦਾ।

ਇੰਜ ਆਪਣੇ ਆਪ ਨਾਲ ਲੜਦਿਆ ਪੂਰਾ ਹਫਤਾ ਲੰਘ ਗਿਆ ਸੀ। ਕਿਰਨ ਦਾ ਕੋਈ ਫੋਨ ਨਾ ਆਇਆ। ਉਸ ਨੇ ਆਪ ਵੀ ਕਿਰਨ ਨਾਲ ਫੋਨ ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਹਰ ਵਾਰ 'ਲਾਈਨੇਂ ਵਿਅਸਤ' ਹੈਂ ਦਾ ਜਵਾਬ ਮਿਲਦਾ।

ਫਿਰ ਇਕ ਦਿਨ ਵੱਡੇ ਸਾਹਿਬ ਨੇ ਉਸ ਨੂੰ ਦਫਤਰ ਬੁਲਾਇਆ। ਚਪੜਾਸੀ ਨੂੰ ਹਿਦਾਇਤ ਕੀਤੀ ਕਿ ਜਿੰਨੀ ਦੇਰ ਅਸੀਂ ਟੱਲਾਂ ਕਰਾਂਗੇ, ਅੰਦਰ ਕਿਸੇ ਨੂੰ ਨਹੀਂ ਆਉਣ ਦੇਣਾ। ਸਾਬ੍ਹ ਨੇ ਗੱਲ ਬੜੇ ਹੀ ਆਪਣੇ ਪਨ ਨਾਲ ਸ਼ੁਰੂ ਕੀਤੀ।

"ਉਸ ਦਿਨ ਹੋਰ ਲੋਕਾਂ ਦੀ ਭੜਕਾਹਟ ਵਿੱਚ ਆ ਕੇ ਮੈਂ ਤੁਹਾਨੂੰ ਬਹੁਤ ਕੁਝ ਕਹਿ ਦਿੱਤਾ ਸੀ, ਜਿਸ ਨੂੰ ਮੈਂ ਬਾਅਦ ਵਿੱਚ ਮਹਿਸੂਸ ਕੀਤਾ ਤੇ ਸੋਚਿਆ ਉਹ ਸਭ ਮੈਨੂੰ ਨਹੀਂ ਸੀ ਕਹਿਣਾ ਚਾਹੀਦਾ। ਵਾਕਿਆ ਹੀ ਤੁਹਾਡੇ ਨਾਲ ਜ਼ਿਆਦਤੀ ਹੋਈ ਹੈ। ਮੈਂ ਤੁਹਾਡੀ ਦਿਲੋਂ ਕਦਰ ਕਰਦਾ ਹਾਂ। ਇਸ ਲਈ ਮੈਂ ਤੁਹਾਡਾ ਨਾਂ ਵਿਭਾਗੀ ਪੁਰਸਕਾਰ ਲਈ ਪਰਪੋਜ਼ ਕੀਤਾ ਸੀ। ਯੂ. ਨੋ. ਕਿ ਮੈਂ ਸਟਾਫ ਵਿੱਚ ਬਹੁਤਾ ਮਿਕਸ ਨਹੀਂ ਹੁੰਦਾ, ਇਸ ਲਈ ਜੇ ਤੁਹਾਨੂੰ ਸਟਾਫ ਤੋਂ ਕੋਈ ਪ੍ਰਬਲਮ ਸੀ ਤਾਂ ਮੈਨੂੰ ਦੱਸ ਦਿੰਦੇ। ਮੈਂ ਸਮਝਾ ਦਿੰਦਾ, ਇਸ ਨੂੰ ਅਖਬਾਰ ਵਿੱਚ ਦੇਣ ਦੀ ਕੀ ਲੋੜ ਸੀ. ਪਤੈ ਮੇਰੀ ਜਵਾਬ ਤਲਬੀ ਹੋ ਸਕਦੀ ਹੈ।"

"ਸਰ. ਤੁਸੀਂ ਠੀਕ ਕਹਿੰਦੇ ਹੋ. ਪਰ ਇਹ ਖ਼ਬਰ ਨਹੀਂ ਇੱਕ ਵਿਅੰਗ ਹੈ. ਮੋਰ ਓਵਰ ਇਸ ਵਿੱਚ ਕਿਸੇ ਦਾ ਨਾਂ ਨਹੀਂ ਹੈ। ਅਖ਼ਬਾਰ ਵਿੱਚ ਛੱਪਣ ਵਾਲੀ ਹਰ ਚੀਜ਼ ਖਬਰ ਨਹੀਂ ਹੁੰਦੀ। ਦਰਅਸਲ ਜੋ ਕੁਝ ਇਨਾਂ ਲੋਕਾਂ ਨੇ ਮੈਨੂੰ ਜ਼ੁਬਾਨੀ ਤੌਰ ਤੇ ਦਿੱਤਾ



ਸੀ ਮੈਂ ਉਹੀ ਸਭ ਲਿਖਤੀ ਰੂਪ ਵਿੱਚ ਮੋੜਿਆ ਏ। ਇਹ ਲੋਕ ਸੱਚਾਈ ਬਰਦਾਸ਼ਤ ਨਹੀ ਕਰ ਸਕੇ। ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਇਹ ਕਿਝ ਸ਼ਰੀਫ ਲੋਕਾਂ ਦਾ ਜੀਉਣਾ ਹਰਾਮ ਕਰਦੇ ਨੇ।" ਉਹ ਉਤੇਜਿਤ ਹੋ ਗਿਆ ਸੀ।

"ਚਲੋ, ਛੱਡੋ ਤੁਸੀਂ ਸਮਝਦਾਰ ਹੋ ਇਨਾਂ ਗੱਲਾਂ ਦੀ ਮੁੜ ਚਰਚਾ ਦਾ ਕੋਈ ਫਾਉਦਾ ਨਹੀ। ਹੁਣ ਇਹ ਦੱਸ ਕਿ ਕੀ ਕੀਤਾ ਜਾਵੇ।"

"ਸਰ, ਮੈਂ ਆਪਣ ਆਪ ਨੂੰ ਅਡਜਸਟ ਕਰ ਲਿਆ ਏ। ਪਹਿਲਾਂ ਪਹਿਲ ਜ਼ਰੂਰ ਮਹਿਸੂਸ ਹੋਇਆ ਸੀ। "ਮੈਂ ਠੀਕ-ਠਾਕ ਹਾਂ।"

"ਪਰ ਮੈਂ ਚਾਹੁੰਦਾ ਹਾਂ ਕਿ ਸਟਾਫ 'ਚੋਂ ਕਸ਼ਮਕਸ਼ ਖ਼ਤਮ ਹੋ ਜਾਵੇ ਤੇ ਮਾਹੌਲ ਸੁਖਾਵਾਂ ਹੋ ਜਾਵੇ। ਹੁਣ ਉਹ ਸਟਾਫ ਮੈਂਬਰਜ਼ ਵੀ ਮਹਿਸੂਸ ਕਰਨ ਲੱਗ ਪਏ ਨੇ ਕਿ ਉਨ੍ਹਾਂ ਨੇ ਜਲਦੀ ਬਾਜ਼ੀ ਵਿੱਚ ਬਿਨਾ ਸੋਚੇ-ਸਮਝੇ ਗਲਤ ਫੈਸਲਾ ਲੈ ਲਿਆ ਸੀ, ਹੁਣ ਉਹ ਵੀ ਕੰਪਰੋਮਾਈਜ਼ ਕਰਨਾ ਚਾਹੁੰਦੇ ਨੇ।"

"ਸਰ ਕੀ ਫਰਕ ਪੈਂਦਾ ਏ – ਮੈਂ ਇਸ ਹਾਲ ਵਿੱਚ ਹੀ ਖੁਸ਼ ਹਾਂ।"

"ਪਰ ਮੈਂ ਖੁਸ਼ ਨਹੀਂ ਹਾਂ ਨਾਂ – ਮੈਂ ਅੱਜ ਹੀ ਤੁਹਾਡਾ ਕੰਪਰੋਮਾਈਜ਼ ਕਰਾ ਦਿੰਦਾ ਹਾਂ ਉਹ ਆਪਣੀ ਗਲਤੀ ਰੀਅਲਾਈਜ਼ ਕਰ ਰਹੇ ਨੇ।"

"ਤੇ ਮੈਨੂੰ ਕੀ ਕਰਨਾ ਹੋਵੇਗਾ – ਸਰ ?"

"ਤੁਸੀਂ – ਆਪਣੇ ਨੋਟਿਸ ਵਾਪਿਸ ਲੈ ਲਵੋਂ – ਬਸ ਬਾਕੀ ਤੁਸੀਂ ਜਿਵੇਂ ਕਹੋਗੇ, ਉਂਜ ਹੀ ਕਰ ਲਵਾਂਗੇ। ਤੁਸੀਂ ਹਰੇਕ ਤੋਂ ਜਿੰਨਾ ਡੈਮਾਜ ਕਲੇਮ ਕਰਨ ਦਾ ਦਾਵਾ ਕੀਤਾ ਏ – ਉਹ ਸਭ – ਇਹ ਵੀ ਬਾਲ ਬੱਚੇਦਾਰ ਨੇ.......।"

"ਸਰ, ਇਹ ਗੱਲ ਇਨ੍ਹਾ ਨੇ ਪਹਿਲੋਂ ਸੋਚੀ ਹੁੰਦੀ। ਮੈਂ ਵੀ ਬਾਲ ਬੱਚੇਦਾਰ ਹਾਂ।

"ਜੇ ਮੈਂ ਇਸ ਮਾਨਸਿਕ ਅਵਸਥਾ ਵਿੱਚ ਕੋਈ ਗਲਤ ਸਟੈਪ ਲੈ ਲੈਂਦਾ, ਤਾਂ ਮੇਰੇ ਬੱਚਿਆਂ ਦਾ ਕੀ ਹੋਣਾ ਸੀ, ਕਦੋਂ ਸੋਚਿਆ ਇਨਾ ਨੇ। ਨਹੀਂ ਸਰ, ਮੈਂ ਇਕ ਦਮ ਕੋਈ ਫੈਸਲਾ ਨਹੀ ਲੈ ਸਕਦਾ ....... ਮੈਨੂੰ ਸੋਚਣ ਦਾ ਸਮਾਂ ਦਿਉ.......।" ਇਨਾਂ ਕਹਿ ਕੇ ਬਾਹਰ ਆ ਗਿਆ।

ਬਾਹਰ ਕੰਧਾਂ ਨਾਲ ਕੰਨ ਲਾਈ, ਆਫਿਸ ਅੰਦਰੋਂ ਆਂਦੀ ਜਾਂਦੀ ਹਵਾ ਰਾਹੀ ਹੋਰ ਸਟਾਫ ਮੈਂਬਰ, ਅੰਦਰਲੀ ਗਲਬਾਤ ਦਾ ਵਿਸ਼ਾ ਸੁੰਘਣ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਆਫਿਸ 'ਚੋਂ ਨਿਕਲ ਕੇ ਚੁਪਚਾਪ ਆਪਣੇ ਕੈਬਿਨ ਵੱਲ ਵਧਿਆ। ਉਸ ਨੂੰ ਲੱਗਾ ਕਿ ਵਰਾਂਡੇ ਵਿੱਚ ਝੁੰਡ ਬਣਾਕੇ ਖੜੋਤੇ ਸਟਾਫ ਮੈਂਬਰਾਂ ਦਾ ਠਹਾਕਾ ਬੰਬ ਵਾਂਗ ਉਸ ਦੀ ਪਿੱਠ ਤੇ ਆ ਕੇ ਫਟੇਗਾ, ਪਰ ਅਜੇਹਾ ਕੁਝ ਨਹੀਂ ਹੋਇਆ। ਕੇਬਨਿ 'ਚ ਵੜਦਿਆ ਹੀ ਉਸ ਦੇ ਕੰਨਾਂ 'ਚ ਮੰਦਿਰ ਦੀਆਂ ਘੰਟੀਆਂ ਵਰਗੀ ਟੁਣਕਦੀ ਆਵਾਜ਼ ਗੂੰਜੀ "ਵਧਾਈ ਹੋਵੇ – ਦੋਸਤ ਵਧਾਈ। ਤੁਸੀ ਜੰਗ ਜਿੱਤ ਗਏ ਹੋ .....।" ਉਸ ਨੇ ਹੈਰਾਨੀ ਨਾਲ ਆਪਣੇ ਆਲੇ-ਦੁਆਲੇ ਵੇਖਿਆ, ਪਰ ਕੋਈ ਨਜ਼ਰ ਨਹੀਂ ਆਇਆ। ਉਸਨੇ "ਡੈਥਨੋਟ" ਦੇ ਟੁਕੜੇ ਟੁਕੜੇ ਕਰਕੇ ਡਸਟਬਿਨ ਵਿਚ ਸੁੱਟ ਦਿੱਤੇ ਤੇ ਅੱਖਾਂ ਬੰਦ ਕਰਕੇ ਕਿਰਨ ਦੇ ਖਿਆਲਾਂ 'ਚ ਗੁਆਚ ਗਿਆ।

*(1154 - **L-T ³-C**, ਸੈਕਟਰ 4 ਤਲਵਾੜਾ ਟਾਊਨ ਸ਼ਿਪ-144216)* ❐

## ਗ਼ਜ਼ਲ/ਰਫ਼ਾਕਤ ਹੁਸੈਨ ਮੁਮਤਾਜ਼

1.

ਕਦੀ ਧੁੱਪਾਂ ਕਦੀ ਛਾਵਾਂ ਦੇ ਅੰਦਰ
ਉਹ ਯਾਦ ਆਇਆ ਖ਼ੜਾ ਸਫ਼ਰਾਂ ਦੇ ਅੰਦਰ।
ਉਹ ਦਾ ਚਿਹਰਾ ਅਜੇ ਤੱਕ ਜਾਗਦਾ ਏ,
ਮੇਰੇ ਖ਼ਾਬਾਂ, ਮੇਰੀ ਨੀਂਦਾਂ, ਦੇ ਅੰਦਰ।
ਅਜਬ ਇੱਕ ਖ਼ੌਫ਼ ਸੀ, ਡਰ ਜਿਹਾ ਸੀ,
ਉਹਦੀ ਸੋਚਾਂ, ਉਹਦੀ ਗੱਲਾਂ ਦੇ ਅੰਦਰ
ਉਹਦਾ ਮਿਲਣਾ ਵੀ ਤੇ ਇਕ ਮੁਅੱਜਜ਼ਾ ਸੀ,
ਜਿਸਮ ਦੇ ਮੌਸਮਾਂ ਦੇ ਅੰਦਰ।
ਉਹਦੇ ਸਾਹਾਂ ਦੀ ਖੁਸ਼ਬੂ ਮਹਿਕਦੀ ਸੀ,
ਮੇਰੇ ਗੀਤਾਂ, ਮੇਰੇ ਸ਼ਿਅਰਾਂ ਦੇ ਅੰਦਰ।
ਅਜੇਕਾ ਹੋ ਗਿਆ ਮਕਤਾ ਗਜ਼ਲ ਦਾ,
'ਰਫ਼ਾਕਤ' ਉਹਦੀਆਂ ਬਾਹਾਂ ਦੇ ਅੰਦਰ

### 2. ਬਾਬਾ ਨਜਮੀਂ

ਤੇਰੇ ਲਈ ਹਮੇਸ਼ ਨੇ ਖੁੱਲੇ ਅੱਖੀਆਂ ਦੇ ਦਰਵਾਜ਼ੇ,
ਕਿੰਨਾ ਪਿਆਰ ਤਿਰੇ ਨਾ ਸਾਨੂੰ, ਤੈਨੂੰ ਨਹੀਂ ਅੰਦਾਜ਼ੇ।
ਫੁੱਲਾਂ ਦਾ ਕੀ ਹਾਰ ਏ ਪਾਉਣਾ, ਪਾਇਆਂ ਤੇ ਕੁਮਲਾਇਆ,
ਫੁੱਲ ਯਾਦਾਂ ਦੇ ਸੀਨੇ ਲਾਈਏ, ਹਰਦਮ ਜਿਹੜੇ ਤਾਜ਼ੇ।
ਜਿਹਨਾ ਨੂੰ ਇਤਬਾਰ ਨਾ ਹੁੰਦਾ, ਆਪਣੇ ਚਿਹਰੇ ਉੱਤੇ,
ਵਿਚ ਬਜ਼ਾਰਾਂ ਉਹ ਫਿਰਦੇ ਨੇ ਮੂੰਹ ਤੇ ਮਲ ਕੇ ਗਾਜ਼ੇ।
ਸਾਡੇ ਅੰਦਰ ਬੋਲਣ ਵਾਲਾ ਕਰ ਗਿਆ ਆਪ ਕਿਨਾਰਾ,
ਹੁਣ ਇਹ ਭਾਵੇਂ ਸਾੜੋ ਮਿੱਟੀ, ਭਾਵੇਂ ਪੜ੍ਹੋ ਜਨਾਜ਼ੇ।
ਜਿੰਨਾ ਤੀਕ ਨਾ ਮੰਜਿਲ ਆਵੇ, ਮੁੜਕੇ ਪਿਛਾਹ ਨਾ ਵੇਖੀ,
ਭਾਵੇਂ . ਲੋਕੀਂ ਤੇਰੇ ਉੱਤੇ ਕੱਸਣ ਲੱਖ ਅਵਾਜ਼ੇ।
ਸੱਸੀ ਵਾਗੂੰ ਨੀਂਦ ਪਿਆਰੀ ਕਰ ਨਾ ਬੈਠੀ 'ਬਾਬਾ'
ਲੰਮੇ ਚੌੜੇ ਭੁਗਤਣੇ ਪੈਂਦੇ ਗ਼ਫਲਤ ਦੇ ਖਮਿਆਜ਼ੇ।

3.

ਮਹਿਲਾਂ ਮੱਥੇ, ਕੰਮੀਆਂ ਦੇ ਸਿਰਨਾਵੇਂ ਵੇਖਣ ਚੱਲਿਆ ਵਾਂ
ਮਾਰੂ-ਥਲ ਦੀਆਂ ਤੱਤੀਆਂ ਰੇਤਾਂ, ਛਾਵੇਂ ਵੇਖਣ ਚਲਿਆ ਵਾਂ
ਚੋਧਰੀਆਂ ਨੇ ਦਾਣੇ ਦੇਣੇ, ਸਾਨੂੰ ਹਾੜੀ ਸਾਉਣੀ ਦੇ
ਵਿੱਚ ਹਨੇਰੇ ਬੱਦਲਾਂ ਦੇ ਪਛਾਂਵੇਂ ਵੇਖਣ ਚੱਲਿਆ ਵਾਂ
ਸਿਰ ਤੋ ਚੁੰਨੀ ਖਿੱਚਣ ਵਾਲਾ ਪੁੱਤਰ ਸ਼ਹਿਰ ਦੇ ਮਨਸਫ ਦਾ
ਅੱਜ ਕਰੇਗਾ ਕਿਸਰਾਂ ਪੱਲੜੇ ਸਾਵੇਂ ਵੇਖਣ ਚੱਲਿਆ ਵਾਂ
ਹੰਸਾ, ਮੋਰਾਂ, ਕੋਇਲਾਂ ਲਈ ਮੈਂ ਅੱਖਰ ਕੱਠੇ ਕਰਨਾ ਵਾਂ
ਇੱਲਾਂ ਗਿਰਝਾਂ ਬਿਰੀਆਂ ਕੀਤੇ, ਪੱਥਰ ਕੱਠੇ ਕਰਨਾ ਵਾਂ
ਸਿੰਗ ਫਸਾ ਕੇ ਬਹਿ ਜਾਂਦੇ ਨੇ ਖੌਰੇ ਕਿਹੜੀ ਸ਼ਹਿ ਤੇ ਵੇਖ
ਖੁਰਲੀ ਉੱਤੇ ਜਦ ਵੀ ਆਪਣੇ ਡੰਗਰ ਕੱਠੇ ਕਰਮਾ ਵਾਂ
ਕਿਹੜੇ ਰੁੱਖ ਦਾ ਮਿੱਠਾ ਮੇਵਾ ਪੁੱਛੋ ਜਾ ਕੇ ਮਾਲਕ ਨੂੰ
ਪੱਗ ਪਿਉ ਦੀ ਸਿਰ ਤੇ ਧਰ ਕੇ ਪੱਤਰ ਕੱਠੇ ਕਰਨਾ ਵਾਂ।
ਲਿਖਦਾ ਸਾਂ ਮੈਂ ਸਦੀਆਂ ਪਹਿਲਾਂ ਕਿੱਸੇ ਆਪਣੇ ਲੋਕਾਂ ਦੇ
ਹੁਣ ਤਾਂ ਢਿੱਡ ਭਰਨ ਲਈ ਅਪਣਾ, ਅੱਖਰ ਕੱਠੇ ਕਰਨਾ ਵਾਂ
ਪਹਿਲੀ ਵਾਰ ਨਹੀਂ ਵੱਜੇ 'ਬਾਬਾ' ਰਾਤੀਂ ਜਾਮ ਸਰਾਹੀਆਂ ਤੇ
ਏਥੇ ਚਾਕ ਜਦੋਂ ਦਾ ਹੋਇਆ ਬੱਬਰ ਕੱਠੇ ਕਰਨਾ ਵਾਂ।

*(ਕਰਾਚੀ. ਪਾਕਿਸਤਾਨ*





## ਦਲਿਤ ਸਾਹਿਤ: ਕੁਝ ਵਿਚਰਾਨ ਯੋਗ ਪ੍ਰਸ਼ਨ/ਸ਼ਿਵ ਕੁਮਾਰ ਮਿਸ਼ਰ

ਮਹਾਰਾਸ਼ਟਰ ਵਿਚ ਦਲਿਤ-ਸਾਹਿਤ ਦੇ ਇਕ ਅੰਦੋਲਨ ਦੇ ਰੂਪ ਵਿਚ ਪੈਦਾ ਹੋਣ ਅਤੇ ਫੈਲਣ ਦੇ ਨਾਲ ਦਲਿਤ ਸਾਹਿਤ ਨਾਲ ਜੁੜੇ ਪ੍ਰਮੁੱਖ ਮੁੱਦਿਆਂ ਉੱਤੇ, ਦਲਿਤ ਅਤੇ ਗ਼ੈਰ ਦਲਿਤ ਲੇਖਕਾਂ ਦੇ ਵਿਚ ਬਹਿਸ ਦਾ ਜੋ ਸਿਲਸਿਲਾ ਚੱਲਿਆ, ਉਹ ਅੱਜ ਤੱਕ ਸਮਾਪਤ ਨਹੀਂ ਹੋਇਆ ਹੈ। ਇਧਰ ਜਦ ਤੋਂ ਹਿੰਦੀ-ਖੇਤਰ ਵਿਚ ਵੀ, ਦਲਿਤ ਸਾਹਿਤ ਆਪਣੀ ਠੋਸ ਪਹਿਚਾਣ ਦੇ ਨਾਲ ਆਇਆ ਹੈ, ਦਲਿਤ ਤੇ ਗ਼ੈਰ-ਦਲਿਤ ਲੇਖਕਾਂ ਦੇ ਵਿਚ ਚੱਲਣ ਵਾਲਾ ਵਿਚਾਰ ਵਟਾਂਦਰਾ ਹੋਰ ਵੀ ਸਪੱਸ਼ਟ ਤੇ ਡੂੰਘਾ ਹੋਇਆ ਹੈ। ਅਸੀਂ ਏਥੇ ਉਹਨਾਂ ਲੇਖਕਾਂ ਨੂੰ ਆਪਣੀ ਚਰਚਾ ਦੇ ਘੇਰੇ ਵਿਚ ਨਹੀਂ ਲੈ ਰਹੇ ਜੋ ਦਲਿਤ ਲਿਖਤ ਦੀ ਵਾਸਤਵਿਕਤਾ ਅਤੇ ਉਸ ਦੀ ਅਹਿਮੀਅਤ ਨੂੰ ਸ਼ੁਰੂ ਤੋਂ ਹੀ ਨਕਾਰਦੇ ਰਹੇ ਹਨ, ਅਤੇ ਉਸ ਨੂੰ ਆਪਣੀ ਵਰਣ-ਦੰਭੀ ਮਾਨਸਿਕਤਾ ਦੇ ਨਾਲ ਹਰ ਪੱਧਰ ਤੇ ਖਾਰਜ ਕਰਦੇ ਰਹੇ ਹਨ। ਅਸੀਂ ਆਪਣੀ ਚਰਚਾ ਦੇ ਕੇਂਦਰ ਵਿਚ ਉਸ ਚਰਚਾ ਨੂੰ ਲਿਆਉਣਾ ਚਾਹਾਂਗੇ, ਜੋ ਦਲਿਤ ਅਤੇ ਅਜਿਹੇ ਗ਼ੈਰ-ਦਲਿਤ ਲੇਖਕਾਂ ਦੇ ਵਿਚਕਾਰ ਹੋ ਰਿਹਾ ਹੈ ਜੋ ਦਲਿਤ-ਲੇਖਣ ਨੂੰ ਪ੍ਰਗਤੀਸ਼ੀਲ ਜਨਵਾਦੀ ਸਰੋਕਾਰਾਂ ਵਾਲੀਆਂ ਲਿਖਤਾਂ ਦੇ ਘੇਰੇ ਦੀਆਂ ਲਿਖਤਾਂ ਮੰਨਦੇ ਹਨ ਅਤੇ ਉਸ ਦੀ ਲੋੜ ਤੇ ਅਹਿਮੀਅਤ ਨੂੰ ਪ੍ਰਵਾਨ ਕਰਦੇ ਹਨ। ਇਸ ਬਹਿਸ ਨੂੰ ਜਾਰੀ ਰੱਖਣ ਵਿਚ ਸਾਡੀ ਮੁੱਖ ਮਨਸ਼ਾ ਇਹ ਹੈ ਕਿ ਦਲਿਤ ਲਿਖਤ ਨਾਲ ਜੁੜੇ ਜ਼ਰੂਰੀ ਮੁੱਦਿਆਂ ਉੱਤੇ ਇਕ ਆਮ ਸਹਿਮਤੀ ਬਣੇ ਤਾਂ ਜੋ ਦਲਿਤ-ਚੇਤਨਾ ਵਿਰੋਧੀ ਮਾਨਸਿਕਤਾ ਵਲੋਂ ਆਈਆਂ ਚੁਣੌਤੀਆਂ ਨਾਲ ਚੰਗੀ ਤਰ੍ਹਾਂ ਸਿੱਝਿਆ ਜਾ ਸਕੇ।

ਦੁੱਖ ਦੀ ਗੱਲ ਹੈ ਕਿ ਜੋ ਮੁੱਦਾ ਬਹਿਸ ਅਧੀਨ ਨਹੀਂ ਹੋਣਾ ਚਾਹੀਦਾ ਸੀ, ਸਾਡੇ ਕੁਝ ਸਾਥੀਆਂ ਨੇ ਉਸ ਨੂੰ ਇਕ ਜ਼ਰੂਰੀ ਅਤੇ ਅਹਿਮ ਮੁੱਦੇ ਵਾਂਗ ਪੇਸ਼ ਕਰਕੇ ਉਸ ਨੂੰ ਅਕਾਰਨ ਬਹਿਸ ਦਾ ਵਿਸ਼ਾ ਬਣਾਇਆ ਹੋਇਆ ਹੈ। ਮੁੱਦਾ ਹੈ ਕਿ ਦਲਿਤ-ਚੇਤਨਾ ਦਾ ਸਾਹਿਤ ਕਿਸ ਨੂੰ ਮੰਨਿਆ ਜਾਵੇ? ਜਿੱਥੋਂ ਤਾਈਂ ਮਰਾਠੀ ਅਤੇ ਹਿੰਦੀ ਦੇ ਦਲਿਤ ਲੇਖਕਾਂ ਦੀ ਗੱਲ ਹੈ, ਕੋਈ ਅਪਵਾਦ ਹੋਵੇ ਤਾਂ ਹੋਵੇ, ਨਹੀਂ ਤਾਂ ਉਹ ਲਗਭਗ ਇਕ ਮੱਤ ਨਾਲ ਉਸ ਸਾਹਿਤ ਨੂੰ ਦਲਿਤ ਸਾਹਿਤ ਜਾਂ ਦਲਿਤ-ਚੇਤਨਾ ਦਾ ਸਾਹਿਤ ਮੰਨਦੇ ਹਨ ਜਿਸ ਦਾ ਰਚਨਾਕਾਰ ਵੀ ਦਲਿਤ ਹੋਵੇ ਅਰਥਾਤ ਦਲਿਤ ਮੰਨੀ ਜਾਣ ਵਾਲੀ ਜਾਤੀ ਵਿਚ ਜੰਮਿਆ ਹੋਵੇ। ਇਸ ਦੇ ਉਲਟ ਸਾਡੇ ਕੁਝ ਸਾਥੀ ਅਜਿਹੀ ਹਰ ਲਿਖਤ ਨੂੰ ਦਲਿਤ ਚੇਤਨਾ ਦੀ ਲਿਖਤ ਮੰਨਣ ਦੀ ਗੱਲ ਤੇ ਅੜੇ ਹੋਏ ਹਨ, ਜਿਸ ਵਿਚ ਦਲਿਤ ਜੀਵਨ ਦੇ ਯਥਾਰਥ ਨੂੰ ਦਲਿਤਾਂ ਦੇ ਸੰਬੰਧ ਵਿਚ ਪੂਰੇ ਪੱਖ-ਪਾਤ ਨਾਲ ਚਿਤਰਿਆ ਗਿਆ ਹੋਵੇ, ਇਸ ਦੀ ਲਿਖਤ ਭਲਾ ਗੈਰ-ਦਲਿਤ ਹੀ ਕਿਉਂ ਨਾ ਹੋਵੇ। ਆਪੋ ਆਪਣੇ ਵਿਚਾਰ ਨੂੰ ਲੈ ਕੇ ਦੋਵੇਂ ਪੱਖਾਂ ਦੇ ਕੋਲ ਆਪੋ-ਆਪਣੇ ਤਰਕ ਹਨ, ਨਤੀਜੇ ਵਜੋਂ ਵਿਵਾਦ ਬਦਸਤੂਰ ਜਾਰੀ ਹੈ। ਮੇਰੇ ਵਿਚਾਰ ਵਿਚ ਇਸ ਗ਼ੈਰ-ਜ਼ਰੂਰੀ ਵਿਵਾਦ ਨੇ ਉਸ ਬਹਿਸ ਨੂੰ ਹਾਸ਼ੀਏ ਤੇ ਸੁੱਟ ਦਿੱਤਾ ਹੈ, ਅਤੇ ਉਸ ਦਾ ਨੁਕਸਾਨ ਵੀ ਕੀਤਾ ਹੈ ਜੋ ਜ਼ਰੂਰੀ ਮੁੱਦਿਆਂ ਨੂੰ ਲੈ ਕੇ ਹੋਣਾ ਚਾਹੀਦਾ ਸੀ, ਉਹਨਾਂ ਚੁਣੌਤੀਆਂ ਦੇ ਉਲਟ ਤਾਂ ਹੋਰ ਵੀ, ਜਿਸ ਦਾ ਸੰਕੇਤ ਅਸੀਂ ਉੱਪਰ ਕਰ ਚੁੱਕੇ ਹਾਂ।

ਮੈਂ ਆਪਣੇ ਉਹਨਾਂ ਮਿੱਤਰਾਂ ਨੂੰ ਜਿਹੜੇ ਇਸ ਗੈਰ ਜ਼ਰੂਰੀ ਵਿਵਾਦ ਵਿਚ ਉਲਝੇ ਹੋਏ ਹਨ, ਪੁੱਛਣਾ ਚਾਹੁੰਦਾ ਹਾਂ ਕਿ ਆਖਰ ਮੁੱਦੇ ਨੂੰ ਇੰਨਾ ਤੂਲ ਦੇਣ ਦੇ ਪਿਛੇ ਉਹਨਾਂ ਦੀ ਕੀ

ਮਨਸ਼ਾ ਹੈ? ਗ਼ੈਰ-ਦਲਿਤ ਲਖਕਾਂ ਦੀ ਉਹ ਕੋਈ ਵੀ ਹਨ, ਕੁਝ ਰਚਨਾਵਾਂ ਜੋ ਦਲਿਤ-ਲਿਖਤ ਦੇ ਘੇਰੇ ਵਿਚ ਮੰਨ ਵੀ ਲਈਆਂ ਗਈਆਂ ਤਾਂ ਇਹਨਾਂ ਰਚਨਾਵਾਂ ਦੀ ਆਪਣੀ ਗੁਣਵੰਤਤਾ ਜਾਂ ਉਹਨਾਂ ਦੇ ਰਚਨਾਕਾਰਾਂ ਦੀ ਪ੍ਰਸਿੱਧੀ ਵਿਚ ਕਿਹੜਾ ਅਜਿਹਾ ਵਾਧਾ ਹੋ ਜਾਵੇਗਾ, ਜਿਸ ਤੋਂ ਉਹ ਹਾਲੇ ਤੱਕ ਵਾਂਝੇ ਹਨ? ਇਹਨਾਂ ਲੇਖਕਾਂ ਨੇ ਇਹਨਾਂ ਰਚਨਾਵਾਂ ਨੂੰ ਕੀ, ਇਸ ਵਾਸਤੇ ਲਿਖਿਆ ਸੀ ਕਿ ਉਹ ਇਕ ਖਾਸ ਕੋਟੀ ਦੀ ਰਚਨਾ ਦੇ ਰੂਪ ਵਿਚ ਪ੍ਰਵਾਣਤ ਹੋਵਣ ਅਤੇ ਉਨ੍ਹਾਂ ਦੀ ਆਪਣੀ ਮਾਨਵੀ ਸੰਵੇਦਨਾ ਜਾਂ ਰਚਨਾਤਮਿਕ ਸਰੋਕਾਰਾਂ ਦੇ ਹਿੱਸੇ ਦੇ ਰੂਪ ਵਿਚ ਉਹਨਾਂ ਦਾ ਤਕਾਜ਼ਾ ਬਣ ਕੇ ਸਾਹਮਣੇ ਆਈਆਂ ਸਨ? ਅਜਿਹਾ ਵੀ ਨਹੀਂ ਹੈ ਕਿ ਇਹਨਾਂ ਰਚਨਾਵਾਂ ਨੇ, ਮੈਂ ਫਿਰ ਦਹੁਰਾਉਂਦਾ ਹਾਂ ਕਿ ਉਹ ਕੋਈ ਵੀ ਹੋਣ, ਆਪਣੀ ਸਮੁੱਚੀ ਰਚਨਾਸ਼ੀਲਤਾ ਨੂੰ ਕੇਵਲ ਦਲਿਤ ਜੀਵਨ ਦੇ ਸੰਦਰਭਾਂ ਉੱਤੇ ਹੀ ਕੇਂਦਰਤ ਕੀਤਾ ਹੋਵੇ, ਦਲਿਤਾਂ ਦੇ ਜੀਵਨ ਤੇ ਇਕ ਮਿਸ਼ਨ ਅਧੀਨ ਲਿਖਿਆ ਹੋਵੇ। ਦਲਿਤ-ਜੀਵਨ ਉੱਤੇ ਉਹਨਾਂ ਨੇ ਜੋ ਵੀ, ਅਤੇ ਜਿੰਨਾ ਵੀ ਲਿਖਿਆ ਉਹ ਉਹਨਾਂ ਦੀ ਨਿਰੋਲ ਮਾਨਵੀ ਸੰਵੇਦਨਾ ਅਤੇ ਸਰੋਕਾਰਾਂ ਦਾ ਇਕ ਹਿੱਸਾ ਹੀ ਹੈ। ਦੂਸਰੇ ਦਲਿਤ-ਸਾਹਿਤ ਜਾਂ ਉਸ ਦੀ ਸੰਕਲਪਨਾ ਦੇ ਬਹੁਤ ਪਹਿਲਾਂ ਤੋਂ ਇਹ ਦਲਿਤ ਅਤੇ ਗ਼ੈਰ-ਦਲਿਤ ਪਾਠਕਾਂ ਦੇ ਇਕ ਵੱਡੇ ਹਿੱਸੇ ਦੇ ਰਾਹੀਂ ਪੜ੍ਹਿਆ ਤੇ ਪਛਾਣਿਆ ਜਾ ਰਿਹਾ ਹੈ। ਉਹਨਾਂ ਦੀ ਅੰਤਰ ਵਸਤੂ ਅਤੇ ਉਹਨਾਂ ਦੇ ਸੰਵੇਦਨਾਤਮਿਕ ਉਦੇਸ਼ ਦੇ ਆਧਾਰ ਤੇ ਉਹਨਾਂ ਦੇ ਮਹੱਤਵ ਅਤੇ ਮੁੱਲ ਦਾ ਨਿਰਧਾਰਨ ਵੀ ਹੁੰਦਾ ਆ ਰਿਹਾ ਹੈ। ਅਜਿਹੀ ਸਥਿਤੀ ਵਿਚ ਸਿਵਾਏ ਇਸ ਦੇ ਕੀ ਇਹ ਵਿਵਾਦ ਜ਼ਰੂਰੀ ਮੁੱਦਿਆਂ ਨੂੰ ਹਾਸ਼ੀਏ ਤੇ ਲਿਜਾ ਸੁੱਟੇ, ਉਸ ਦਾ ਹੋਰ ਕੋਈ ਮਤਲਬ ਸਮਝ ਵਿਚ ਨਹੀਂ ਆਉਂਦਾ।

ਇਸ ਮੁੱਦੇ ਉੱਤੇ ਆਪਣੇ ਪੱਖ ਨੂੰ ਪੇਸ਼ ਕਰਦੇ ਹੋਏ ਦਲਿਤ ਲੇਖਕਾਂ ਨੇ "ਹੱਡੀ-ਹੰਢਾਏ" ਦੀ ਆਪਣੇ (Insider) ਅਤੇ ਪਰਾਏ (Out sider) ਦੇ ਵਿਚ ਦੇ ਫਰਕ ਦੀ ਜੋ ਗੱਲ ਕੀਤੀ ਹੈ, ਉਸ ਵਿਚ ਸੱਚਾਈ ਵੀ ਹੈ, ਅਤੇ ਦਮ ਵੀ। ਚੱਲੀ ਆ ਰਹੀ ਵਰਣ-ਵਿਵਸਥਾ ਵਿਚ ਦਲਿਤ ਹੋਣ ਨਾਲ ਹੀ ਪੀੜ੍ਹੀ ਦਰ ਪੀੜ੍ਹੀ ਸਮਾਜਿਕ ਅਪਮਾਨ ਦੇ ਡੰਗ ਦੀ ਜੋ ਪੀੜਾ ਦਲਿਤ-ਮਾਨਵਤਾ ਸਹਿੰਦੀ ਆ ਰਹੀ ਹੈ, ਅਤਿਆਚਾਰਾਂ ਬੇਇਜ਼ਤੀ ਤੇ ਅਣਦੇਖੀ ਦੇ ਜਿਨਾਂ ਦੌਰਾਂ ਵਿਚੋਂ ਇਸ ਨੂੰ ਲੰਘਣਾ ਪਿਆ ਹੈ, ਗ਼ੈਰ-ਦਲਿਤ ਉਸ ਦਾ ਅਨੁਮਾਨ ਹੀ ਕਰ ਸਕਦੇ ਹਨ। ਮੈਂ ਕਈ ਵਾਰ ਇਸ ਗੱਲ ਨੂੰ ਕਹਿ ਚੁੱਕਿਆ ਹਾਂ ਕਿ ਸਵੈ ਅਨੁਭੂਤੀ ਦਾ, ਆਪ ਬੀਤੀ ਦਾ, ਭੋਗੇ ਹੋਏ ਦਾ ਕੋਈ ਵੀ ਵਿਕਲਪ ਨਹੀਂ ਹੁੰਦਾ। ਵੱਡੀ ਤੋਂ ਵੱਡੀ ਸੰਵੇਦਨਾ ਵੀ ਉਸ ਦੀ ਪੂਰੀ ਥਾਹ ਨਹੀਂ ਲਾ ਸਕਦੀ ਸ਼ਕਤੀਸ਼ਾਲੀ ਮਾਨਵੀ ਸੰਵੇਦਨਾ ਦੇ ਧਨੀ, ਦਲਿਤਾਂ ਦੇ ਕਸ਼ਟਾਂ ਤੇ ਅਪਮਾਨ ਭਰੇ ਜੀਵਨ ਨਾਲ ਵੱਧ ਤੋਂ ਵੱਧ ਆਪਣੀ ਕਰੁਣਾ ਜਾਂ ਹਮਦਰਦੀ ਹੀ ਕਰ ਸਕਦੇ ਹਨ, ਉਸ ਤੋਂ ਅੱਗੇ ਜਾ ਕੇ ਵੱਧ ਤੋਂ ਵੱਧ ਅਤਿਆਚਾਰਾਂ ਦੀ ਨਿਖੇਧੀ-ਅਲੋਚਨਾ ਕਰ ਸਕਦੇ ਹਨ, ਕਸ਼ਟਾਂ ਤੇ ਵਿਤਕਰਿਆਂ ਦੇ ਅੰਤ ਦੇ ਬਾਰੇ ਆਪਣੀਆਂ ਸ਼ੁਭ ਇਸ਼ਾਵਾਂ ਪ੍ਰਗਟਾ ਸਕਦੇ ਹਨ, ਹੋਰ ਕੁਝ ਨਹੀਂ ਕਰ ਸਕਦੇ। ਅਤੇ ਅਸਲ ਵਿਚ ਗ਼ੈਰ-ਦਲਿਤ ਰਚਨਾਕਾਰਾਂ ਵਲੋਂ ਸੈਂਕੜੇ-ਹਜ਼ਾਰਾਂ ਸਾਲ ਦੇ ਦੌਰਾਨ ਜਦੋਂ ਵੀ ਲਿਖਿਆ, ਇਹੋ ਹੀ ਹੋਇਆ ਹੈ। ਮੈਂ ਕਹਿ ਚੁੱਕਿਆ ਹਾਂ ਕਿ ਅਜਿਹੇ ਉਦਾਹਰਨ ਲਗਪਗ ਨਹੀਂ ਹਨ ਕਿ ਇੰਨੀ ਵਿਸ਼ਾਲ ਮਨੁੱਖਤਾ ਦੇ ਨਾਲ ਹੋਣ ਵਾਲੇ ਇੰਨੇ ਵੱਡੇ ਸਮਾਜਿਕ ਅਨਿਆਂ ਦੇ ਵਰਤਾਰੇ ਨੂੰ ਆਪਣੀ ਇਕ ਕੇਵਲ ਰਚਨਾਤਮਿਕ ਤੇ ਮਾਨਵੀ ਸਿਰਜਣਾ ਮੰਨਦੇ ਹੋਇਆਂ, ਇਸ ਸਮਾਜਿਕ ਅਨਿਆਂ ਦੇ ਸਰੋਤਾਂ ਤੇ ਸ਼ਕਤੀਆਂ



ਦੇ ਖਿਲਾਫ ਕੋਈ ਸਾਰਥਿਕ ਜਾਂ ਠੋਸ ਮੁਹਿੰਮ ਚਲਾਈ ਗਈ ਹੋਵੇ. ਸੰਪੂਰਨ ਭਾਰਤੀ ਸਾਹਿਤ ਦੇ ਪਹਿਲੇ ਤੋਂ ਹੁਣ ਦੇ ਸਮੇਂ ਤੇ ਇਕ ਝਾਤ ਪਾਈਏ. ਤੁਹਾਨੂੰ 'ਲਛਮਣ ਮਾਨੇ' ਦੀ ਇਹ ਗੱਲ ਸਹੀ ਲੱਗਗੀ ਕਿ ਉਨ੍ਹਾਂ ਵਿਚ ਦਲਿਤ ਅਤੇ ਉਨ੍ਹਾਂ ਦਾ ਜੀਵਨ ਕਿਥੇ ਅਤੇ ਕਿੰਨਾ ਕੁ ਹੈ? ਜਿਥੇ ਉਹ ਹੈ ਵੀ. ਜਿਵੇਂ ਕਿਹਾ ਹੈ ਜਾਂ ਤਾਂ ਵਰਣ ਵਿਵਸਥਾ ਦੇ ਵਿਧੀ ਵਿਧਾਨਾਂ ਦੇ ਅਨਰੂਪ ਆਪਣੀ ਨਾਰਕੀ ਸਥਿਤੀ ਦੇ ਨਾਲ ਹੈ ਜਾਂ ਫਿਰ ਉਸ ਦੇ [illegible] ਕਰੁਣਾ, ਹਮਦਰਦੀ, ਦਇਆ ਜਾਂ ਕਿਰਪਾ ਭਾਵਨਾ ਦੇ ਰੂਪ ਵਿਚ ਦਿਖਾਇਆ ਗਿਆ ਹੈ। ਅਜਿਹੀਆਂ ਕਿਹੜੀਆਂ ਰਚਨਾਵਾਂ ਜਾਂ ਰਚਨਾਕਾਰ ਹਨ ਜਿਨ੍ਹਾਂ ਨੇ ਦਲਿਤਾਂ ਦੀ ਆਪਣੀ ਵਿਸ਼ਾਲਤਾ, ਉਹਨਾਂ ਦੀਆਂ ਇਛਾਵਾਂ ਅਤੇ ਬਰਾਬਰਤਾ ਦਾ ਸਮਾਜਿਕ ਜੀਵਨ ਜੀਣ ਦੇ ਲਈ ਉਹਨਾਂ ਦੀ ਕਾਮਨਾ ਦੀ ਅਣਦੇਖੀ ਕਰਨ ਨੂੰ ਬੋਲ ਅਤੇ ਸ਼ਬਦ ਦਿੱਤੇ ਹੋਣ, ਦਲਿਤ ਜੀਵਨ ਦੇ ਸੁਪਨੇ, ਜਿਨਾਂ ਵਿਚ ਚਿਤਰੇ ਗਏ ਹੋਣ, ਸਮਾਜ ਦੇ ਇਤਿਹਾਸ ਦੀਆਂ ਉਨ੍ਹਾਂ [illegible] ਸੱਚਾਈਆਂ ਦੇ ਨਾਲ, ਜਿਨ੍ਹਾਂ ਨਾਲ ਟਕਰਾ ਟਕਰਾ ਕੇ ਇਹ ਸੁਪਨੇ ਸਦਾ ਵਾਸਤੇ [illegible] ਚੂਰ ਹੁੰਦੇ ਰਹੇ ਹਨ। ਇਕ ਬਹੁਤ ਵੱਡਾ ਸਮਾਜਿਕ ਅਪਰਾਧ ਧਰਮ ਸ਼ਾਸਤਰਾਂ ਦੀ ਆੜ ਲੈ ਕੇ ਸੈਂਕੜੇ-ਹਜ਼ਾਰਾਂ ਸਾਲਾਂ ਤੱਕ ਹੁੰਦਾ ਆ ਰਿਹਾ ਹੈ, ਅਤੇ ਇਸ ਅਪਰਾਧ ਦੀ ਜੋ ਬੁਨਿਆਦ ਹੈ, ਅਪਵਾਦ ਰੂਪ ਵਿਚ ਉਸ ਦੀ ਸ਼ਾਇਦ ਕਦੇ ਕੁਝ ਲੋਕਾਂ ਦੁਆਰਾ ਆਲੋਚਨਾ ਭਾਵੇਂ ਹੋਈ ਹੋਵੇ, ਉਸਨੂੰ ਬਣਿਆ ਰਹਿਣ ਦਿੱਤਾ ਗਿਆ ਹੈ। ਅਜਿਹੀ ਸਥਿਤੀ ਵਿਚ ਦਲਿਤ ਲੇਖਕ ਜੇਕਰ ਕਹਿੰਦੇ ਹਨ ਕਿ ਗ਼ੈਰ-ਦਲਿਤ ਰਚਨਾਕਾਰਾਂ ਦੀਆਂ ਲਿਖਤਾਂ ਸੰਪੂਰਨ ਦਲਿਤ ਇਛਾਵਾਂ ਅਤੇ ਉਨ੍ਹਾਂ ਦੇ ਜੀਵਨ ਦੇ ਸੰਪੂਰਨ ਅਤੇ ਸਮੁੱਚ ਯਥਾਰਥ ਦਾ ਪ੍ਰਗਟਾ ਨਹੀਂ ਹਨ, ਉਹ ਦਲਿਤ ਲਿਖਤਾਂ ਨਹੀਂ ਹਨ ਤਾਂ ਇਸ ਵਿਚ ਹੈਰਾਨੀ ਜਾਂ ਪ੍ਰੇਸ਼ਾਨੀ ਵਾਲੀ ਕਿਹੜੀ ਗੱਲ ਹੋਈ? ਇਹ ਇਕ ਸੱਚਾਈ ਹੈ ਜਿਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਇਸ ਸੱਚਾਈ ਨੂੰ ਪਰਵਾਨ ਕਰਦੇ ਹੋਇਆਂ ਵੀ ਉਸ ਨਾਲ ਜੁੜੇ ਕੁਝ ਸਵਾਲਾਂ ਉੱਪਰ ਅਸੀਂ ਦਲਿਤ ਲੇਖਕਾਂ ਦੇ ਨਾਲ ਵਿਚਾਰ ਕਰਨ ਦੇ ਇੱਛਕ ਹਾਂ। ਅਸੀਂ ਕਹਿ ਚੁੱਕੇ ਹਾਂ ਕਿ ਹੱਡਬੀਤੀ ਦਾ ਕੋਈ ਵੀ ਵਿਕਲਪ ਨਹੀਂ ਹੈ, ਬਾਵਜੂਦ ਇਸ ਦੇ, ਸਵਾਲ ਉੱਠਦਾ ਹੈ ਕਿ ਹੱਡਬੀਤੀ ਨੂੰ ਰਚਨਾ ਦੀ ਇਕੋ ਇਕ ਸ਼ਰਤ, ਉਸ ਦੀ ਪ੍ਰਮਾਣਿਕਤਾ ਦਾ ਇਕੋ ਇਕ ਪੈਮਾਨਾ ਮੰਨਣਾ ਕੀ ਸਾਹਿਤ ਦੇ ਸਿਰਜਣਾਤਮਿਕ ਵਿੱਤ ਤੇ ਸੰਭਾਵਨਾ ਨੂੰ ਸੀਮਤ ਕਰਨਾ ਨਹੀਂ ਹੈ? ਭਾਰਤੀ ਸਾਹਿਤ ਅਤੇ ਵਿਸ਼ਵ ਸਾਹਿਤ ਅਜਿਹੀਆਂ ਨਿੱਗਰ ਉਦਾਹਰਨਾਂ ਦੇ ਨਾਲ ਭਰਿਆ ਪਿਆ ਹੈ, ਜਿਨ੍ਹਾਂ ਦੀ ਡੂੰਘੀ ਸੰਵੇਦਨਾਤਮਿਕ ਨੇੜਤਾ, ਬਾਰੀਕ ਅਤੇ ਖੁੱਭਵੀਂ ਤੇ ਰਚਨਾਕਾਰ ਦੀ ਸਿਰਜਣਾਤਮਿਕ ਕਲਪਨਾ ਨੇ ਸਥਿਤੀਆਂ ਦੇ ਅਜਿਹੇ ਮਾਰਮਿਕ, ਧਰਤੀ ਦੀ ਛੁਹ ਵਾਲੇ ਅਤੇ ਪਾਰਦਰਸ਼ਕ ਚਿੱਤਰ ਉੱਕਰੇ ਹਨ, ਉਹਨਾਂ ਨੂੰ ਇੰਨੀ ਸਮਰਿੱਧ ਸੰਵੇਦਨਾ ਦੇ ਨਾਲ ਪੇਸ਼ ਕੀਤਾ ਹੈ ਕਿ ਉਹਨਾਂ ਦੀਆਂ ਜੀਵਨ ਸਥਿਤੀਆਂ ਦੇ ਉਹ ਸਾਕਾਰ ਚਿੱਤਰ ਹਨ, ਉਹਨਾਂ ਨੇ ਤਾਂ ਉਹਨਾਂ ਦੇ ਜੀਵਨ ਦੇ ਆਰ-ਪਾਰ ਦੇਖਿਆ ਹੈ। ਬੁਨਿਆਦੀ ਸਮਾਜਿਕ ਤਬਦੀਲੀ ਦੇ ਲਈ ਸੰਘਰਸ਼ੀਲ ਸ਼ਕਤੀਆਂ ਨੇ ਜਿਨ੍ਹਾਂ ਤੋਂ ਪ੍ਰੇਰਨਾ ਲੈਂਦਿਆਂ ਸਮਾਜ ਨੂੰ ਬੁਨਿਆਦੀ ਤੌਰ ਤੇ ਬਦਲਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਟਾਲਸਟਾਏ ਦੀ ਨਰਕੀ ਜ਼ਿੰਦਗੀ ਭੋਗਣ ਵਾਲੇ ਰੂਸ ਦੇ ਕਿਸਾਨਾਂ ਤੇ ਪਿੰਡਾਂ ਦੇ ਨਿਹਾਇਤ ਯਥਾਰਥ ਅਤੇ ਪਾਰਦਰਸ਼ੀ ਚਿਤਰਨ ਬਾਰੇ, ਰੂਸ ਦੇ ਬਾਲਸ਼ਵਿਕ ਇਨਕਲਾਬ ਦੇ ਵਿਧਾਤਾ ਲੈਨਿਨ ਦੀ ਇਹ ਗੱਲ ਸਰਵ ਪ੍ਰਵਾਣਤ ਹੈ ਕਿ ਜ਼ਾਰਸ਼ਾਹੀ ਦੇ ਰੂਸ ਦੇ ਪਿੰਡਾਂ

ਬਾਰੇ ਜਿੰਨੀ ਪ੍ਰਮਾਣਿਕ ਜਾਣਕਾਰੀ, ਉਹਨਾਂ ਨੂੰ ਟਾਲਸਟਾਇ ਦੀਆਂ ਰਚਨਾਵਾਂ ਤੋਂ ਮਿਲੀ, ਉਹ ਉਹਨਾਂ ਨੂੰ ਆਪਣੇ ਸਮੇਂ ਦੇ ਇਤਿਹਾਸਕਾਰਾਂ, ਸਮਾਜ-ਸ਼ਾਸਤਰੀਆਂ ਆਦਿ ਕਿਸੇ ਦੁਆਰੇ ਵੀ ਨਹੀਂ ਪ੍ਰਾਪਤ ਹੋਈ। ਅਸੀਂ ਸਾਰੇ ਜਾਣਦੇ ਹਾਂ ਕਿ ਟਾਲਸਟਾਇ ਕਾਉਂਟ (ਜਾਗੀਰਦਾਰ) ਸੀ, ਸਾਮੰਤੀ ਠਾਠ ਬਾਠ ਦੇ ਧਨੀ, ਜਿਨ੍ਹਾਂ ਨੇ ਕਿਸਾਨਾਂ ਦੇ ਜੀਵਨ ਨੂੰ ਆਪਣੀ ਸਮੁੱਚੀ ਮਾਨਵੀ ਸੰਵੇਦਨਾ ਦੇ ਨਾਲ ਦੇਖਿਆ ਅਤੇ ਸਮਝਿਆ ਸੀ। ਇਹੋ ਗੱਲ ਬਾਲਜ਼ਾਕ ਦੇ ਬਾਰੇ ਵੀ ਸੱਚ ਹੈ, ਅਤੇ ਇਸੇ ਦਾ ਇਕ ਰੂਪ ਅਸੀਂ ਇਥੇ ਪ੍ਰੇਮਚੰਦ ਦੀਆਂ ਰਚਨਾਵਾਂ ਵਿੱਚ ਦੇਖਦੇ ਹਾਂ ਜੋ ਪੇਂਡੂ ਜੀਵਨ ਦੇ ਸਵਾਲਾਂ ਤੋਂ ਸਾਨੂੰ ਉਨ੍ਹਾਂ ਦੀਆਂ ਸਾਰੀਆਂ ਪੇਚੀਦਗੀਆਂ ਦੇ ਨਾਲ, ਸੰਬੋਧਿਤ ਹੁੰਦੀਆਂ ਹਨ। ਭੁੱਖ, ਕਾਲ, ਇਸਤਰੀ ਜੀਵਨ ਤੇ ਦੂਜੇ ਸਾਰੇ ਪੱਖਾਂ ਉੱਪਰ ਅਜਿਹਾ ਬਹੁਤ ਕੁਝ ਸਾਹਿਤ ਵਿਚ, ਉਨ੍ਹਾਂ ਲੋਕਾਂ ਦੁਆਰਾ ਬੇਹੱਦ ਪ੍ਰਮਾਣਿਕ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਲਿਖਿਆ ਗਿਆ ਹੈ, ਜਿਨ੍ਹਾਂ ਖੁਦ ਉਸ ਨੂੰ ਨਹੀਂ ਹੰਢਾਇਆ, ਜੋ ਮਹਿਜ਼ ਦਰਸ਼ਕ ਅਤੇ ਸੰਵੇਨਾਤਮਿਕ ਪੱਧਰ 'ਤੇ ਸਿਰਫ ਉਹਨਾਂ ਸਥਿਤੀਆਂ ਨਾਲ ਜੁੜੇ ਹੋਏ ਸਨ। ਅਜਿਹੀਆਂ ਉਦਾਹਰਨਾਂ ਨੂੰ ਕੀ ਇਸ ਆਧਾਰ ਉੱਤੇ ਛੱਡ ਦਿੱਤਾ ਜਾਵੇ ਕਿ ਉਹਨਾਂ ਦਾ ਸੰਬੰਧ ਨਿਜੀ ਅਨੁਭਵ ਨਾਲ ਨਹੀਂ ਹੈ। ਹੱਡਬੀਤੀ ਆਪਣੀ ਥਾਂ ਮਹੱਤਵਪੂਰਨ ਹੈ, ਲੇਕਿਨ ਰਚਨਾ ਨੂੰ ਕੋਰੇ ਅਨੁਭਵਵਾਦ ਵਿਚ ਬਦਲ ਦੇਣਾ ਕਿਥੋਂ ਤੱਕ ਦਰੁਸਤ ਹੈ? ਭੋਗੇ ਹੋਏ ਯਥਾਰਥ ਦੀ ਗੱਲ ਏਥੇ ਸਾਡੇ ਕਿਸੇ ਸਮੇਂ ਨਵੀਂ ਕਵਿਤਾ ਦੇ ਦੌਰ 'ਚ ਉਠੀ ਸੀ। ਉਸ ਦਾ ਜੋ ਹਸ਼ਰ ਹੋਇਆ, ਅਸੀਂ ਉਸਨੂੰ ਵੀ ਜਾਣਦੇ ਹਾਂ। ਦਲਿਤ-ਲੇਖਕਾਂ ਦੀਆਂ ਹੱਡੀਂ ਹੰਢਾਈਆਂ ਰਚਨਾਵਾਂ ਦੇ ਪ੍ਰਭਾਵ ਅਤੇ ਜੀਵੰਤਤਾ ਨੂੰ ਉੱਕਾ ਹੀ ਰੱਦ ਨਾ ਕਰਦੇ ਹੋਏ ਵੀ, ਕੀ ਇਹ ਕਹਿਣਾ ਗ਼ਲਤ ਹੋਵੇਗਾ ਕਿ ਗਹਿਰੀ ਸੰਵੇਦਨਾਤਮਿਕ ਨੇੜਤਾ ਦੁਆਰਾ ਵੀ ਵੱਡੇ ਰਚਨਾਕਾਰ ਸਥਿਤੀਆਂ ਦੇ ਭੇਤਾਂ ਤੱਕ ਪਹੁੰਚ ਸਕਦੇ ਹਨ, ਅਤੇ ਸਿੱਟੇ ਵਜੋਂ ਉਹ ਫੇਰ ਹੀ ਵੱਡੇ ਆਖੇ ਜਾਣ ਦੇ ਅਧਿਕਾਰੀ ਵੀ ਬਣਦੇ ਹਨ।

ਗ਼ੈਰ ਦਲਿਤ ਰਚਨਾਕਾਰਾਂ ਦੀਆਂ ਦਲਿਤ-ਜੀਵਨ ਸੰਦਰਭਾਂ ਨਾਲ ਜੁੜੀਆਂ ਰਚਨਾਵਾਂ ਵਿਚ ਕੇਵਲ ਕਰੁਣਾ ਅਤੇ ਹਮਦਰਦੀ ਦੇ ਪ੍ਰਗਟਾ ਨੂੰ ਅਸੀਂ ਵੀ ਨਾਕਾਫੀ ਮੰਨਿਆਂ ਹੈ ਅਤੇ ਦਲਿਤ-ਜੀਵਨ ਦੀਆਂ ਸੰਪੂਰਨ ਇਛਾਵਾਂ ਤੇ ਲੋੜਾਂ ਤੱਕ ਨਾ ਪੁੱਜ ਸਕਣ ਨੂੰ ਅਸੀਂ ਵੀ ਉਹਨਾਂ ਦੀ ਇਕ ਮਹੱਤਵਪੂਰਨ ਸੀਮਾ ਕਿਹਾ ਹੈ, ਪਰ ਅਜਿਹੇ ਰਚਨਾਕਾਰਾਂ ਦੀ ਨੀਤ ਉਪਰ ਸ਼ੱਕ ਕਰਦੇ ਹੋਏ, ਫਜ਼ੂਲ ਮੰਨ ਕੇ ਕਰੁਣਾ ਜਾਂ ਹਮਦਰਦੀ ਜਿਹੇ ਭਾਵ ਨੂੰ ਇਕਦਮ ਖਾਰਜ ਕਰ ਦੇਣ ਵਾਲੀ ਮਾਨਸਿਕਤਾ ਵੀ ਸਮਝ ਵਿਚ ਨਹੀਂ ਆਉਂਦੀ। ਕਰੁਣਾ ਇਕ ਮਨੁੱਖੀ ਭਾਵ ਹੈ ਜੋ ਕਮਜ਼ੋਰ, ਅਸਮਰੱਥ, ਨਿਸੱਤੇ ਅਤੇ ਨਿਰਦੋਸ਼ਾਂ ਨਾਲ ਕੀਤੇ ਜਾਣ ਵਾਲੇ ਅਨਿਆਂ, ਅਨੀਤੀ, ਜ਼ੋਰ-ਜ਼ੁਲਮ ਆਦਿ ਦੇ ਵਿਰੋਧ ਵਿਚ ਮਨੁੱਖੀ ਸੰਵੇਦਨਾ ਦਾ ਤਕਾਜ਼ਾ ਬਣ ਕੇ ਮਾਨਵ-ਮਨ ਵਿਚ ਪੈਦਾ ਹੁੰਦਾ ਹੈ। ਉਸ ਦਾ ਪੈਦਾ ਹੋਣਾ ਮਨੁੱਖ ਦੀ ਮਨੁੱਖਤਾ ਦਾ ਲਖਾਇਕ ਹੈ ਅਤੇ ਨਾ ਪੈਦਾ ਹੋਣਾ ਉਸ ਦੀ ਸੰਵੇਦਨਹੀਨਤਾ ਅਤੇ ਜੜ੍ਹਤਾ ਦਾ ਪ੍ਰਤੀਕ ਹੈ ਕਿਹੜੀ ਕਰੁਣਾ ਸਹਿਜ ਹੈ ਅਤੇ ਠੋਸੀ ਹੋਈ ਜਾਂ ਕੇਵਲ ਛਲ ਹੈ। ਮਹਿਜ਼ ਸਾਮੰਤੀ ਉਦਾਰਤਾ ਹੈ, ਇਸ ਗੱਲ ਦੀ ਪਛਾਣ ਔਖੀ ਨਹੀਂ। ਦਿਖਾਵਾ ਤਾਂ ਉਘੜ ਹੀ ਆਉਂਦਾ ਹੈ। ਇਹ ਕੁਰਣਾ ਆਪ ਦੀਆਂ ਅੰਤਮ ਜਾਂ ਸਿਰੇ ਦੀਆਂ ਤਾਰਕਿਕ ਹੱਦਾਂ ਤੱਕ ਨਾ ਵੀ ਪਹੁੰਚੇ, ਜਿਸ ਦੇ ਪਿੱਛੇ ਠੋਸ ਕਾਰਨ ਹੁੰਦੇ ਹਨ, ਤਾਂ ਵੀ ਆਪਣੇ ਆਪ ਵਿਚ ਇਹ ਮਨੁੱਖੀ ਗੁਣ ਹੈ। ਕਰੌਂਚ ਮਿਥੁਨ ਵਿਚੋਂ ਇਕ ਨੂੰ



ਮਾਰਨਾ, ਬਾਲਮੀਕ ਦੀ ਕਰੁਣਾ ਨੂੰ ਬਹਲੀਏ ਦੇ ਪ੍ਰਤੀ ਸਰਾਪ ਤੱਕ ਲੈ ਜਾਂਦਾ ਹੈ। ਰਾਜਕੁਮਾਰ ਸਿਧਾਰਥ ਆਪਣੇ ਸਮੇਂ ਦੇ ਰਾਜ ਤੰਤਰ ਦੁਆਰਾ ਸਾਧਾਰਨ ਬੰਦੇ ਦੇ ਮਾਨਵੀ ਸੋਸ਼ਨ ਦੀ ਥਾਂ ਪ੍ਰਕਿਰਤੀ-ਪਰਦੱਤ ਮਨੁੱਖ ਦੀ ਨੀਤ, ਰੋਗ, ਬੁਢਾਪਾ, ਅਤੇ ਮਿਰਤੂ ਦੇ ਬਾਰੇ ਤਰਸਵਾਨ ਹੋਏ ਅਤੇ ਉਸ ਨੂੰ ਪਛਾਣਨ-ਜਾਣਨ ਲਈ ਘੋਰ ਤਪੱਸਵੀ ਬਣੇ, ਬੁੱਧ ਕਹਾਏ। ਉਹਨਾਂ ਨੂੰ ਕਰੁਣਾ ਦਾ ਮਹਾਨ ਕਰੁਣਾ ਅਵਤਾਰ ਮੰਨਿਆ ਗਿਆ। ਦਲਿਤ ਅਤੇ ਗੈਰ-ਦਲਿਤ ਦੋਵਾਂ ਵਿਚ ਉਹ ਬਰਾਬਰ ਹੀ ਪੂਜੇ ਗਏ।

ਨਿਚੋੜ ਇਹ ਹੈ ਕਿ ਜੀਵਨ ਦੀਆਂ ਹਕੀਕਤਾਂ ਹੀ ਅਜਿਹੀਆਂ ਹਨ ਕਿ ਮਨੁੱਖ ਚਾਹੁੰਦਾ ਹੋਇਆ ਵੀ ਆਪਣੀ ਕਰੁਣਾ ਨੂੰ ਇਸ ਦੀ ਸੰਪੂਰਨ ਜਾਂ ਵੱਧ ਤੋਂ ਵੱਧ ਤਾਰਕਿਕ ਸੀਮਾਂ ਤੱਕ ਨਹੀਂ ਪਹੁੰਚਾ ਸਕਦਾ। ਇਸ ਤਰ੍ਹਾਂ ਉਸ ਦਾ ਕਰੁਣਾ-ਰਹਿਤ ਨਾ ਹੋਣਾ ਜਾਇਜ਼ ਨਹੀਂ ਬਣਦਾ। ਜੇਕਰ ਉਹ ਸੰਵੇਦਨਸ਼ੀਲ ਮਨੁੱਖ ਹੈ ਤਾਂ ਉਸ ਦੀ ਕਰੁਣਾ ਦਾ ਭਾਵ ਅਨੁਕੂਲ ਸਥਿਤੀਆਂ ਅਤੇ ਅਵਸਰਾਂ ਤੇ ਉਸ ਦੇ ਮਨ ਵਿਚ ਉਪਜੇਗਾ ਹੀ ਭਾਵੇਂ ਉਹ ਉਸ ਨੂੰ ਅਗਾਂਹ ਦੀਆਂ ਸਥਿਤੀਆਂ ਤੱਕ ਲੈ ਜਾਣ ਦੇ ਸਮਰਥ ਨਾ ਹੀ ਹੋਵੇ। ਅਜਿਹੀਆਂ ਰਚਨਾਵਾਂ ਦੀ ਵਿਸ਼ਵ-ਸਾਹਿਤ ਵਿਚ ਥੁੜ ਨਹੀਂ ਹੈ, ਜਿਨ੍ਹਾਂ ਵਿਚ ਰਚਨਾਕਾਰਾਂ ਦੀ ਮਾਨਵੀ ਸੰਵੇਦਨਾ ਕਰੁਣਾ ਬਣ ਕੇ ਮਜ਼ਲੂਮ ਦੇ ਪੱਖ ਵਿਚ ਅਤੇ ਕਰੋਧ, ਰੋਹ, ਨਿਖੇਧੀ, ਮਖੌਲ, ਵਿਅੰਗ, ਟਾਂਚ ਆਦਿ ਵਿਚ ਤਬਦੀਲ ਹੁੰਦੀ ਹੋਈ ਹਮਲਾਵਰ ਦੇ ਖਿਲਾਫ਼ ਪ੍ਰਗਟ ਹੋਈ ਹੈ। ਇਹਨਾਂ ਰਚਨਾਵਾਂ ਵਿਚ ਕਰੁਣਾ ਦਾ ਹੋਰਨਾਂ ਭਾਵਾਂ ਵਿਚ ਜਿੰਨੀ ਦੂਰ ਤੱਕ ਵੀ, ਸਥਿਤੀ ਦੇ ਅਨੁਰੂਪ, ਰੂਪਾਂਤਰਨ ਹੋਇਆ ਹੈ, ਉਹਨਾਂ ਨੂੰ ਓਨੀ ਹੀ ਦੂਰ ਤੱਕ ਮਨੁੱਖੀ ਪ੍ਰਗਟਾ ਦੇ ਰੂਪ ਵਿਚ ਸਲਾਹਿਆ ਅਤੇ ਸਵੀਕਾਰ ਕੀਤਾ ਗਿਆ ਹੈ।

ਦਲਿਤ ਲੇਖਕਾਂ ਦੀਆਂ ਆਪਣੀਆਂ ਰਚਨਾਵਾਂ-ਆਤਮਕਥਾਵਾਂ ਦਾ ਪੱਖ ਲਈਏ ਤਾਂ ਉਹਨਾਂ ਵਿਚ ਵੀ ਆਪਣੇ ਮਾਤਾ-ਪਿਤਾ, ਘਰ ਪਰਿਵਾਰ ਦੇ ਲੋਕਾਂ ਅਤੇ ਆਪਣੀ ਜਾਤੀ ਉੱਪਰ ਉੱਚ ਜਾਤੀ ਵਾਲਿਆਂ ਵਲੋਂ ਢਾਹੇ ਗਏ ਜ਼ੋਰ-ਜ਼ੁਲਮ, ਤਿਰਸਕਾਰ-ਅਪਮਾਨ ਆਦਿ ਦੇ ਜੋ ਬਿਰਤਾਂਤ ਹਨ, ਅਤੇ ਉਨ੍ਹਾਂ ਤੇ ਉਹਨਾਂ ਲੇਖਕਾਂ ਦੀ ਜੋ ਪ੍ਰਤੀਕਿਰਿਆ ਹੈ, ਇਕ ਪਾਤਰ ਦੇ ਰੂਪ ਵਿਚ ਉਹਨਾਂ ਜੋ ਸਹਿਆ-ਭੋਗਿਆ ਹੈ, ਉਸ ਸਭ ਦੀ ਜੜ ਵਿਚ ਵੀ ਏਸੇ ਕਰੁਣਾ ਦੀ ਬੁਨਿਆਦੀ ਸਥਿਤੀ ਹੈ। ਕਰੁਣਾ ਹਮੇਸ਼ਾ ਮਜ਼ਲੂਮ ਦੇ ਲਈ ਹੀ ਪੈਦਾ ਹੁੰਦੀ ਹੈ। ਉਸ ਤੋਂ ਪਿਛੋਂ ਕਰੋਧ, ਰੋਹ, ਨਫ਼ਰਤ, ਬਦਲਾ, ਵਿਰੋਧ ਜਾਂ ਵਿਦਰੋਹ ਦੇ ਰੂਪ ਵਿਚ ਜ਼ਾਲਮ ਦੇ ਪ੍ਰਤੀ ਰੂਪਾਂਤਰਤ ਹੁੰਦੀ ਹੈ। ਕਈ ਪ੍ਰਕਾਰ ਦੇ ਮਨੋਭਾਵਾਂ ਵਿਚ ਉਸ ਦੀ ਇਹ ਰੂਪਾਂਤਰਤ ਸਥਿਤੀ, ਪਾਤਰ, ਪ੍ਰਸੰਗ, ਅਵਸ਼ੱਕਤਾ ਆਦਿ ਦੇ ਅਨੁਰੂਪ ਹੀ ਹੁੰਦੀ ਹੈ। ਬੇਗੁਨਾਹ ਕੁੱਟੇ ਜਾ ਰਹੇ ਕਮਜ਼ੋਰ ਵਿਅਕਤੀ ਨੂੰ ਜ਼ੋਰਾਵਰ ਦੇ ਚੁੰਗਲ 'ਚੋਂ ਛੁੜਾ ਲੈਣ, ਸੜਕ ਤੇ ਜ਼ਖ਼ਮੀ ਪਏ ਵਿਅਕਤੀ ਨੂੰ ਹਸਪਤਾਲ ਤੱਕ ਪਹੁੰਚਾ ਦੇਣ ਵਰਗੀਆਂ ਗੱਲਾਂ ਦਾ ਵੀ ਆਪਣਾ ਮਹੱਤਵ ਹੈ। ਭਾਵੇਂ ਉਸ ਤੋਂ ਅੱਗੇ ਦੀਆਂ ਤਾਰਕਿਕ ਸੀਮਾਵਾਂ ਤੱਕ ਕੋਈ ਆਪਣੀ ਕਰੁਣਾ ਨੂੰ, ਹੋਰਨਾਂ ਕਾਰਨਾ ਦੇ ਹੁੰਦਿਆਂ, ਨਾ ਵੀ ਲੈ ਜਾ ਸਕੇ। ਸਾਡੇ ਆਪਣੇ ਜੀਵਨ ਵਿਚ ਰੋਜ਼ਾਨਾ ਅਜਿਹੀਆਂ ਸਥਿਤੀਆਂ ਆਉਂਦੀਆਂ ਹਨ ਅਤੇ ਅਸੀਂ ਉਹਨਾਂ ਨੂੰ ਦੇਖਦੇ-ਜਾਣਦੇ ਹੋਏ ਵੀ ਕੁਝ ਨਹੀਂ ਕਰਦੇ। ਜੋ ਆਪਣੀ ਨਿੱਜਤਾ ਤੋਂ ਕੁਝ ਪਲਾਂ ਲਈ ਉਭਰਕੇ ਇਹਨਾਂ ਸਥਿਤੀਆਂ ਨਾਲ ਟਕਰਾਉਂਦਾ ਹੈ, ਉਹ ਆਪਣੀ ਮਾਨਵੀ ਸੰਵੇਦਨਾ ਤੇ ਸਕਿਰਿਆ ਹੁੰਦਾ ਹੈ, ਸਮਾਜ ਉਨੀ ਦੂਰ ਤੱਕ ਉਸ ਨੂੰ ਮਾਨਤਾ ਦਿੰਦਾ ਹੈ। ਫਿਰ ਗ਼ੈਰ-ਦਲਿਤ ਰਚਨਾਕਾਰਾਂ ਦੀਆਂ ਦਲਿਤ-ਜੀਵਨ

ਸੰਦਰਭਾਂ ਨਾਲ ਜੁੜੀਆਂ ਰਚਨਾਵਾਂ ਵਿਚੋਂ ਵੀ ਅਸੀਂ ਸਿਰਫ ਕਰੁਣਾ ਹੀ ਨਹੀਂ ਦੇਖਦੇ, ਉਹਨਾਂ ਵਿਚ ਸਥਿਤੀ, ਪਾਤਰ, ਸੰਦਰਭ ਅਤੇ ਹਕੀਕਤਾਂ ਦੇ ਅਨੁਰੂਪ ਉਸ ਦੇ ਰੂਪਾਂਤਰਨ ਦੇ ਵੀ ਉਦਾਹਰਨ ਦੇਖ ਸਕਦੇ ਹਾਂ। ਮਜ਼ਲੂਮ ਪ੍ਰਤੀ ਕਰੁਣਾ ਦੇ ਪ੍ਰਤੀ ਰੋਹ, ਨਫ਼ਰਤ ਤੇ ਅਜਿਹੇ ਹੀ ਦੂਸਰੇ ਮਨੋਭਾਵ ਹਨ। ਉਸ ਵਿਵਸਥਾ ਤੇ ਉਸ ਦੇ ਪਾਲਣ ਵਾਲੇ ਵਿਧੀ ਵਿਧਾਨ, ਧਰਮ ਅਤੇ ਧਰਮ ਸ਼ਾਸਤਰਾਂ ਦੀ ਕਠੋਰ ਅਲੋਚਨਾ ਹੈ, ਇਹਨਾਂ ਦੀ ਅਮਾਨਵਤਾ ਉਪਰ ਕਰੜੇ ਹਮਲੇ ਕੀਤੇ ਹੁੰਦੇ ਹਨ। ਦਲਿਤਾਂ ਦੀ ਸਮੱਚੀ ਮਨਭਾਵਨਾ ਦੇ ਬਿੰਬ ਉਹਨਾਂ ਵਿਚ ਭਾਵੇਂ ਨਾ ਹੀ ਹੋਣ, ਉਹਨਾਂ ਦੀਆਂ ਸਮੁੱਚੀਆਂ ਚਾਹਤਾਂ ਦੀ ਪੂਰਤੀ ਉਹਨਾਂ ਵਿਚ ਭਾਵੇਂ ਨਾ ਹੀ ਹੋਵੇ, ਜੋ ਕੁਝ ਅਤੇ ਜਿੰਨਾਂ ਕੁਝ ਉਹਨਾਂ ਵਿਚ ਇਹਨਾਂ ਰਚਨਾਕਾਰਾਂ ਦੀ ਮਾਨਵੀ ਸੰਵੇਦਨਾ ਅਤੇ ਰਚਨਾਤਮਕ ਸਰੋਕਾਰਾਂ ਦੇ ਪ੍ਰਤੱਖ ਰੂਪ ਹਨ, ਉਹਨਾਂ ਨੂੰ ਪ੍ਰਵਾਨ ਨਾ ਕਰ ਲੈਣ ਦੀ ਜੜ ਵਿਚ ਕਿਹੜੀਆਂ ਮਜਬੂਰੀਆਂ ਜਾਂ ਅੜਚਣਾ ਹਨ, ਸਮਝ ਵਿਚ ਨਹੀਂ ਆਉਂਦਾ। 'ਗੋਦਾਨ' ਵਿਚ ਪ੍ਰੇਮ ਚੰਦ ਦੇ ਦਲਿਤ ਪਾਤਰ, ਬ੍ਰਾਹਮਣ ਮਾਤਾਦੀਨ ਦੇ ਗਲ ਵਿਚ ਹੱਡੀ ਪਾ ਕੇ ਉਸ ਨੂੰ 'ਧਰਮ ਭਰਿਸ਼ਟ' ਕਰ ਦਿੰਦੇ ਹਨ। ਇਹ ਨਹੀਂ ਕਿ ਮਾਤਾਦੀਨ 'ਸ਼ੁੱਧ' ਕੀਤੇ ਜਾਣ ਪਿਛੋਂ ਆਪਣੀ ਮਰਜ਼ੀ ਨਾਲ ਆਪਣੇ 'ਬ੍ਰਾਹਮਣਤਵ' ਨੂੰ ਤਿਆਗ ਦਿੰਦਾ ਹੈ।

"ਸਦਗਤੀ" ਵਿਚ ਪ੍ਰੇਮ ਚੰਦ ਬ੍ਰਾਹਮਣ ਦੀ ਪਸ਼ੂਪਨ ਤੇ ਅਮਾਨਵਤਾ ਨੂੰ ਦੋ ਕਦਮ ਅੱਗੇ ਜਾ ਕੇ ਉਜਾਗਰ ਕਰਦੇ ਹਨ ਅਤੇ "ਸਵਾ ਸੇਰ ਕਣਕ" ਵਿਚ ਤਾਂ ਦੇਵੀ ਦੇਵਤਾਵਾਂ ਤੇ ਵੀ ਵਿਅੰਗ ਕਰਦੇ ਹਨ। ਹੋਰਨਾ ਰਚਨਾਕਾਰਾਂ ਦੀਆਂ ਰਚਨਾਵਾਂ ਤੋਂ ਵੀ ਇਸ ਪ੍ਰਕਾਰ ਦੀਆਂ ਗਵਾਹੀਆਂ ਦਿੱਤੀਆਂ ਜਾ ਸਕਦੀਆਂ ਹਨ। ਜਿਥੇ ਉਹਨਾਂ ਦੀ ਕਰੁਣਾ, ਉਹਨਾਂ ਦੀ ਅੱਤ ਦੇ ਪ੍ਰਤੀ ਰੋਹ, ਨਫ਼ਰਤ, ਉਸ ਦੀ ਆਲੋਚਨਾ ਜਾਂ ਨਿੰਦਿਆ ਵਿਚ ਤਬਦੀਲ ਹੁੰਦੀ ਹੈ। ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਇਹੋ ਜਿਹੀਆਂ ਸਥਿਤੀਆਂ ਦਲਿਤ ਲੇਖਕਾਂ ਦੀਆਂ ਆਪਣੀਆਂ ਰਚਨਾਵਾਂ ਵਿਚ ਵੀ ਹਨ।

ਅੰਤਮ ਰੂਪ ਵਿਚ ਰਚਨਾਕਾਰ ਦੀ ਮਨੁੱਖੀ ਸੰਵੇਦਨਾ, ਰਚਨਾ ਦੇ ਤਕਾਜ਼ੇ ਤੇ ਹਕੀਕਤਾਂ ਦੇ ਪ੍ਰਕਰਣ ਵਿਚ ਹੀ ਸਾਰਥਿਕ ਪ੍ਰਗਟਾ ਕਰਦੀ ਹੈ, ਅਤੇ ਤਦ ਹੀ ਉਹ ਜਾਨਦਾਰ ਅਤੇ ਪ੍ਰਭਾਵਸ਼ਾਲੀ ਵੀ ਬਣਦੀ ਹੈ। ਯਥਾਰਥ ਦੀ ਆਪਣੀ ਮੰਗ ਤੋਂ ਅੱਗੇ ਜਾ ਕੇ, ਰਚਨਾਕਾਰ ਰਚਨਾ ਦੀ ਪ੍ਰਮਾਣਿਕਤਾ ਦਾ ਨੁਕਸਾਨ ਹੀ ਕਰੇਗਾ। ਜੋ ਕੁਝ ਯਥਾਰਥ ਦਾ ਹਿੱਸਾ ਨਹੀਂ ਹੈ, ਸਥਿਤੀਆਂ ਵਿਚੋਂ ਹੀ ਨਹੀਂ ਪੈਦਾ ਹੁੰਦਾ, ਉਹ ਰਚਨਾ ਦੀ ਵੀ ਲੋੜ ਨਹੀਂ ਹੁੰਦਾ। ਉਸ ਨੂੰ ਕਲਪਨਾ ਪੱਧਰ ਤੇ ਹੀ ਰਚਨਾ ਦੀ ਪੱਧਰ ਤੱਕ ਲਿਆਉਣਾ, ਰਚਨਾ ਨੂੰ ਪ੍ਰਭਾਵਹੀਣ ਤੇ ਕਮਜ਼ੋਰ ਬਣਾਉਣਾ ਹੈ।

ਪ੍ਰੇਮ ਚੰਦ ਦੀ "ਰੰਗ ਭੂਮੀ" ਦੇ ਸੂਰਦਾਰ "ਗੋਦਾਨ" ਦੇ "ਹੋਰੀ" ਅਤੇ ਜਗਦੀਸ਼ ਚੰਦਰ ਦੇ 'ਧਰਤੀ ਧਨ ਨਾ ਆਪਣਾ' ਦੇ 'ਕਾਲੀ' ਦਾ ਉਦਾਹਰਨ ਲਵੋ। ਸੂਰਦਾਸ ਅਤੇ ਕਾਲੀ ਦੇ ਸੰਘਰਸ਼ ਦੀ ਅਸਫ਼ਲਤਾ ਨੂੰ ਲੈ ਕੇ ਓਮ ਪ੍ਰਕਾਸ਼ ਬਾਲਮੀਕ ਨੇ ਪ੍ਰੇਮ ਚੰਦ ਅਤੇ ਜਗਦੀਸ਼ ਚੰਦਰ ਤੇ ਕੁਝ ਚੋਭਾਂ ਲਾਈਆਂ ਹਨ, ਉਹਨਾਂ ਦੇ ਸੰਘਰਸ਼ ਦੀ ਅਸਫ਼ਲਤਾ ਨੂੰ ਉਹਨਾਂ ਦੀ ਗ਼ੈਰ-ਦਲਿਤ ਮਾਨਸਿਕਤਾ ਨਾਲ ਜੋੜਿਆ ਹੈ।

ਇਹਨਾਂ ਨਾਵਲਾਂ ਤੋਂ ਜਾਣੂ ਪਾਠਕ ਜਾਣਦੇ ਹਨ ਕਿ ਸੂਰਦਾਸ ਤੇ ਕਾਲੀ ਦੋਵਾਂ ਦੇ ਨਾਲ, ਉਹਨਾਂ ਦੇ ਲੇਖਕਾਂ ਦੀ ਡੂੰਘੀ ਸੰਵੇਦਨਸ਼ੀਲ ਨੇੜਤਾ ਹੈ। ਉਹਨਾਂ ਦੇ ਸੰਘਰਸ਼ ਵਿਚ ਉਹ ਬਰਾਬਰ ਉਹਨਾਂ ਦੇ ਨਾਲ ਹਨ, ਤੇ ਆਪਣੀ ਪੂਰੀ ਮਾਨਵੀ ਸੰਵੇਦਨਾ ਦੇ



ਨਾਲ। ਇਸ ਦੇ ਬਾਵਜੂਦ ਕਿ ਸੂਰਦਾਸ ਤੇ ਕਾਲੀ ਦੋਵਾਂ ਦੇ ਸੰਘਰਸ਼ ਦਾ ਅੰਤ ਉਹਨਾਂ ਦੀ ਹਾਰ ਅਤੇ ਦੌੜ ਜਾਣ ਵਿਚ ਹੁੰਦਾ ਹੈ। "ਰੰਗ ਭੂਮੀ" ਵਿਚ ਮਿੱਲ ਮਾਲਿਕ ਜਿੱਤਦੇ ਹਨ ਅਤੇ "ਧਰਤੀ ਧਨ ਨਾ ਆਪਣਾ" ਵਿਚ ਚੌਧਰੀ। ਸਵਾਲ ਇੱਥੇ ਦਲਿਤ ਜਾਂ ਸਵਰਣ ਮਾਨਸਿਕਤਾ ਦਾ ਨਹੀਂ, ਸਵਾਲ ਇਥੇ ਯਥਾਰਥ ਦੇ ਕਲਪਤ ਅਤੇ ਉਸ ਦੇ ਵਾਸਤਵਿਕ ਰੂਪ ਦੇ ਵਿਚਲੇ ਦਵੰਦ ਦਾ ਹੈ। "ਰੰਗ ਭੂਮੀ" ਤੇ "ਧਰਤੀ ਧਨ ਨਾ ਆਪਣਾ" ਦੋਵਾਂ ਦੀ ਕਹਾਣੀ ਦਾ ਪਲਾਟ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਦਾ ਹੈ। ਉਹ ਅੱਜ ਦਾ ਸਮਾਂ ਹੁੰਦਾ ਤਾਂ ਵੀ ਕੋਈ ਖਾਸ ਤੇ ਬੁਨਿਆਦੀ ਅੰਤਰ ਨਹੀਂ ਹੋਣਾ ਸੀ। ਆਜ਼ਾਦੀ ਪਿਛੋਂ ਸਥਿਤੀਆਂ ਕੁਝ ਬਦਲੀਆਂ ਜ਼ਰੂਰ ਹਨ, ਪ੍ਰੰਤੂ ਸਮਾਜ ਦਾ ਯਥਾਰਥ ਬੁਨਿਆਦੀ ਤੌਰ ਤੇ ਉਹ ਹੀ ਹੈ। ਓਮ ਪ੍ਰਕਾਸ਼ ਬਾਲਮੀਕ ਦੀ ਆਤਮ ਕਥਾ "ਜੂਠਣ" ਇਸ ਕਥਨ ਦੀ ਗਵਾਹੀ ਹੈ, ਜਿਸ ਵਿਚ ਕਥਾਨਾਇਕ ਆਜ਼ਾਦੀ ਦੇ ਪਿਛੋਂ ਦੇ ਦੌਰ ਵਿਚ ਵੀ ਯਾਤਨਾਵਾਂ ਤੇ ਸਮਾਜਿਕ ਅਪਮਾਨ ਦੀਆਂ ਉਹਨਾਂ ਹੀ ਸਥਿਤੀਆਂ ਦੇ ਵਿਚ ਜੀਉਂਦਾ ਹੈ ਤੇ ਸੰਘਰਸ਼ ਕਰਦਾ ਹੈ, ਜਿਨ੍ਹਾਂ ਵਿਚ ਦਲਿਤ ਲੋਕ ਸਦੀਆਂ ਤੋਂ ਜੀਵਨ ਬਸਰ ਕਰਦੇ ਆਏ ਹਨ, ਅਪਮਾਨਤ ਤੇ ਕੁਚਲੇ ਜਾਂਦੇ ਰਹੇ ਹਨ। ਬਾਬੂ ਰਾਓ ਬਾਗਲ ਦੀ ਇਕ ਕਹਾਣੀ ਹੈ "ਜਦ ਮੈਂ ਆਪਣੀ ਜਾਤ ਲੁਕਾਈ"। ਇਸ ਕਹਾਣੀ ਦਾ ਸਮਾਂ ਵੀ ਲਾਜ਼ਮੀ ਆਜ਼ਾਦੀ ਤੋਂ ਪਿਛੋਂ ਦਾ ਹੀ ਹੈ, ਜਿਸ ਵਿਚ ਆਪਣੀ ਜ਼ਾਤ ਲੁਕਾਣ ਦੇ ਕਾਰਨ ਬਾਗਲ ਨੂੰ ਪਿੰਡ ਛੱਡਣਾ ਪੈਂਦਾ ਹੈ। ਆਜ਼ਾਦੀ ਪਿਛੋਂ ਜੇਕਰ ਅਸਲ ਵਿਚ ਕੁਝ ਬਦਲਦਾ ਹੈ ਤਾਂ ਸੋਸ਼ਨ ਦਾ ਢੰਗ ਤਰੀਕਾ, ਜੋ ਪਹਿਲਾਂ ਨਾਲੋਂ ਮਹੀਨ ਹੋ ਗਿਆ ਹੈ। ਸ਼ਕਤੀ ਤੇ ਸੱਤਾ ਦੇ ਨਵੇਂ ਸਮੀਕਰਨ ਵੀ ਨਵੇਂ ਚਿਹਰਿਆਂ ਦੇ ਨਾਲ ਬਣੇ ਹਨ। ਕਮਜ਼ੋਰਾਂ ਦਾ ਰੋਸ ਪਹਿਲਾਂ ਬੇਅਰਥ ਹੁੰਦਾ ਸੀ, ਅੱਜ ਵੀ ਤਿਵੇਂ ਹੀ ਬੇਅਰਥ ਹੈ। ਅਖਬਾਰਾਂ ਦੀਆਂ ਸੁਰਖੀਆਂ ਵਿਚ ਆਏ ਦਿਨ ਦਲਿਤਾਂ ਦੀਆਂ ਸਮੂਹਿਕ ਹੱਤਿਆਵਾਂ ਅਤੇ ਇਸਤਰੀ ਦੇ ਸਮੂਹਿਕ ਬਲਾਤਕਾਰ ਦੀਆਂ ਖ਼ਬਰਾਂ ਛਪਦੀਆਂ ਹਨ। ਸਾਡੀ ਚਾਹਨਾਂ ਜੋ ਵੀ ਹੋਵੇ, ਵਾਸਤਵਿਕਤਾ ਇਹੋ ਹੈ। ਕਿੰਨਾ ਵੀ ਰੋਹ, ਕਰੋਧ, ਨਫ਼ਰਤ, ਜਾਂ ਬਗਾਵਤ ਦੇ ਭਾਵ ਮਨ ਵਿਚ ਹੋਣ, ਅਸੀਂ ਇਸ ਵਾਸਤਵਿਕਤਾ ਨੂੰ ਬਦਲਨ ਦੇ ਸਮੱਰਥ ਨਹੀਂ ਹਾਂ। ਇਸ ਨੂੰ 'ਦਇਆ ਪਵਾਰ', 'ਬਾਬੂ ਰਾਓ ਬਾਗੁਲ', 'ਲਛਮਣ ਮਾਨੇ' ਜਾਂ 'ਓਮ ਪ੍ਰਕਾਸ਼ ਬਾਲਮੀਕ', ਕੋਈ ਨਹੀਂ ਬਦਲ ਸਕੇ।

ਅਸਲ ਵਿਚ ਯਥਾਰਥ ਦੀ ਹਾਲਤ, ਰੋਹ, ਨਫਰਤ, ਵਿਦਰੋਹ ਅਤੇ ਕਰੋਧ ਦੇ ਮਨੁੱਖੀ ਭਾਵਾਂ ਨਾਲ ਬਦਲੀ ਵੀ ਨਹੀਂ ਜਾ ਸਕਦੀ। ਵੱਡੀ ਤੋਂ ਵੱਡੀ ਮਨੁੱਖੀ ਸ਼ੁਭ-ਇਛਾ ਜਾਂ ਚਾਹਤ ਵੀ ਉਸ ਨੂੰ ਉਹਨਾਂ ਸ਼ਕਤੀਆਂ ਦੀ ਅਗਵਾਈ ਵਿਚ ਅਮਲ ਦੀ ਪੱਧਰ ਉੱਤੇ ਲਿਆਉਣ ਨਾਲ, ਜੋ ਸਮਾਜ ਅਤੇ ਉਸ ਦੇ ਯਥਾਰਥ ਨੂੰ, ਬਦਲਣ ਵਾਲੀਆਂ ਵਾਸਤਵਿਕ ਸ਼ਕਤੀਆਂ ਹਨ। ਰਚਨਾਕਾਰ ਜਾਂ ਉਸ ਦੀ ਰਚਨਾ ਸਮਾਜ ਅਤੇ ਉਸ ਦੇ ਯਥਾਰਥ ਦੇ ਬੁਨਿਆਦੀ ਰੁਪਾਂਤਰਣ ਵਿਚ ਇਸ ਹੱਦ ਤੱਕ ਮਦਦ ਗਾਰ ਬਣ ਸਕਦੇ ਹਨ ਕਿ ਸਮਾਜ ਅਤੇ ਉਸ ਦੇ ਯਥਾਰਥ ਨੂੰ ਬਦਲਣ ਵਾਲੀਆਂ ਸ਼ਕਤੀਆਂ ਦੇ ਸਾਹਮਣੇ ਉਸ ਯਥਾਰਥ ਨੂੰ ਪੂਰੀ ਪ੍ਰਮਾਣਿਕਤਾ ਤੇ ਸਮੁੱਚਤਾ ਵਿਚ ਪੇਸ਼ ਕੀਤਿਆਂ ਰਚਨਾਕਾਰ ਦੀਆਂ ਮਨੋਕਾਮਨਾਵਾਂ ਜਾਂ ਮਨੁੱਖਤਾ ਦਾ ਤਕਾਜ਼ਾ ਜੋ ਵੀ ਹੋਵੇ, ਰਚਨਾਕਾਰ ਦੇ ਲਈ ਉਸ ਯਥਾਰਥ ਦੇ ਸੰਬੰਧੀ ਨਿਸ਼ਠਾਵਾਨ ਬਣੇ ਰਹਿਣਾ ਜ਼ਰੂਰੀ ਹੈ। ਅਜਿਹਾ ਨਾ ਕਰਕੇ, ਯਥਾਰਥ ਦੇ ਆਪਣੇ ਮਨ ਵਿਚਲੇ ਰੂਪ ਨੂੰ ਅੱਗੇ ਕਰ ਕੇ ਉਹ ਸਮਾਜਿਕ ਰੁਪਾਂਤਰਣ ਦੇ ਲਈ ਸੰਘਰਸ਼ੀ ਸ਼ਕਤੀਆਂ ਨੂੰ

ਮਦਦ ਦੇਣ ਦੀ ਥਾਂ, ਗੁਮਰਾਹ ਹੀ ਕਰਗਾ।

"ਰੰਗ-ਭੂਮੀ" ਜਾਂ "ਧਰਤੀ ਧਨ ਨਾ ਆਪਣਾ" ਦੀ ਸਾਰੀ ਕਥਾ, ਸਾਰੀਆਂ ਸਥਿਤੀਆਂ, ਸਾਰੇ ਪਾਤਰ ਪ੍ਰੇਮ ਚੰਦ ਜਾਂ ਜਗਦੀਸ਼ ਚੰਦਰ ਦੇ ਹੀ ਰਚੇ-ਸਿਰਜੇ ਤਾਂ ਸੀ। ਉਹ ਚਾਹੁੰਦੇ ਤਾਂ ਕਥਾ ਵਿਚ ਜ਼ਰਾ ਕੁ ਮੋੜ ਲਿਆ ਕੇ ਆਸਾਨੀ ਨਾਲ ਸੂਰਦਾਸ ਨੂੰ ਉਸ ਦੀ ਜ਼ਮੀਨ, ਹੋਰੀ ਨੂੰ ਗਾਂ ਜਾਂ ਕਾਲੀ ਨੂੰ ਉਸ ਦਾ ਘਰ ਬਾਰ, ਉਸ ਦਾ ਪ੍ਰੇਮ ਦੁਆ ਸਕਦੇ ਸਨ, ਪ੍ਰੰਤੂ ਯਥਾਰਥ ਦੇ ਪ੍ਰਤੀ ਨਿਸ਼ਠਾਵਾਨ ਇਹ ਲੇਖਕ ਜਾਣਦੇ ਸੀ ਕਿ ਨਾਵਲ ਦੇ ਸੂਰਦਾਸ, ਹੋਰੀਂ ਜਾਂ ਕਾਲੀ ਨੂੰ ਉਹ ਆਪਣੇ ਸੰਘਰਸ਼ਾਂ ਵਿਚ ਭਾਵੇਂ ਜੇਤੂ ਦਿਖਾ ਦੇਣ, ਵਾਸਤਵਿਕ ਜੀਵਨ ਵਿਚ ਸੂਰਦਾਸ, ਹੋਰੀ ਜਾਂ ਕਾਲੀ ਅਜੇ ਆਪਣਾ ਬਣਦਾ ਹਿੱਸਾ ਪ੍ਰਾਪਤ ਕਰਨ ਦੇ ਸਮਰੱਥ ਨਹੀਂ ਹਨ। ਇਹਨਾਂ ਲੇਖਕਾਂ ਦੀ ਆਪਣੀ ਮਾਨਵੀ-ਸੰਵੇਦਨਾ ਜੋ ਵੀ ਹੋਵੇ, ਇਹਨਾਂ ਦੀਆਂ ਇਛਾਵਾਂ ਜੋ ਵੀ ਹੋਣ, ਰਚਨਾ ਦੇ ਪੱਧਰ ਉਤੇ ਜੋ ਕੁਝ ਸਾਹਮਣੇ ਆਇਆ ਹੈ, ਉਹ ਅੱਜ ਦੀ ਜ਼ਿੰਦਗੀ ਦਾ ਸੱਚ ਉਸ ਦਾ ਯਥਾਰਥ ਹੀ ਹੈ। ਆਪਣੇ ਪਾਤਰਾਂ ਨੂੰ ਜੇਤੂ ਦਿਖਾ ਕੇ ਸਾਨੂੰ ਨਸ਼ਿਆਉਣ ਦੀ ਥਾਂ ਉਹ ਸਾਨੂੰ ਪ੍ਰੇਸ਼ਾਨ, ਹੈਰਾਨ ਅਤੇ ਦੁਖੀ ਕਰਦੇ ਹਨ। ਸਾਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ। ਮਨ ਦੀਆਂ ਇਛਾਵਾਂ ਉੱਤੇ ਇਹ ਯਥਾਰਥ ਦੀ ਜਿੱਤ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੇ ਚੌਥੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅੰਮ੍ਰਿਤ ਡਾਂਗੇ ਨੇ ਲੇਖਕਾਂ ਨੂੰ ਆਖਿਆ ਸੀ ਜਨਤਾ ਦੀਆਂ ਪ੍ਰਵਿਰਤੀਆਂ ਦੇ ਅਨੁਰੂਪ ਆਪਣੀ ਕਲਪਨਾ ਬਦਲੋ, ਆਪਣੀਆਂ ਪ੍ਰਵਿਰਤੀਆਂ ਦੇ ਅਨੁਰੂਪ ਕਾਲਪਨਿਕ ਜਨਤਾ ਨਾ ਘੜੋ। ਯਥਾਰਥ ਨਿਸ਼ਠ ਲੇਖਕਾਂ ਦੇ ਲਈ ਇਹ ਇਕ ਮੰਤਰ ਹੈ, ਜਿਸ ਨੂੰ ਲੜ ਬੰਨ੍ਹ ਲੈਣਾ ਚਾਹੀਦਾ ਹੈ।

ਸਾਡਾ ਇਰਾਦਾ ਇਥੇ ਪ੍ਰੇਮ ਚੰਦ, ਜਗਦੀਸ਼ ਚੰਦਰ ਜਾਂ ਕਿਸੇ ਵੀ ਲੇਖਕ ਦੇ ਲਈ ਕੋਈ "ਡੀਫੈਂਸ" ਪੇਸ਼ ਕਰਨ ਦਾ ਨਹੀਂ ਹੈ। ਇਹ ਸਚਾਈ ਹੈ ਕਿ ਸਾਡੇ ਲੇਖਕ, ਉਹ ਕੋਈ ਵੀ ਹੋਣ, ਬਹੁਤੇ ਮੱਧਵਰਗ ਵਿਚੋਂ ਹੁੰਦੇ ਹਨ। ਵਰਗੀ ਸੀਮਾਵਾਂ ਤੋਂ ਬਿਨਾਂ, ਅਨੇਕਾਂ ਸਦੀਆਂ ਦਾ ਬੋਝ ਵੀ ਉਹਨਾਂ ਦੇ ਮਨ ਤੇ ਰਹਿੰਦਾ ਹੈ। ਆਪਣੇ ਜੀਵਨ ਵਿਚ ਆਪਣੇ ਅਨੁਭਵਾਂ ਤੇ ਹੋਰਨਾਂ ਮਾਧਿਅਮਾਂ ਤੋਂ ਜਿਸ ਸਮਝਦਾਰੀ ਨੂੰ ਉਹ ਇਕੱਠਾ ਕਰਦੇ ਹਨ, ਉਸ ਸਮਝਦਾਰੀ ਅਤੇ ਇਹਨਾਂ ਸੰਸਕਾਰਾਂ ਦੇ ਵਿਚਕਾਰ ਜੀਵਨ ਭਰ ਸੰਘਰਸ਼ ਚਲਦਾ ਰਹਿੰਦਾ ਹੈ। ਆਪਣੀ ਸਮਝ ਨਾਲ ਉਹ ਸੰਸਕਾਰਾਂ ਦੀ ਜਕੜਬੰਦੀ ਨੂੰ ਤੋੜਦੇ ਹਨ, ਪ੍ਰੰਤੂ ਸਦੀਆਂ ਦੇ ਬਣੇ ਸੰਸਕਾਰ, ਪੂਰੀ ਤਰ੍ਹਾਂ, ਅੰਤ ਤੱਕ ਜੜ੍ਹੋਂ ਨਹੀਂ ਪੁੱਟੇ ਜਾ ਸਕਦੇ। ਸੀਮਾਵਾਂ ਅਸੀਂ ਦੇਖ ਲੈਂਦੇ ਹਾਂ ਉਸ ਸੰਘਰਸ਼ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਾਂ, ਜਿਸ ਵਿਚ ਈਮਾਨਦਾਰ ਅਤੇ ਨਿਸ਼ਠਾਵਾਨ ਲੇਖਕ ਜੀਵਨ ਆਖ਼ਰੀ ਸਾਹ ਤੱਕ ਜੁੱਟਿਆ ਰਹਿ ਕੇ, ਹਰ ਨਵੇਂ ਕਦਮ, ਨਵਾਂ ਤੇ ਜਵਾਨ ਬਣ ਕੇ ਉਭਰਦਾ ਹੈ।

ਦਲਿਤ ਲੇਖਕਾਂ ਦੁਆਰਾ ਗ਼ੈਰ-ਦਲਿਤ ਲੇਖਕਾਂ ਦੀਆਂ ਜਿਨ੍ਹਾਂ ਸਾਰੀਆਂ ਘਾਟਾਂ ਤੇ ਸੀਮਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਬਹੁਤਿਆਂ ਵਿਚ ਉਹਨਾਂ ਦੀ ਇਹੋ ਸਥਿਤੀ ਹੈ, ਜੋ ਸੁਭਾਵਿਕ ਹੈ। ਪ੍ਰੇਮ ਚੰਦ ਵਰਗੇ ਵੱਡੇ ਲੇਖਕਾਂ ਦੀ ਵੀ ਆਪਣੀ ਦ੍ਰਿਸ਼ਟੀ ਤੇ ਰਚਨਾ ਦੀ ਸੀਮਾਂ ਹੈ, ਜਿਸ ਉਪਰ ਲੰਮੇ ਸਮੇਂ ਤੋਂ ਚਰਚਾ ਹੁੰਦੀ ਆ ਰਹੀ ਹੈ। ਵੱਡੇ ਤੋਂ ਵੱਡੇ ਲੇਖਕ ਦੀ ਵੀ ਹਰ ਰਚਨਾ ਪੂਰਨ ਅਤੇ ਨਿਰਦੋਸ਼ ਨਹੀਂ ਹੁੰਦੀ। ਅਸੀਂ ਉਹਨਾਂ ਨੂੰ ਉਥੇ ਤੀਕ ਹੀ ਪ੍ਰਵਾਨ ਕਰਦੇ ਹਾਂ ਜਿਥੇ ਤੀਕ ਉਹ ਰਚਨਾ ਵਿਚਾਰ ਦੀਆਂ ਪ੍ਰਵਾਣਤ ਕਸੌਟੀਆਂ ਤੇ ਖਰੇ ਉਤਰਦੇ ਹਨ। ਲੈਨਿਨ ਨੇ ਟਾਲਸਟਾਏ ਨੂੰ ਪੂਰਨ ਤੌਰ ਤੇ ਕਦੇ ਪ੍ਰਵਾਨ ਨਹੀਂ ਕੀਤਾ, ਪਰ



ਜਿਥੇ ਅਤੇ ਜਿੰਨੀ ਦੂਰ ਤੱਕ ਉਹ ਆਪਣੀ ਵਰਗੀ ਸੀਮਾਂ ਉਲੰਘ ਕੇ, ਵਿਸ਼ਾਲ ਮਨੁੱਖਤਾ ਦੇ ਪੱਖ ਵਿਚ ਖਲੋਂਦਾ ਹੈ, ਉਹਨਾਂ ਨੇ ਟਾਲਸਟਾਏ ਨੂੰ ਮਨੁੱਖਤਾ ਦਾ ਲੇਖਕ ਕਿਹਾ। ਇਸ ਨੁਕਤੇ ਉੱਤੇ ਸੀਮਾਂ ਤੇ ਰਹਿੰਦਿਆਂ ਵੀ ਜੇ ਕੋਈ ਰਚਨਾਕਾਰ, ਗ਼ੈਰ ਦਲਿਤ ਰਚਨਾਕਾਰ ਵਰਗ-ਵਰਣ ਦੀ ਸੀਮਾਂ ਨੂੰ ਟੱਪਦਾ ਹੋਇਆ ਮਨੁੱਖਤਾ ਦੀ ਏਕਤਾ, ਸਮਾਜਕ ਨਿਆਂ ਜਾਂ ਵਧੀਆ ਮਨੁੱਖੀ ਭਵਿੱਖ ਦੇ ਪੱਖ ਵਿਚ ਖਲੋਂਦਾ ਹੈ, ਜਿਥੋਂ ਤੱਕ ਉਹ ਇਹਨਾਂ ਉਦੇਸ਼ਾਂ ਦੇ ਲਈ ਸਮਰਪਿਤ ਹੈ, ਨਿਸ਼ਠਾਵਾਨ ਹੈ, ਉਥੋਂ ਤੱਕ ਉਸਨੂੰ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ।

ਵਰਣ ਵਿਵਸਥਾ, ਊਚ-ਨੀਚ ਦਾ ਭੇਦ-ਭਾਵ ਭਾਰਤੀ ਸਮਾਜਿਕ ਤਾਣੇ ਬਾਣੇ ਦੀ ਉਹ ਜ਼ਹਿਰ ਹੈ ਜੋ ਲਗਾਤਾਰ ਰੁਨ੍ਹਦੀ ਰਹੀ ਹੈ। ਜਿਸ ਨੂੰ ਹਿੰਦੂ ਸਮਾਜ ਕਹਿੰਦੇ ਹਨ, ਉਸ ਨੂੰ ਤਾਂ ਆਪਣੀ ਜਕੜਬੰਦੀ ਵਿਚ ਉਹ ਸਦੀਆਂ, ਹਜ਼ਾਰਾਂ ਸਦੀਆਂ ਤੋਂ ਜਕੜਿਆ ਹੋਇਆ ਹੈ। ਉਸ ਨੇ ਉਹਨਾਂ ਧਰਮਾਂ ਨੂੰ ਵੀ ਨਹੀਂ ਛੱਡਿਆ ਜੋ ਬਾਹਰੋਂ ਭਾਰਤ ਵਿਚ ਆਏ ਅਤੇ ਮਨੁੱਖ ਦੀ ਬਰਾਬਰਤਾ ਦੀ ਗੱਲ ਕਰਦੇ ਹਨ। ਇਸਲਾਮ ਅਤੇ ਈਸਾਈਅਤ ਵਿਚ ਵੀ ਅੱਜ ਊਚ-ਨੀਚ ਦੀਆਂ ਗੱਲਾਂ ਉੱਠ ਰਹੀਆਂ ਹਨ। ਭਾਰਤ ਵਿਚ ਇਸਲਾਮ ਜਾਂ ਈਸਾਈਅਤ ਉਹ ਨਹੀਂ ਹਨ ਜਿਹੋ ਜਿਹੇ ਉਹ ਆਪਣੇ ਜਨਮ ਸਥਾਨਾਂ ਵਿਚ ਹੋਣਗੇ। ਵਰਣ-ਵਿਵਸਥਾ ਦੇ ਅਤਿਆਚਾਰਾਂ ਨੂੰ ਸਹਿਣ ਵਾਲੇ ਸਾਡੇ ਦਲਿਤ ਭਾਈਚਾਰੇ ਵੀ ਉਸ ਦੀ ਲਪੇਟ ਵਿਚ ਆਏ ਹਨ। ਸੂਰਜ ਭਾਨ ਚੌਹਾਨ ਦੀ ਆਤਮਕਥਾ ਦੇ ਜੋ ਅੰਸ਼ 'ਕਲ ਦੇ ਲਈ' ਵਿਚ ਪ੍ਰਕਾਸ਼ਤ ਹੋਏ ਹਨ, ਇਸ ਜ਼ਹਿਰ ਦੇ ਹੱਲੇ ਦੇ ਬਾਰੇ ਸਾਨੂੰ ਸੁਚੇਤ ਕਰਦੇ ਹਨ। ਅਸੀਂ ਆਖ ਆਏ ਹਾਂ ਕਿ ਸਮਾਜ ਦਾ ਬੁਨਿਆਦੀ ਰੁਪਾਂਤਰਣ, ਸਾਡੀ ਇੱਛਾ ਦੇ ਅਨੁਰੂਪ ਇਕ ਦਿਨ ਵਿਚ ਨਹੀਂ ਹੋਣ ਵਾਲਾ। ਲੰਬੇ ਆਤਮ ਸੰਘਰਸ਼ ਤੇ ਉਸ ਤੋਂ ਵੀ ਲੰਬੇ ਬਾਹਰਲੇ ਸੰਘਰਸ਼ ਦੇ ਪਿਛੋਂ ਹੀ ਸੰਭਵ ਹੈ, ਇਉਂ ਸਾਡੀ ਇੱਛਾ ਰੰਗ ਲਿਆਏਗੀ।

ਇਕ ਪਾਸੇ ਸਮਾਜ ਦੀ ਬੁਨਿਆਦੀ ਤਬਦੀਲੀ ਦੇ ਲਈ ਜੁਝਾਰੂ ਸ਼ਕਤੀਆਂ ਹਨ। ਦੂਜੇ ਪਾਸੇ ਉਸ ਨਾਲ ਟਕਰਾਉਣ ਵਾਲੀ ਪ੍ਰੰਪਰਾਗਤ ਰੂੜ੍ਹੀਵਾਦੀ ਮਾਨਸਿਕਤਾ ਅਤੇ ਉਸ ਨੂੰ ਪਾਲਣ ਵਾਲੀਆਂ ਸ਼ਕਤੀਆਂ ਹਨ। ਸੱਤਾ ਅਤੇ ਵਿਵਸਥਾ ਦੇ ਮਾਲਕ ਹਨ ਜੋ ਸਭ ਕੁਝ ਨੂੰ ਜਿਉਂ ਦੀ ਤਿਉਂ ਰੱਖਣਾ ਚਾਹੁੰਦੇ ਹਨ। ਉਹਨਾਂ ਦੀ ਕਥਣੀ ਅਤੇ ਕਰਨੀ ਤੋਂ ਅਸੀਂ ਭਲੀ ਭਾਂਤ ਜਾਣੂ ਹਾਂ। ਸਮਾਜ ਦੀ ਬੁਨਿਆਦੀ ਤਬਦੀਲੀ ਦਾ ਸਵਾਲ ਆਸਾਨ ਨਹੀਂ ਹੈ। ਬੜੇ ਧੀਰਜ, ਬੜੀ ਸਮਝਦਾਰੀ ਦੇ ਨਾਲ, ਇਕ ਜੁੱਟ ਹੋ ਕੇ ਅੱਗੇ ਵਧਣ ਦੀ ਲੋੜ ਹੈ। ਦਲਿਤ ਸਾਥੀਆਂ ਦੀਆਂ ਇਛਾਵਾਂ ਦਾ ਸਮਾਜ ਬਣੇ, ਅਸੀਂ ਵੀ ਇਹੋ ਚਾਹੁੰਦੇ ਹਾਂ ਪ੍ਰੰਤੂ ਅਜਿਹਾ ਤਦ ਹੀ ਹੋਵੇਗਾ ਜਦੋਂ ਸਮਾਜ ਦੀ ਬੁਨਿਆਦੀ ਤਬਦੀਲੀ ਦੀ ਇੱਛਾ ਰੱਖਣ ਵਾਲੀਆਂ ਸ਼ਕਤੀਆਂ ਵਿਚ ਆਪਸੀ ਤਾਲ ਮੇਲ ਹੋਵੇ, ਏਕਤਾ ਹੋਵੇ। ਸਮਾਜੀ ਵਿਵਸਥਾ ਇੰਨੀ ਕਰੂਰ, ਸ਼ਕਤੀਸ਼ਾਲੀ ਅਤੇ ਸਮਰੱਥ ਹੈ ਕਿ ਇਕੱਲਿਆਂ ਉਸ ਨਾਲ ਟਕਰਾਇਆ ਨਹੀਂ ਜਾ ਸਕਦਾ। ਲੋੜ ਆਪਸੀ ਵਿਸ਼ਵਾਸ, ਸਦਭਾਵਨਾ ਅਤੇ ਸਹਿਯੋਗ ਦੀ ਹੈ।

ਅਸੀਂ ਆਸ ਰੱਖੀਏ ਕਿ ਆਉਣ ਵਾਲੀ ਸਦੀ ਸਮਾਜਿਕ ਨਿਆਂ ਅਤੇ ਮਾਨਵ ਬਰਾਬਰਤਾ ਦੀ ਸਦੀ ਹੋਵੇਗੀ। ਪ੍ਰੰਤੂ ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਅਸੀਂ ਸਿਰ ਜੋੜ ਕੇ ਸੋਚੀਏ, ਪ੍ਰੰਤੂ ਸੋਚੀਏ ਦੋਸਤਾਨਾ ਢੰਗ ਦੇ ਨਾਲ। ਇਕ ਦੂਜੇ ਤੇ ਵਿਸ਼ਵਾਸ ਕਰਕੇ। ਅਸੀਂ ਇਸ ਤਰ੍ਹਾਂ ਪੈਰੋ ਪੈਰ ਆਪਣੀ ਸਾਂਝੀ ਮੰਜ਼ਿਲ ਦੇ ਲਾਗੇ ਪਹੁੰਚ ਜਾਵਾਂਗੇ। ●

(ਹਿੰਦੀ ਤੋਂ ਅਨੁਵਾਦ—ਸੂਫੀ ਅਮਰਜੀਤ।)

## ਕੁਦਰਤ ਬਨਾਮ ਮਾਨਸ/ਡਾ. ਇੰਦਰ ਕੌਰ

ਮੋਂਹਦਾ ਏ ਬੜਾ
ਸੋਨ-ਸੁਨਹਿਰਾ
ਇਹ
ਸਲੇਟੀ ਨੀਲਾ ਅੰਬਰ
ਅਤੇ
ਕਰਦੇ ਸੈਨਤਾਂ
ਮਾਰ ਕੇ ਉਡਾਰੀ
ਕਬੂਤਰਾਂ ਦੀ ਡਾਰ-ਸੰਗ
ਉੱਪਰ ਆਉਣ ਲਈ।

ਘੋਲਦੀਆਂ ਅੰਮ੍ਰਿਤ-ਰਸ
ਫ਼ਿਜ਼ਾ 'ਚ
ਕੋਇਲ-ਬੁਲਬੁਲ
ਰੁੱਝੀਆਂ
ਜੀਵਨ-ਰਸ-ਸੰਚਾਰ 'ਚ।

'ਜੀ ਆਇਆਂ', ਕਹਿ ਰਹੇ
ਵੰਨ-ਸੁਵੰਨੀਆਂ ਖ਼ੁਸ਼ਬੋਆਂ ਤੋਂ
ਪ੍ਰਤੀਮਾਨ ਸੁੰਦਰਤਾ ਦੇ
ਰੰਗ-ਬਰੰਗੇ
ਇਹ ਫੁੱਲ
ਅਤੇ
ਕਾਹਲੇ ਬਹੁਤ ਈ
ਮਿਲਾਉਣ ਲਈ ਹੱਥ
ਪੰਖੜੀਆਂ ਦਵਾਰਾ
ਤਾਂ ਜੋ
ਸਮੋ ਲੈਣ
ਸੰਤਾਪ ਮਨੁੱਖਤਾ ਦੇ
ਕੋਮਲ ਛੋਹਾਂ ਰਾਹੀਂ
ਆਪਣੇ ਵਿਚ।
ਝੂਮਦੀਆਂ ਟਾਹਣੀਆ ਨਾਲ
ਬੁਲਾਉਂਦੇ ਪਏ
ਪਾਉਣ ਨੂੰ ਗਲਵੱਕੜੀਆਂ
ਪਿਆਰੇ-ਨਿਆਰੇ
ਇਹ ਰੁੱਖ
ਪੀੜ ਹਿੱਕ ਦੀ
ਵੰਡਾਉਣ ਨੂੰ
ਅਤੇ
ਦੇਣ ਖ਼ਾਤਰ ਸੁਨੇਹਾ
ਧੁੱਪਾਂ ਨਾਲ ਘਾਬਰਿਆਂ ਲਈ
ਠੰਡੀਆਂ ਛਾਵਾਂ ਬਣਨ ਦਾ।

ਬਾਗਾਂ 'ਚ ਨਚਦੇ ਮੋਰ
ਪਰਬਤਾਂ 'ਤੋਂ
ਗਾਉਂਦਿਆਂ
ਥੱਲੇ ਲਹਿੰਦੇ ਝਰਨੇ
ਅਤੇ
ਹੁਲਾਰੇ ਲੈਂਦੀਆਂ
ਸਤਰੰਗੀ ਪੀਂਘ 'ਤੇ
ਕਹਿ ਰਹੀਆਂ
ਹਵਾਵਾਂ
ਬਾਰੰਬਾਰ
ਜੀਵਨ
ਨ੍ਰਿਤ ਏ
ਸੰਗੀਤ ਏ
ਝੂਟਾ ਏ
ਪਰਮਾਨੰਦ ਦਾ
ਵੰਜਾਓ ਨਾ ਇਹਨੂੰ
ਘੋਲ ਕੇ ਜ਼ਹਿਰ
ਚੁਫੇਰ 'ਚ।

ਕੂਲੀ-ਨਿੱਘੀ ਧੁੱਪ ਹੇਮੰਤ ਦੀ
ਸੁਧਾਮਈ ਚਾਨਣੀ ਪੁੰਨਿਆਂ ਦੀ
ਮਦਹੋਸ਼ਕਾਰਕ ਦੱਖਣ ਪਵਨ
ਛੋਹਾ ਸੁਖਾਵੀਆਂ ਨਾਲ
ਬੰਨ੍ਹ ਰਹੇ ਭੂਮਿਕਾਵਾਂ
ਕਲੇਸ਼-ਹਰਣ-ਬਾਬਤ।

ਕੁਦਰਤ ਇਹ
ਕਿੰਨੀ ਮਧੁਰ
ਸੁੰਦਰ
ਅਤਿ ਸੁੰਦਰ
ਉੱਪਰ ਤੋਂ
ਥੱਲੇ ਤੱਕ।

ਨਹਾਤਾ ਇਸ ਦੇ ਰਸ 'ਚ
ਇਹ ਮਨ
ਪੈ ਰਿਹੈ
ਸੋਚਾਂ
ਡੂੰਘੀਆਂ ਵਿਚ।

ਕਿਉਂ ਨਹੀਂ
ਕਰਦਾ ਗ੍ਰਹਿਣ
ਜ਼ਰਾ ਜਿੰਨਾ ਵੀ
ਬੰਦਾ
ਇਸ ਦੌਲਤ ਮੰਦ
ਕੁਦਰਤ ਤੋਂ
ਕਿਉਂ ਇਹ ਇੰਨਾ ਸੱਖਣਾ
ਉਸਾਰੂ ਕਦਰਾਂ-ਕੀਮਤਾਂ
ਤੋਂ
ਭਾਵੇਂ ਕਿ
ਮਾਰੀਆਂ ਮੱਲਾਂ
ਇੱਕ ਪਾਸੇ
ਪੁੱਜ ਲਹਿਰਾ ਕੇ
ਚੰਨ 'ਤੇ ਵੀ!

ਬੇਗੁਨਾਹ ਘਰਾਂ 'ਤੇ
ਲਗਵਾਉਂਦਾ ਕਰਾਸ
ਗਸਟਾਪੂਆਂ ਤੋਂ
ਘੱਟ ਕੇ ਕੀ
ਲੈ ਗਿਆ ਹਿਟਲਰ।

ਹੁੰਦਾ ਨਹੀਂ ਕਦੀ
ਕਿਧਰੇ ਵੀ
ਅਮਨ
ਘਰ ਜਾਂ
ਬਾਹਰ ਜੰਗ ਪਿਛੋਂ
ਹੁੰਦੀਆਂ ਸਦਾ ਤਿਆਰੀਆਂ
ਜੰਗ ਅਗਲੀ ਲਈ।

(V/1591 ਮੋਹਾਲੀ, ਰੋਪੜ) ●





## ਮਿਹਨਤਕਸ਼ਾਂ ਦਾ ਪਾਰ-ਰਾਸ਼ਟਰੀ ਸੰਦਰਭ:
## ਵੀਹਾਂ ਦਾ ਨੋਟ/ਡਾ. ਸੁਖਪਾਲ ਸਿੰਘ ਥਿੰਦ

ਪਰਵਾਸੀ ਪੰਜਾਬੀ ਕਹਾਣੀ ਨੇ ਨਿਰੰਤਰ ਆਪਣੀ ਰਚਨਾ-ਪ੍ਰਕਿਰਿਆ ਨੂੰ ਵਿਸਤਾਰਦੇ ਹੋਏ ਆਪਣੀ ਸੰਰਚਨਾ ਵਿਚ ਬਹੁਤ ਸਾਰੇ ਅਛੋਹ ਮਨੁੱਖੀ ਪਸਾਰਾਂ ਨੂੰ ਸਮਾਉਣ ਦਾ ਯਤਨ ਕੀਤਾ ਹੈ। ਪਰਵਾਸ ਹੰਢਾ ਰਹੇ ਪਰਵਾਸੀ ਪੰਜਾਬੀ ਮਨੁੱਖ ਦੇ ਪੱਛਮੀ ਰਹਿਤਲ ਵਿਚ ਪਨਪਦੇ ਅਸਤਿਤਵੀ ਸਰਕਾਰਾਂ ਨਾਲ ਦੋ ਚਾਰ ਹੁੰਦੀ ਪਰਵਾਸੀ ਕਹਾਣੀ ਅੱਜ ਆਪਣੇ ਅੰਦਰੂਨੀ ਪਾਸਾਰ ਵਿਚ ਪੱਛਮੀ ਮਨੁੱਖ ਦੇ ਹੋਂਦ ਮੂਲਕ ਮਸਲਿਆਂ ਨੂੰ ਵੀ ਆਪਣੇ ਕਲੇਵਰ ਵਿਚ ਸਮੇਟਣ ਲਈ ਯਤਨਸ਼ੀਲ ਜਾਪਦੀ ਹੈ। ਅੱਜ ਪੰਜਾਬੀ ਕਥਾ-ਸਿਰਜਕ ਦਾ ਰੁੱਖ ਭਾਵਨਾਤਮਿਕ ਭੂ-ਹੇਰਵੇ ਦੇ ਤਰਲ ਵੇਰਵਿਆਂ ਵਿਚ ਵਹਿ ਜਾਣ ਦਾ ਨਹੀਂ ਰਿਹਾ। ਉਹ ਆਪਣੀ ਬਿਰਤਾਂਤਕ ਪ੍ਰਕਿਰਿਆ ਵਿਚ ਉਨ੍ਹਾਂ ਪਸਾਰਾਂ ਅਤੇ ਵੇਰਵਿਆਂ ਨੂੰ ਨਿਰੰਤਰ ਸ਼ਾਮਿਲ ਕਰ ਰਿਹਾ ਹੈ ਜੋ ਉਸ ਦੀ ਸੰਵੇਦਨਾ ਵਿਚ ਪੰਜਾਬ ਵਾਪਸ ਮੁੜਨ ਦੀ ਭ੍ਰਾਂਤੀ ਦੇ ਟੁੱਟਣ ਉਪਰੰਤ ਪੈਦਾ ਹੋਏ ਹਨ। ਇਸ ਭ੍ਰਾਂਤੀ ਦੇ ਟੁੱਟਣ ਉਪਰੰਤ ਹੀ ਪੱਛਮੀ ਜੀਵਨ ਜਾਚ ਨਾਲ ਪ੍ਰਖ਼ਤਾ ਸੰਵਾਦ ਦੀ ਸਥਿਤੀ ਉਤਪੰਨ ਹੋਈ ਹੈ। ਪੱਛਮੀ ਮਨੁੱਖ ਸਾਡੇ ਬਿਰਤਾਂਤਕਾਰ ਲਈ ਹੁਣ 'ਗੋਰੇ ਸ਼ਾਸਕ' ਦੀ ਭ੍ਰਾਂਤੀਪੂਰਨ ਮਿੱਥ ਸਿਰਜਨਾ ਤੋਂ ਅਗੇਰੇ ਆਪਣੇ ਅਸਤਿਤਵੀ ਸਰੋਕਾਰਾਂ ਸਮੇਤ ਸਿਰਜਣ ਪ੍ਰਕਿਰਿਆ ਦਾ ਅੰਗ ਬਣਨਾ ਸ਼ੁਰੂ ਹੋਇਆ ਹੈ। ਅਮਰੀਕਾ, ਕਨੇਡਾ ਵਿਚ ਰਹਿ ਰਹੇ ਪਰਵਾਸੀ ਪੰਜਾਬੀ ਕਥਾਕਾਰਾਂ ਵਿਚ ਇਨ੍ਹਾਂ ਦੇਸ਼ਾਂ ਦੇ ਇੰਗਲੈਂਡ ਦੇ ਮੁਕਾਬਲਤਨ ਜ਼ਿਆਦਾ ਖੁੱਲ੍ਹੇ ਵਿਧਾਨਕ ਚਰਿਤਰ ਕਾਰਨ ਇਹ ਪਰਿਪੇਖ ਜ਼ਿਆਦਾ ਗਹਿਰਾਈ, ਗੰਭੀਰਤਾ ਅਤੇ ਬਾਰੀਕਬੀਨੀ ਵਿਚ ਉਸਰਨਾ ਸ਼ੁਰੂ ਹੋਇਆ ਹੈ। ਇਸ ਤਰ੍ਹਾਂ ਪਰਵਾਸੀ ਪੰਜਾਬੀ ਕਹਾਣੀ ਦਾ ਉਹ ਧਰਾਤਲ ਬਣ ਗਿਆ ਹੈ, ਜਿਸ ਵਿਚ ਇੱਕ ਪਾਸੇ ਪਰਵਾਸੀ ਪੰਜਾਬੀ ਮਨੁੱਖ ਦੇ ਪੱਛਮੀ ਜੀਵਨ ਜਾਚ ਜਿਉਂਦਿਆਂ ਪੈਦਾ ਹੋਏ ਤਨਾਉ, ਭਟਕਾਉ ਅਤੇ ਸੰਘਰਸ਼ ਨੂੰ ਨਿਕਾਸ ਪ੍ਰਾਪਤ ਹੋਇਆ ਹੈ ਅਤੇ ਦੂਜੇ ਪਾਸੇ ਪੱਛਮੀ ਮਨੁੱਖ ਆਪਣੀ ਹੋਂਦ ਦੇ ਵਿਭਿੰਨ ਪਹਿਲੂਆਂ ਅਤੇ ਵੱਖਰੀਆਂ ਅਤੇ ਸਮਾਂਤਰ ਮਾਨਤਾਵਾਂ ਸਮੇਤ ਪੇਸ਼ ਹੋਇਆ ਹੈ। ਇਸ ਦੇ ਨਾਲ ਹੀ ਤੀਜਾ ਪੱਖ ਪਰਵਾਸੀ ਪੰਜਾਬੀਆਂ ਦੀ ਉਥੇ ਹੀ ਜੰਮੀਂ ਪਲੀ ਤੇ ਜੁਆਨ ਹੋਈ ਪੀੜ੍ਹੀ ਦੇ ਪਰਿਪੇਖ ਵਿਚ ਉਸਰਦੇ ਸੰਕਟਾਂ, ਮਨੋਕਲੇਸ਼ਾਂ ਅਤੇ ਮਨੋਉਲਝਣਾਂ ਦੀ ਬਿਰਤਾਂਤ ਕਾਰੀ ਦੁਆਲੇ ਘੁੰਮਦਾ ਹੈ। ਇਸ ਤਰ੍ਹਾਂ ਪਰਵਾਸੀ ਕਥਾਕਾਰ ਅੱਗੇ ਉਸਰਦੀ ਸਪੇਸ ਵਿਚ ਵਿਸ਼ਵੀਕਰਣ ਜਿਹੇ ਮਸਲਿਆਂ ਦੇ ਸੰਦਰਭ ਅਤੇ ਦਬਾਅ ਵਿਚ ਅਜਿਹੀ ਬਿਰਤਾਂਤਕਾਰੀ ਲਈ ਜਰਖ਼ੇਜ਼ ਜ਼ਮੀਨ ਤਿਆਰ ਹੋਣੀ ਸ਼ੁਰੂ ਹੁੰਦੀ ਹੈ। ਜਿਸ ਵਿਚ ਵਿਭਿੰਨ ਮਨੌਤਾਂ, ਸਭਿਆਚਾਰਾਂ ਅਤੇ ਭੂਖੰਡਾਂ ਦੇ ਲੋਕਾਂ ਦੇ ਇਕ ਸਪੇਸ ਵਿਚ ਵਿਚਰਨ ਕਾਰਣ ਪੈਦਾ ਹੁੰਦੇ ਆਂਤਰਿਕ ਅਤੇ ਪਾਰ-ਸਭਿਆਚਾਰਕ ਮਸਲਿਆਂ ਨੂੰ ਸਿਰਜਣ ਪ੍ਰਕਿਰਿਆ ਵਿਚ ਢਾਲਣ ਦਾ ਸਬੱਬ ਬਣਦਾ ਹੈ। ਇਸ ਪ੍ਰਸੰਗ ਵਿਚ ਹੀ ਆਪਣੀ-ਆਪਣੀ ਭਾਸ਼ਾਈ, ਸਭਿਆਚਾਰਕ ਵਿਲੱਖਣਤਾ ਅਤੇ ਸਹਿਹੋਂਦ ਦੇ

ਬਿੰਦੂਆਂ ਤੋਂ ਉਰਜਾ ਪ੍ਰਾਪਤ ਕਰਦੀ ਮਾਨਵੀ ਹਸਤੀ ਆਪਣੇ ਜਾਤੀ ਅਤੇ ਜਮਾਤੀ ਸਰੋਕਾਰਾਂ ਨਾਲ ਜੁੜਦੀ ਹੈ। ਇਸ ਤਰ੍ਹਾਂ ਪਰਵਾਸੀ ਪੰਜਾਬੀ ਕਹਾਣੀ ਵਿਚ ਅਜਿਹੀ ਸਭਿਆਚਾਰਕ ਸਪੇਸ ਬਣਨੀ ਸ਼ੁਰੂ ਹੁੰਦੀ ਹੈ। ਜਿਸ ਵਿਚ ਪਾਰ-ਰਾਸ਼ਟਰੀ ਸਥਿਤੀ ਵਿਚ ਮਨੁੱਖ ਆਪਣੇ ਜਮਾਤੀ ਸਰੋਕਾਰਾਂ ਕਾਰਣ ਪਾਰ-ਰਾਸ਼ਟਰੀ ਸੰਦਰਭ ਵਿਚ ਜੁੜਨੇ ਟੁੱਟਣੇ ਸ਼ੁਰੂ ਹੁੰਦੇ ਹਨ।

ਅਮਨਪਾਲ ਸਾਰਾ ਆਪਣੇ ਕਹਾਣੀ ਸੰਗ੍ਰਹਿ 'ਵੀਹਾਂ ਦਾ ਨੋਟ' ਰਾਹੀਂ ਅਜਿਹੇ ਸੰਦਰਭ ਨੂੰ ਜਗਾਉਣ ਮਘਾਉਣ ਵਾਲਾ ਮਹੱਤਵਪੂਰਨ ਕਥਾਕਾਰ ਬਣਦਾ ਹੈ। ਪ੍ਰਵਾਸ ਅਨੁਭਵ ਦੇ ਵੱਖਰੇ-ਵੱਖਰੇ ਪਸਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਇਹ ਕਥਾ ਪੁਸਤਕ 'ਸਾਰਾ' ਨੂੰ ਇੱਕ ਪ੍ਰਪੱਕ ਤੇ ਸੂਖਮ ਕਹਾਣੀਕਾਰ ਵਜੋਂ ਸਥਾਪਤ ਕਰਨ ਦੇ ਸਮਰੱਥ ਹੈ। ਸੱਤ ਕਹਾਣੀਆਂ ਦੇ ਆਰ-ਪਾਰ ਫੈਲਦੀ 'ਸਾਰਾ' ਦੀ ਕਹਾਣੀ ਕਲਾ ਇਸ ਪੁਸਤਕ ਵਿਚ ਆਪਣੀ ਗਹਿਰਾਈ ਗੰਭੀਰਤਾ ਤੇ ਕਲਾਤਮਿਕ ਸੁਹਜ ਕਾਰਨ ਪਾਠਕੀ ਚੇਤਨਾ ਨੂੰ ਹਲੂਣਨ ਦੇ ਨਾਲ-ਨਾਲ ਉਸ ਦੀ ਚੇਤਨਾ ਨੂੰ ਤਿੱਖਿਆਂ ਕਰਨ ਦੇ ਵੀ ਸਮਰੱਥ ਹੈ। 'ਸਾਰਾ' ਦੀਆਂ ਇਨ੍ਹਾਂ ਕਹਾਣੀਆਂ ਦਾ ਕਲਾਤਮਿਕ ਸੁਹਜ ਇਸ ਗੱਲ ਵਿਚ ਹੈ ਕਿ ਇਨ੍ਹਾਂ ਵਿਚਲੇ ਪ੍ਰਵਾਸੀ ਜਾਂ ਮੂਲਵਾਸੀ ਪਾਤਰ ਵੱਖ-ਵੱਖ ਹੋਂਦਾਂ ਦੀ ਬਜਾਇ ਆਪਸੀ ਸਾਂਝ ਅਤੇ ਵਖਰੇਵੇਂ ਦੇ ਜਮਾਤੀ ਸਰੋਕਾਰਾਂ ਅਨੁਸਾਰ ਵਿਹਾਰ ਕਰਦੇ ਹਨ। ਮੂਲਵਾਸੀਆਂ ਦਾ ਆਪਣੇ ਚਰਿੱਤਰ ਦੀਆਂ ਉਚਾਈਆਂ ਅਤੇ ਨਿਵਾਣਾਂ ਨਾਲ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਜਿੱਥੇ ਪ੍ਰਵਾਸੀ ਕਹਾਣੀ ਦੀ ਪ੍ਰਪੱਕਤਾ ਦਾ ਸਬੂਤ ਹੈ, ਉਥੇ ਹੀ ਇਸਦੇ ਅਗਲੇ ਪੜਾਅ ਦੀ ਨਿਸ਼ਾਨਦੇਹੀ ਵੀ ਕਰਵਾਉਂਦਾ ਹੈ। ਪਰਵਾਸੀ ਅਤੇ ਮੂਲਵਾਸੀ ਜਿੱਥੇ ਆਪਣੇ ਜਮਾਤੀ ਸਰੋਕਾਰਾਂ ਅਨੁਸਾਰ ਇੱਕ ਦੂਜੇ ਦੇ ਨੇੜੇ ਆਉਂਦੇ ਜਾਪਦੇ ਹਨ। ਉਥੇ ਹੀ ਉਨ੍ਹਾਂ ਵਿਚਲੇ ਸਭਿਆਚਾਰਕ ਵਖਰੇਵੇਂ ਦੇ ਬਿੰਦੂ ਉਨ੍ਹਾਂ ਨੂੰ ਕਈ ਹਾਲਤਾਂ ਵਿਚ ਇੱਕ ਦੂਜੇ ਪ੍ਰਤਿ ਸੰਦੇਹ ਦੀ ਸਥਿਤੀ ਵਿਚ ਲਿਆ ਕੇ ਵੱਖਰਾ ਖਲਿਆਰ ਦਿੰਦੇ ਹਨ।

ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਵੀਹਾਂ ਦਾ ਨੋਟ' ਵਿਚ 'ਸਾਰਾ' ਸਾਡੀ ਪੰਜਾਬੀ ਮਾਨਸਿਕਤਾ ਨੂੰ ਪ੍ਰਭਾਵਤ ਕਰਨ ਵਾਲੀਆਂ ਦੋ ਧਰਾਵਾਂ ਨੂੰ ਆਪਸੀ ਸੰਵਾਦ ਦੀ ਸ਼ਥਿਤੀ ਵਿਚ ਪਾਉਂਦਾ ਹੈ। ਪਹਿਲੀ ਧਾਰਾ ਗੁਰਬਾਣੀ ਦੀ ਟੇਕ ਤੇ ਉੱਸਰੇ ਸਿੱਖ ਗੁਰੂਆਂ ਦੇ ਫਲਸਫੇ ਤੇ ਅਧਾਰਤ ਮਾਨਸਿਕਤਾ ਦੀ ਹੈ। ਪੰਜਾਬੀ ਮਾਨਸਿਕਤਾ ਨੇ ਇਸ ਫਲਸਫੇ ਦੇ ਅੰਦਰਲੇ ਸਾਰ ਦੀ ਬਜਾਏ ਇਸ ਦੇ ਬਾਹਰੀ ਚਿੰਨ੍ਹਾਤਮਕ ਪਹਿਲੂਆਂ ਨੂੰ ਹੀ ਧਾਰਨ ਕੀਤਾ ਹੈ। ਕਹਾਣੀ ਵਿਚ ਪੇਸ਼ ਹੋਇਆ ਮਾਸਟਰ ਗੁਰਮੁੱਖ ਸਿੰਘ ਇਸ ਦਾ ਪ੍ਰਤਿਨਿਧ ਰੂਪ ਹੈ। ਦੂਜੀ ਧਾਰਾ ਮਾਰਕਸਵਾਦੀ ਫਲਸਫੇ ਦੇ ਅੰਦਰੂਨੀ ਅਤੇ ਬਾਹਰੀ ਵਿਵਹਾਰ ਨਾਲ ਸੰਬੰਧਿਤ ਹੈ। ਮਹਿੰਦਰ ਸਿੰਘ ਆਪਣੇ ਪਰਿਵਾਰਕ ਵਿਰਸੇ ਕਾਰਨ ਅਚੇਤ ਰੂਪ ਵਿਚ ਹੀ ਇਸ ਫਲਸਫੇ ਦੀਆਂ ਕੁਝ ਖੂਬਸੂਰਤੀਆਂ ਆਪਣੇ ਅੰਦਰ ਸਮੋਈ ਬੈਠਾ ਹੈ। ਸਾਰੀ ਕਹਾਣੀ ਦੋਨਾਂ ਪਾਤਰਾਂ ਦੀ ਆਪਸੀ ਸਮਾਜੀ ਵਰਤੋਂ ਵਿਹਾਰ ਦੇ ਬਿੰਦੂਆਂ ਤੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਮਾਸਟਰ ਦੀ ਚੇਤਨਾ ਨਿੱਜੀ ਚਿੰਨ੍ਹਾਤਮਿਕ ਕੱਟੜਤਾ ਤੋਂ ਸਮਾਜੀ ਕੱਟੜਤਾ ਤੇ ਹਠਧਰਮਤਾ ਵੱਲ ਤਬਦੀਲ ਹੁੰਦੀ ਹੈ ਜੋ ਉਸ ਨੂੰ



ਪ੍ਰਵਾਸੀ ਤੇ ਮੂਲਵਾਸੀ ਸਹਿਕਾਮਿਆਂ ਤੋਂ ਦੂਰੀ ਬਣਾਈ ਰੱਖਣ ਲਈ ਉਕਸਾਉਂਦੀ ਹੈ। ਉਹ ਉਨ੍ਹਾਂ ਨਾਲ ਕਿਤੇ ਵੀ ਰੂਹ ਤੱਕ ਭਿੱਜਦਾ ਨਹੀਂ ਹੈ। ਉਥੇ ਹੀ ਮਹਿੰਦਰ ਸਿੰਘ ਦਾ ਵਿਹਾਰ ਸਥਿਤੀਆਂ ਦੇ ਸੰਦਰਭ ਵਿਚ ਬੜਾ ਸਹਿਜ ਜਾਪਦਾ ਹੈ। ਉਸ ਦੀ ਸਖਸ਼ੀਅਤ ਦੇ ਹਨ੍ਹੇਰੇ ਪਹਿਲੂ ਜਿੱਥੇ ਸਥਿਤੀਆਂ ਦੀ ਉਪਜ ਅਤੇ ਲੋਕ ਹਿੱਤ ਦੇ ਪੈਂਤੜੇ ਕਾਰਨ ਉਪਜੇ ਜਾਪਦੇ ਹਨ, ਉਥੇ ਹੀ ਉਸ ਦੀ ਸਖਸ਼ੀਅਤ ਦੇ ਉੱਜਵਲ ਪੱਖਾਂ ਵਿਚ ਪਰਿਵਾਰਕ ਵਿਰਸੇ ਦੀ ਗੌਰਵਤਾ ਦੀਆਂ ਗੂੰਜਾਂ ਹਨ। ਮਾਸਟਰ ਗੁਰਮੁੱਖ ਸਿੰਘ ਦਾ ਵਿਹਾਰ ਨਿੱਜ ਤੋਂ ਨਿੱਜ ਤੱਕ ਸੀਮਿਤ ਹੋਣ ਕਾਰਣ ਅਤੇ ਆਪਣੇ ਦੁਆਲੇ ਉਚੇਚੇ ਬੁਣੇ ਕੱਟੜਤਾ ਦੇ ਦਾਇਰਿਆਂ ਕਾਰਨ ਬੜਾ ਅਸਹਿਜ ਜਾਪਦਾ ਹੈ। ਦੂਜੇ ਪਾਸੇ ਮਹਿੰਦਰ ਸਿੰਘ ਸਮੂਹਿਕ ਸਾਂਝ ਦੀ ਗੁੜ੍ਹਤੀ ਲੈ ਕੇ ਜੰਮਿਆ ਅਚੇਤੇ ਹੀ ਅਜਿਹੇ ਮਾਨਵੀ ਵਿਹਾਰ ਦਾ ਰੂਪ ਪੇਸ਼ ਕਰਦਾ ਹੈ ਜੋ ਦੀਨ-ਦੁਖੀ ਨਿਆਸਰੇ ਤੇ ਲੋੜਵੰਦ ਦੀ ਮਦਦ ਕਰਨ ਵਾਲਾ ਹੈ। ਮਾਸਟਰ ਗੁਰਮੁੱਖ ਸਿੰਘ ਬਾਹਰੀ ਚਿੰਨ੍ਹਾਤਮਿਕ ਖੂਬਸੂਰਤੀ ਤੇ ਕੁਝ ਨਿੱਜੀ ਸਫ਼ਲਤਾ ਦੇ ਬਾਵਜੂਦ ਆਪਣੇ ਬੁਣੇ ਧਾਰਮਿਕ ਪੁਣੇ ਕਾਰਨ ਅੰਤਿਮ ਰੂਪ ਵਿਚ ਅੰਦਰਲੇ ਕੋਹਜ, ਕਪਟ ਤੇ ਗਿਰਾਵਟ ਨਾਲ ਭਰਿਆ ਪਿਆ। ਹੈ ਜਦਕਿ ਮਹਿੰਦਰ ਸਿੰਘ ਬਾਹਰ ਪ੍ਰਗਟ ਕੁਝ ਸ਼ਖਸ਼ੀ ਕਮਜੋਰੀਆਂ ਦੇ ਬਾਵਜੂਦ ਅੰਦਰੋਂ ਮਾਨਵੀ ਖੂਬਸੂਰਤੀ ਨਾਲ ਭਰਿਆ ਪਿਆ ਹੈ। ਇਸ ਤਰ੍ਹਾਂ ਦਾ ਸੰਘਣਾ ਬਿਰਤਾਂਤ ਪ੍ਰਬੰਧ ਉਸਾਰਦੇ ਹੋਏ 'ਸਾਰਾ' ਸਾਡੀ ਸੰਸਕ੍ਰਿਤੀ ਵਿਚਲੇ ਧਰਮ, ਸਦਾਚਾਰ, ਪਾਪ, ਪੁੰਨ, ਦਾਨ, ਸੇਵਾ ਆਦਿ ਦੇ ਮੋਟਿਫਾਂ ਨੂੰ ਨਵੀਂ ਗਤੀਸ਼ੀਲਤਾ ਦਿੰਦੇ ਹੋਏ ਦੋਨਾਂ ਦੇ ਪ੍ਰਸੰਗ ਵਿਚ ਇਨ੍ਹਾਂ ਦੇ ਨਵੇਂ ਅਰਥ ਧਰਾਤਲ ਸਿਰਜ ਜਾਂਦਾ ਹੈ। ਸਦੀਵੀ ਸਥਿਰ ਮੋਟਿਫ਼ਾਂ ਨੂੰ ਨਵੇਂ ਪ੍ਰਸੰਗ ਵਿਚ ਰੂਪਾਂਤਰਣ ਪ੍ਰਕਿਰਿਆ ਵਿਚ ਪਾਉਣਾ ਕਿਸੇ ਵੀ ਬਿਰਤਾਂਤਕਾਰ ਦੀ ਵੱਡੀ ਪ੍ਰਾਪਤੀ ਬਣਦਾ ਹੈ ਅਤੇ 'ਸਾਰਾ' 'ਵੀਹਾਂ ਦੇ ਨੋਟ' ਦੀ ਪ੍ਰਸੰਗ ਵਿਚ ਇਹ ਪ੍ਰਾਪਤੀ ਕਰਦਾ ਹੈ।

'ਸਾਰਾ' ਦੀ ਬਿਰਤਾਂਤਕਾਰੀ ਦੀ ਪ੍ਰਪੱਕਤਾ ਇਸ ਗੱਲ ਵਿਚ ਵੀ ਹੈ ਕਿ ਉਹ ਦੋਨਾਂ ਫਲਸਫਿਆਂ ਵਿਚ ਅਚੇਤੇ ਸੁਚੇਤੇ ਪ੍ਰਵਾਨ ਚੜੀਆਂ ਸਖਸ਼ੀਅਤਾਂ ਦੇ ਆਪਸੀ ਸੰਬੰਧਾਂ ਵਿਚੋਂ ਹੀ ਜਿੱਥੇ ਇਨ੍ਹਾਂ ਦੇ ਵਖਰੇਵੇਂ ਵਾਲੇ ਵਿਹਾਰ ਨੂੰ ਸਿਰਜਦਾ ਹੈ। ਉਥੇ ਹੀ ਇਸ ਸਭ ਨੂੰ ਵਡੇਰੇ ਪ੍ਰਸੰਗ ਵਿਚ ਜਮਾਤੀ ਸਰੋਕਾਰਾਂ ਵਜੋਂ ਇਕ ਦੂਜੇ ਤੇ ਨਿਰਭਰ ਹੋਣ ਦੇ ਪਾਸਾਰ ਵੀ ਸਿਰਜਦਾ ਹੈ। ਦੋਨੋਂ ਪਾਤਰ ਆਪਣੀ ਹੋਂਦ ਦੇ ਅਸਤਿਤਵੀ ਪਹਿਲੂਆਂ ਨੂੰ ਸੁਰੱਖਿਤ ਕਰਦੇ ਹੋਏ ਪਾਰ-ਰਾਸ਼ਟਰੀ ਸੰਦਰਭ ਵਿਚ 'ਕਾਮਿਆਂ' ਵਜੋਂ ਹੀ ਵਿਚਰਦੇ ਜਾਂਦੇ ਹਨ। ਮਾਸਟਰ ਦੀ ਸਖ਼ਸ਼ੀਅਤ ਤੋਂ ਵਿਚਰਨ ਸੰਕੀਰਣਤਾ ਅਤੇ ਹੱਠਧਰਮੀ ਦੀਆਂ ਜੜ੍ਹਾਂ ਆਪਣੇ ਪਰਿਵਾਰਕ ਪਿਛੋਕੜ ਤੋਂ ਪਹੁੰਚੀ ਜ਼ਰਬ ਤੋਂ ਹੀ ਉਪਜਦੀਆਂ ਜਾਪਦੀਆਂ ਹਨ। ਧਾਰਮਿਕ ਟੇਕ ਨੇ ਜੇ ਉਸ ਨੂੰ ਇਕ ਪਾਸੇ ਆਰਥਿਕ ਥੁੜ੍ਹਾਂ ਅਤੇ ਭਾਵ ਵਿਗੋਚੇ ਸਥਿਤੀਆਂ ਤੋਂ ਬਾਹਰ ਨਿਕਲਣ ਲਈ ਮਦਦ ਕੀਤੀ ਹੈ ਤਾਂ ਦੂਜੇ ਪਾਸੇ ਧਾਰਮਿਕ ਕੱਟੜਤਾ ਦੇ ਪਹਿਨੇ ਹੋਏ ਸਖ਼ਤ ਜ਼ਿਰਾਬਕਤਰ ਨੇ ਉਸਦੇ ਮਾਨਵੀਂ ਅੰਸ਼ਾਂ ਦਾ ਵੀ ਘਾਣ ਕੀਤਾ ਹੈ। ਇਸ ਕਾਰਣ ਹੀ ਉਸਦੀ ਮਾਨਵੀ ਯਾਤਰਾ ਨਿਰੰਤਰ ਸੁੰਗੇੜ ਵਿਚ ਨਿਰਧਾਰਤ ਹੁੰਦੀ ਹੈ। ਉਸੇ ਤਰ੍ਹਾਂ ਹੀ ਮਹਿੰਦਰ ਸਿੰਘ ਅੰਦਰੂਨੀ ਖੂਬਸੂਰਤੀਆਂ ਦੇ ਬਾਵਜੂਦ ਕੁਝ ਸਖਸ਼ੀ ਕਮਜ਼ੋਰੀਆਂ

ਕਾਰਣ ਨਿਰੰਤਰ ਘਰ ਤੋਂ ਮਨਫੀ ਹੋਈ ਜਾਂਦਾ ਹੈ। ਇਸ ਤਰ੍ਹਾਂ 'ਸਾਰਾ' ਅਚੇਤ ਹੀ ਦੋਨੋਂ ਫਲਸਫਿਆਂ ਦੇ ਉਲਾਰਾਂ ਵਿਚੋਂ ਉਪਜਦੀਆਂ ਦੋਨੋਂ ਮਾਨਵੀ ਹੋਂਦਾਂ ਨੂੰ ਭਰਪੂਰ ਸਹਿਜ ਅਤੇ ਸੰਤੁਲਨ ਵਿਚ ਸਿਰਜਣ ਦਾ ਯਤਨ ਕਰਦਾ ਹੈ। ਪਾਰ-ਰਾਸ਼ਟਰੀ ਸੰਦਰਭ ਵਿਚ ਜੇ ਮਹਿੰਦਰ ਸਿੰਘ ਸਥਿਤੀਆਂ ਦੀ ਉਪਜ ਵਿਚ ਨਿਰੰਤਰ ਸੰਘਰਸ਼ ਦੇ ਬਾਵਜੂਦ ਘਰੇਲੂ ਪੱਧਰ ਤੇ ਮਨਫੀ ਹੋ ਰਿਹਾ ਹੈ ਤਾਂ ਮਾਸਟਰ ਗੁਰਮੁੱਖ ਸਿੰਘ ਵੀ ਆਪਣੀ ਹੋਂਦ ਦੇ ਸੰਘਰਸ਼ ਵਿਚ ਪ੍ਰਵਾਸ ਦੌਰਾਨ ਅਜਿਹੇ ਕੰਮ ਕਰਨ ਲਈ ਲਾਚਾਰ ਹੈ ਜਿਸ ਵਾਸਤੇ ਉਸਦੀ ਆਤਮਾ ਉਸਨੂੰ ਨਿਰੰਤਰ ਲਾਹਨਤਾਂ ਪਾਉਂਦੀ ਹੈ। ਉਸ ਦੀ ਅਜਿਹੀ ਸਥਿਤੀ ਸੰਬੰਧੀ ਸਾਰਾ ਲਿਖਦਾ ਹੈ—

"ਹੇਠਾਂ ਆ ਕੇ ਉਸ ਨੇ ਲਿਫਟ ਦੇ ਦਰਵਾਜੇ ਨਾਲ ਪਏ ਵੱਡੇ ਬਾਰੇ ਸਿਗਰਟ ਐਸ਼ਟਰੇ ਵਿਚ ਸੁਆਹ ਅਤੇ ਸਿਗਰਟਾਂ ਦੇ ਅੱਧ-ਜਲੇ ਟੋਟੇ ਆਪਣੀ ਰੇੜ੍ਹੀ ਦੇ ਹੇਠਲੇ ਖਾਨੇ ਵਿਚ ਪਏ ਗਾਰਬੇਜ ਬੈਗ ਵਿਚ ਉੱਲਟ ਦਿੱਤੇ। ਪਲ ਕੁ ਅੱਖਾਂ ਮੂੰਦ ਵਾਹਿਗੁਰੂ ਵਾਹਿਗੁਰੂ ਮੂੰਹ ਵਿਚ ਕਹਿ ਕੇ ਰੇੜ੍ਹੀ ਅਗਾਂਹ ਧੱਕ ਦਿੱਤੀ।

ਕਹਾਣੀ ਦਾ ਕਥਾ-ਵਿਵੇਕ ਇਸ ਗੱਲ ਵਿਚ ਹੈ ਕਿ 'ਸਾਰਾ' ਦੋਨਾਂ ਪਾਤਰਾਂ ਦੇ ਉਲਾਰ ਪਹਿਲੂਆਂ ਨੂੰ ਸਿਰਜਦੇ ਹੋਏ ਵੀ ਮਾਸਟਰ ਗੁਰਮੁੱਖ ਸਿੰਘ ਦੀ ਨਿੱਜਗਤ ਪਹੁੰਚ ਅਤੇ ਧਾਰਮਿਕ ਕੱਟੜਤਾ ਨੂੰ ਸਭ ਸੰਤੁਲਨ ਦੇਣ ਦੇ ਬਾਵਜੂਦ ਸਮੂਹਿਕ ਪਹਿਲੂ ਤੋਂ ਦੰਭੀ, ਕਪਟੀ ਮਤਲਬੀ ਤੇ ਸਹਿਕਾਮਿਆਂ ਪ੍ਰਤੀ ਹਿਕਾਰਤ ਵਾਲੇ ਵਤੀਰੇ ਵਾਲੇ ਮਨੁੱਖ ਵਜੋਂ ਹੀ ਸਿਰਜਦਾ ਹੈ। ਉਸਦੀ ਧਾਰਮਿਕ ਚੇਤੰਨਤਾ ਦੂਜੇ ਰੁਖ ਉਸ ਦੇ ਅਜਿਹੇ ਕਿਰਦਾਰ ਕਾਰਨ ਬੇਸ਼ੱਕ ਉਸ ਨੂੰ ਅੰਦਰੋਂ ਛਟਪਟਾਹਟ ਅਤੇ ਗੁਨਾਹ ਚੇਤਨਾ ਨਾਲ ਭਰਦੀ ਹੈ। ਗੁਨਾਹ ਦੇ ਅਹਿਸਾਸ ਦਾ ਉਤਪੰਨ ਹੋਣਾ ਆਪਣੇ ਆਪ ਵਿਚ ਮਹੱਤਵਪੂਰਨ ਜੀਵਨ ਮੁੱਲ ਹੈ। ਪ੍ਰੰਤੂ ਇਸਦੀ ਕਾਟ ਲਈ ਗੁਰਮੁੱਖ ਸਿੰਘ ਦਾ ਆਪਣਾ ਉਸਾਰਿਆ ਤਰਕ ਇਸ ਮੁੱਲ ਨੂੰ ਪੇਤਲਾ ਕਰਦਾ ਹੈ। ਇਸ ਤਰ੍ਹਾਂ ਅੰਤਿਮ ਰੂਪ ਵਿਚ ਆਪਣੇ ਸਮੂਹ ਸਰੋਕਾਰਾਂ ਵਿਚੋਂ ਮਾਸਟਰ ਦਾ ਸਮੁੱਚਾ ਵਿਹਾਰ ਉਸ ਅੰਦਰਲੀ ਕੱਟੜਤਾ ਅਤੇ ਦੰਭ, ਫਰੇਬ ਕਾਰਨ ਆਪਣੇ ਭਾਈਚਾਰੇ ਅਤੇ ਬਾਹਰਲਿਆਂ ਤੋਂ ਵਿੱਥ ਥਾਪਣ ਵਾਲਾ ਹੀ ਨਿਰਧਾਰਤ ਹੁੰਦਾ ਹੈ। ਜਦ ਕਿ ਮਹਿੰਦਰ ਸਿੰਘ ਅਚੇਤੇ ਹੀ ਆਪਣੀ ਅੰਦਰਲੀ ਗੌਰਵਤਾ ਕਾਰਨ ਵਿਲਸਨ ਵਰਗੇ ਮੂਲਵਾਸੀ ਦੇ ਮੂੰਹੋਂ ਵੀ ਪ੍ਰਸ਼ੰਸਾ ਪ੍ਰਾਪਤ ਕਰਨ ਦੇ ਸਮਰੱਥ ਹੈ—

"ਯੂ ਨੋਅ, ਕਈ ਵਾਰੀ ਮਿੰਡ੍ਹਰ ਨੇ ਮੇਰੇ ਕੋਲ ਮਹੀਨੇ ਦੇ ਅਖੀਰ ਉੱਪਰ ਆਉਣਾ ਜਦੋਂ ਉਹਦੇ ਪੈਸੇ ਮੁੱਕ ਜਾਣੇ, ਚੈਕ ਆਉਂਦਿਆਂ ਹੀ ਸਭ ਤੋਂ ਪਹਿਲਾਂ ਮੇਰੇ ਪੈਸੇ ਮੋੜਨ ਆਉਣਾ, ਜੇਕਰ ਮੈਂ ਨਾ ਵੀ ਘਰ ਹੋਵਾ ਤਾਂ ਲਿਫਾਫੇ ਵਿਚ ਪਾ ਕੇ ਮੇਰੇ ਦਰਵਾਜ਼ੇ ਵਿਚ ਡਾਕ ਵਾਲੀ ਝੀਥ ਰਾਹੀਂ ਅੰਦਰ ਸੁੱਟ ਜਾਣੇ, ਬੜ੍ਹਾ ਈਮਾਨਦਾਰ ਸੀ।'

'ਰੋਬਸਨ ਸਕੁਏਅਰ' ਕਹਾਣੀ ਘੱਟ ਗਿਣਤੀ ਪ੍ਰਵਾਸੀ ਪੰਜਾਬੀਆਂ ਦੇ ਮਨਵਿਚਲੀ ਦੁਚਿੱਤੀ ਤੋਂ ਅਗਲੇ ਪੜਾਅ ਦੀ ਗੱਲ ਕਰਦੀ ਹੈ। ਘੱਟ ਗਿਣਤੀ ਪ੍ਰਵਾਸੀਆਂ ਦੀ ਸਰ-ਜ਼ਮੀਨ ਹੁਣ ਕਿਹੜੀ ਹੈ? ਇਹ ਪ੍ਰਸ਼ਨ ਉਭਾਰਦੀ ਇਹ ਕਹਾਣੀ ਆਪਣੇ ਸੰਗਠਨ ਵਿਚੋਂ ਇਹ ਗੱਲ ਸਫ਼ਲਤਾ ਪੂਰਵਕ ਸੰਚਾਰ ਜਾਂਦੀ ਹੈ ਕਿ ਹੁਣ ਉਨ੍ਹਾਂ ਦੀ ਸਰ-ਜ਼ਮੀਨ ਉਹੀ



ਾ, ਜਿੱਥੇ ਉਹ ਹੱਡ ਤੜਵੀਂ ਮਿਹਨਤ ਉਪਰਤ ਸਥਾਪਤ ਹੋਏ ਹਨ। ਇਸ ਕਹਾਣੀ ਵਿਚ ਖ਼ਾ ਪਰ ਥਾਂ ਪਾਰ-ਰਾਸ਼ਟਰੀ ਪਾਰ ਸਭਿਆਚਾਰਕ ਕਦਰਾਂ ਕੀਮਤਾਂ ਤੇ ਜੀਵਨ ਵਿਹਾਰ ਦੇ ਬਿੰਦੂ ਆਪਸੀ ਟਕਰਾਉ ਤੇ ਸਹਿਹਦ ਵਿਚ ਟੁੱਟਦੇ ਮਿਲਦੇ ਹਨ। 'ਸਾਰਾ' ਪ੍ਰਵਾਸੀਆਂ ਦੇ ਮੂਲਵਾਦੀਆਂ ਕੋਲੋਂ ਪ੍ਰਾਪਤ ਕੌੜੇ ਮਿੱਠੇ ਦੋਨਾਂ ਤਰ੍ਹਾਂ ਦੇ ਅਨੁਭਵਾਂ ਨੂੰ ਕਲਾਤਮਿਕ ਸੰਗਠਨ ਵਿਚ ਬਰਾਬਰ ਮਹੱਤਵ ਦਿੰਦਾ ਹੈ। ਉਹ ਜਿੱਥੇ ਮੂਲਵਾਸੀ ਕਾਮਿਆਂ ਦੇ ਦੂਜੇ ਪ੍ਰਵਾਸੀ ਕਾਮਿਆਂ ਪ੍ਰਤੀ ਚੰਗੇ ਨਜ਼ਰੀਏ ਨੂੰ ਚਿੱਤਰਦਾ ਹੈ, ਉੱਥੇ ਹੀ ਲੁੱਚੇ ਲਫੰਗੇ ਮੂਲਵਾਸੀਆਂ ਦੁਆਰਾ ਨਸਲੀ ਆਧਾਰ ਤੇ ਕੀਤੇ ਮਾੜੇ ਵਿਹਾਰ ਸੰਬੰਧੀ ਕਹਾਣੀ ਵਕਤਾ ਦੇ ਤੌਰ ਤੇ ਉੱਚੀ ਸੁਰ ਵਿਚ ਕਹਿੰਦਾ ਹੈ—

"ਆਈ ਐਮ ਏ ਬੈਟਰ ਸਿਟੀਜ਼ਨ ਔਫ ਦਿਸ ਕੰਟਰੀ ਦੈਨ ਯੂ ਆਰ......ਯੂ ਮਦਰ ਫੱਕਰ ਬਾਸਟਰਡਜ਼.......।"

ਇਸ ਦੇ ਨਾਲ ਹੀ ਇਸ ਕਹਾਣੀ ਦੇ ਕਥਾ-ਸੰਗਠਨ ਵਿਚੋਂ ਇਹ ਗੱਲ ਬਹੁਤ ਸ਼ਕਤੀਸ਼ਾਲੀ ਰੂਪ ਵਿਚ ਉਭਰਦੀ ਹੈ ਕਿ ਪ੍ਰਵਾਸ ਹੰਢਾ ਰਹੇ ਪ੍ਰਵਾਸੀਆਂ ਅਤੇ ਮੂਲਵਾਦੀਆਂ ਦੇ ਬਹੁਤੇ ਮਸਲੇ ਸਾਂਝੇ ਹਨ। ਕਿਉਂਕਿ ਉਨ੍ਹਾਂ ਦੇ ਬੱਚਿਆਂ ਨੇ ਉਸੇ ਫਿਜ਼ਾ ਵਿਚ ਹੀ ਜੁਆਨ ਹੋਣਾ ਹੈ ਅਤੇ ਉਨ੍ਹਾਂ ਦੇਸ਼ਾਂ ਦੇ ਹੀ ਸਨਮਾਨਿਤ ਸ਼ਹਿਰੀ ਬਣਨਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਬਿਰਤਾਂਤ ਵਕਤਾ ਦਾ ਸੀਨਾ ਪਾੜ੍ਹ ਕੇ ਬਾਹਰ ਆਉਂਦੀ ਜਾਪਦੀ ਹੈ। ਕਿ 'ਵੈਲਫ਼ੇਅਰ ਸੁਸਾਇਟੀ' ਦਾ ਫਾਇਦਾ ਸਿਰਫ ਤੇ ਸਿਰਫ ਲੋੜਵੰਦ ਤੇ ਸਚਮੁੱਚ ਬੇਸਹਾਰਾ ਸ਼ਹਿਰੀਆਂ ਲਈ ਹੀ ਹੋਣਾ ਚਾਹੀਦਾ ਹੈ। ਇਸੇ ਲਈ ਤਾਂ ਉਹ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਦੇ ਗੋਰੇ ਮੁੰਡੇ ਅਤੇ ਕੁੜੀ ਨਾਲ ਕਿਰਾਇਆ ਦੇਣ ਵਾਲੇ ਹੋਏ ਤਕਰਾਰ ਸਮੇਂ ਕਹਿੰਦਾ ਹੈ—

"ਹਰਾਮ ਖੋਰੋ! ਮੇਰੇ ਟੈਕਸਾਂ ਦਿਆਂ ਪੈਸਿਆਂ ਨਾਲ ਤੁਸੀਂ ਪਲਦੇ ਆਂ,
ਵੈਲਫੇਅਰ ਤੁਹਾਡੇ ਵਰਗੇ ਵਿਹਲੜਾਂ-ਲਫੰਗਿਆਂ ਲਈ ਨਹੀਂ ਹੁੰਦਾ।

'ਬੈਂਕਰਪਟ' ਅਤੇ 'ਜੀਵਨ ਬੀਮਾ' ਕਹਾਣੀਆਂ ਪ੍ਰਵਾਸੀ ਪੰਜਾਬੀਆਂ ਦੇ ਉਸ ਦੁਖਾਂਤ ਨੂੰ ਪੇਸ਼ ਕਰਦੀਆਂ ਹਨ, ਜੋ ਪ੍ਰਵਾਸ ਧਾਰਨ ਦੌਰਾਨ ਹੱਡ ਤੋੜਵੀਂ ਮਿਹਨਤ ਉਪਰੰਤ ਵੀ ਅਸਲੀ ਸਰਮਾਏ ਭਾਵ ਬੱਚਿਆਂ ਦੇ ਖੁਸ ਜਾਣ ਕਾਰਨ ਪੈਦਾ ਹੁੰਦਾ ਹੈ। ਪ੍ਰਵਾਸੀਆਂ ਦੇ ਬੈਂਕ ਖਾਤੇ ਤਾਂ ਨਿਰੰਤਰ ਭਰਦੇ ਜਾਂਦੇ ਹਨ। ਪਰੰਤੂ ਅਸਲ ਪੂੰਜੀ ਬੱਚਿਆਂ ਵੱਲ ਧਾਰਨ ਕੀਤੇ ਅਵੇਸਲੇਪਣ ਕਾਰਨ ਉਹ ਆਖਰ ਵਿਚ ਦੀਵਾਲੀਏ ਹੋਏ ਮਹਿਸੂਸ ਕਰਦੇ ਹਨ। 'ਬੈਂਕਰਪਟ' ਵਿਚਲਾ ਕਰਮ ਸਿੰਘ ਇਸ ਅਵੇਸਲੇਪਣ ਅਤੇ ਨਵੇਂ ਸਭਿਆਚਾਰ ਦੀਆਂ ਚੁਣੌਤੀਆਂ ਦੇ ਹਾਣ ਦਾ ਨਾ ਹੋ ਸਕਣ ਕਾਰਨ ਹੀ ਆਪਣੇ ਪੁੱਤ ਅਤੇ ਧੀਆਂ ਨੂੰ ਗੁਆ ਬਹਿੰਦਾ ਹੈ। ਸਾਮੰਤੀ ਰਹਿਤਲ, ਵਿਚ ਜੁਆਨ ਹੋਈ ਮਾਨਸਿਕਤਾ ਅਤੇ ਵਿਕਸਤ ਪੂੰਜੀਵਾਦੀ ਕਲਚਰ ਅਤੇ ਪੱਛਮੀ ਖੁੱਲ੍ਹ ਵਿਚ ਜੁਆਨ ਹੋਈ ਪੀੜ੍ਹੀ ਦੀ ਮਾਨਸਿਕਤਾ ਦੇ ਢੇਰ ਵਖਰੇਵੇਂ ਕਾਰਨ ਅਜਿਹਾ ਟਕਰਾਅ ਅਤੇ ਤ੍ਰਾਸਦੀ ਸਹਿਜੇ ਹੀ ਵਾਪਰ ਜਾਂਦੀ ਹੈ। ਇਸੇ ਤਰ੍ਹਾਂ ਦੀ ਜੀਵਨ ਬੀਮਾ ਕਹਾਣੀ ਵਿਚਲਾ ਕੁਲਦੀਪ ਕੰਮਾਂ ਤੇ ਕਿਸ਼ਤਾਂ ਦਾ ਮਾਰਿਆ ਆਪਣੀ ਛੋਟੀ ਬੱਚੀ ਦੀ ਭਾਵੁਕ ਤ੍ਰਿਪਤੀ ਕਰਨ ਤੋਂ ਅਸਮਰੱਥ ਹੈ। ਇਸ

ਕਹਾਣੀ ਦੋਹਰਾ ਵਿਅੰਗ ਸਿਰਜਦੀ ਹੈ ਕਿ ਜਿਨ੍ਹਾਂ ਬੱਚਿਆਂ ਲਈ ਕਮਾਉਣਾ ਦਾ ਢੌਂਗ ਕਰ ਰਹੇ ਹੋ, ਉਨ੍ਹਾਂ ਲਈ ਤਾਂ ਤੁਸੀਂ ਜਿਉਂਦੇ ਹੀ ਉਸ ਜੀਵਨ ਬੀਮਾ ਪਾਲਿਸੀ ਵਰਗੇ ਹੋ ਜੋ ਮਰਨ ਉਪਰੰਤ ਪਰਿਵਾਰ ਨੂੰ ਰੁਲਣ ਤੋਂ ਬਚਾਉਂਦੀ ਹੈ।

'ਕਿੱਲੇ ਬੱਝੀ ਗਾਂ' ਅਤੇ 'ਇਕ ਵੀਰ ਦੇਈਂ ਵੇ ਰੱਬਾ' ਕਹਾਣੀ ਵਿਚ ਅਮਨਪਾਲ 'ਸਾਰਾ' ਔਰਤ ਦੀ ਸਥਿਤੀ ਨੂੰ ਭਾਰਤੀ ਅਤੇ ਪੱਛਮੀ ਪਰਿਪੇਖ ਵਿਚ ਚਿਤਰਦਿਆਂ ਦੋਨਾਂ ਪ੍ਰਸੰਗਾਂ ਦੇ ਸੰਵਾਦ ਵਿਚੋਂ ਨਵੀਂ ਸਥਿਤੀ ਲਈ ਧਰਾਤਲ ਪ੍ਰਦਾਨ ਕਰਦਾ ਹੈ। ਸਾਡੇ ਮਰਦ ਪ੍ਰਧਾਨ ਕਦਰਾਂ ਕੀਮਤਾਂ ਵਾਲੇ ਸਭਿਆਚਾਰ ਦੀਆਂ ਪਰਤਾਂ ਉਧੇੜਦੀਆਂ ਇਹ ਕਹਾਣੀਆਂ ਸਾਡੇ 'ਲੋਕਾਚਾਰ' ਨੂੰ ਨਿਰੰਤਰ ਕਾਂਟੇ ਹੇਠ ਰੱਖਦੀਆਂ ਹਨ। ਮਰਦ ਦੇ ਗੁਨਾਹਾਂ ਦੀ ਸਜ਼ਾ ਵੀ ਔਰਤ ਹੀ ਕਿਉਂ ਭੁਗਤੇ? ਇਹ ਪ੍ਰਸ਼ਨ ਉਭਾਰਦੀ ਕਹਾਣੀ 'ਕਿੱਲੇ ਬੱਝੀ ਗਾਂ' ਇਹ ਪ੍ਰਸ਼ਨ ਵੀ ਪੈਦਾ ਕਰਦੀ ਹੈ ਕਿ ਕੀ ਮਰਦ ਦੁਆਰਾ ਔਰਤ ਨਾਲ ਕੀਤੇ ਸਰੀਰਕ ਅਪਰਾਧ ਨੂੰ ਲੋਕਾਚਾਰੀ ਦੇ ਡਰ ਹੇਠ ਦਬਾਅ ਕੇ ਰੱਖਣਾ ਠੀਕ ਹੈ? ਇਸ ਗੱਲ ਨੂੰ ਕਹਾਣੀ ਦੇ ਬਿਰਤਾਂਤ ਵਿਚੋਂ ਉਘਾੜਦਿਆਂ 'ਸਾਰਾ' ਪੱਛਮੀ ਜਗਤ ਦੀ ਵਿਕਸਤ ਮਾਨਵੀ ਚੇਤਨਾ ਦੇ ਸੰਦਰਭ ਵਿਚ ਫੈਲਾਉਂਦਾ ਆਪਣਾ ਫੈਸਲਾ 'ਸਜ਼ਾ ਦੇਣ ਦਿਵਾਉਣ' ਦੇ ਹੱਕ ਵਿਚ ਦੇ ਜਾਂਦਾ ਹੈ। 'ਇਕ ਵੀਰ ਦੇਈ ਵੇ ਰੱਬਾ' ਕਹਾਣੀ ਸਾਡੇ ਸਮੂਹ ਰਿਸ਼ਤਾ ਨਾਤਾ ਪ੍ਰਬੰਧ ਨੂੰ ਨਵੇਂ ਪਰਿਪੇਖ ਵਿਚ ਪ੍ਰਸਤੁਤ ਕਰਨ ਦਾ ਯਤਨ ਕਰਦੀ ਹੈ। ਸਮੁੱਚੇ ਬਿਰਤਾਂਤ ਦੇ ਕਥਾ-ਵਿਵੇਕ ਵਿਚੋਂ ਇਹ ਗੱਲ ਸ਼ਕਤੀਸ਼ਾਲੀ ਰੂਪ ਵਿਚ ਉੱਘੜਦੀ ਹੈ ਕਿ ਪੂੰਜੀਵਾਦੀ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਨਾ ਤਾਂ ਰਿਸ਼ਤੇ ਆਪਣੇ ਪ੍ਰੰਪਰਿਕ ਸਰੂਪ ਵਾਲੇ ਰਹੇ ਹਨ ਅਤੇ ਨਾ ਹੀ ਔਰਤ ਦੀ ਸਥਿਤੀ। ਲੜਕੀ ਵੀ ਉਹ ਸਭ ਕੁਝ ਕਰਨ ਦੇ ਸਮਰੱਥ ਹੈ, ਜੋ ਲੜਕਾ ਕਰ ਸਕਦਾ ਹੈ, ਬਸ਼ਰਤੇ ਕਿ ਉਸ ਨੂੰ ਵੀ ਆਪਣੀ ਪ੍ਰਵਰਿਸ਼ ਵਾਸਤੇ ਖੁੱਲ੍ਹੀ ਫਿਜ਼ਾ ਮਿਲ ਸਕੇ। ਪ੍ਰੰਪਰਿਕ ਰਿਸ਼ਤਿਆਂ ਦੇ ਪਰਦੇ ਹੇਠ ਜੋ ਅਨਾਚਾਰ ਮਰਦ ਫੈਲਾਉਂਦਾ ਹੈ, ਉਸ ਵਿਚ ਤਬਦੀਲੀਆਂ ਦੀ ਗੁੰਜਾਇਸ਼ ਨੂੰ ਇਹ ਕਹਾਣੀ ਆਪਣੇ ਅੰਦਰਲੇ ਤਰਕ ਰਾਹੀਂ ਪੇਸ਼ ਕਰਦੀ ਹੈ। ਕਹਾਣੀ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਪ੍ਰੰਪਰਿਕ ਰਿਸ਼ਤੇ ਨਾਤੇ ਪ੍ਰਬੰਧ ਨੂੰ ਮੂਲੋਂ ਰੱਦ ਨਹੀਂ ਕਰਦੀ। ਸਗੋਂ ਉਸ ਵਿਚਲੇ ਕੋਹਜ ਨੂੰ ਰੱਦ ਕਰਨ ਦਾ ਸੰਕੇਤ ਕਰਦੀ ਹੈ।

'ਰੂਹ ਦੀ ਸਾਂਝ' ਕਹਾਣੀ ਆਪਣੀ ਵੱਥ ਵਿਚ ਨਿਵੇਕਲਾ ਪਾਸਾਰ ਦੀ ਧਾਰਨੀ ਕਹਾਣੀ ਹੈ। ਇਹ ਇਕ ਅਜਿਹੀ ਕਹਾਣੀ ਹੈ ਜਿਸ ਵਿਚ ਭਾਰਤੀ ਸੰਸਕ੍ਰਿਤੀ ਦੀ ਅਧਿਆਤਮਵਾਦੀ ਪਹੁੰਚ ਅਤੇ ਪੱਛਮ ਦੀ ਪਦਾਰਥਵਾਦੀ ਸੋਚ ਆਪਸੀ ਸੰਵਾਦ ਦੀ ਸਥਿਤੀ ਵਿਚ ਗੁਜ਼ਰਦੇ ਹਨ। ਇਸ ਭੇੜ ਵਿਚੋਂ ਜੋ ਤਰਕ ਕਹਾਣੀ ਦੇ ਸੰਗਠਨ ਵਿਚੋਂ ਉਭਰਦਾ ਹੈ ਉਹ ਪੂਰਬੀ ਤੇ ਪੱਛਮੀ ਚਿੰਤਨ ਸਾਹਮਣੇ ਇੱਕ ਸੁਆਲੀਆ ਨਿਸ਼ਾਨ ਵੀ ਖੜ੍ਹਾ ਕਰਦਾ ਹੈ। ਇਸ ਕਹਾਣੀ ਵਿਚਲਾ 'ਗੋਰਾ' ਪਾਤਰ ਜੋ ਬੇਰੁਜ਼ਗਾਰ ਹੈ ਆਪਣੀ ਆਰਥਿਕ ਮਜ਼ਬੂਰੀ ਤੇ ਲਾਚਾਰੀ ਦੀ ਸਥਿਤੀ ਵਿਚ ਆਪਣੀ ਪ੍ਰੇਮਿਕਾ ਐਲਿਸ ਨੂੰ ਕਿਸੇ ਹੋਰ ਵਿਅਕਤੀ ਕੋਲ ਕੁਝ ਡਾਲਰਾਂ ਦੀ ਖਾਤਰ ਕੁਝ ਸਮਾਂ ਗੁਜ਼ਾਰਨ ਲਈ ਭੇਜਦਾ ਹੈ। ਕਹਾਣੀ ਵਿਚਲੇ ਪ੍ਰਵਾਸੀ ਟੈਕਸੀ ਡ੍ਰਾਈਵਰ ਹਰਦੇਵ ਲਈ ਇਹ ਸਥਿਤੀ ਬੜੀ ਅਚੰਭੇ



ਭਰਪੂਰ ਹੈ ਕਿ 'ਦੇਹ ਦੇ ਸੱਚ' ਤੋਂ ਅਗਲਾ 'ਰੂਹ ਦਾ ਸੱਚ' ਵੀ ਹੈ? ਇਸ ਪ੍ਰਸ਼ਨ ਨੂੰ ਪੈਦਾ ਕਰਦੀ ਇਹ ਕਹਾਣੀ ਗੋਰੇ ਪਾਤਰ ਦੇ ਮੂੰਹੋ ਹੀ ਇਸ ਦਾ ਉੱਤਰ ਦਿਵਾਉਂਦੀ ਹੈ–

"ਉਹ ਸਿਰਫ ਬਿਸਤਰਾ ਹੀ ਤਾਂ ਸਾਂਝਾ ਕਰਦੀ ਹੈ, ਕਿਹੜਾ ਕਿਸੇ ਗਾਹਕ ਨੂੰ ਦਿਲੋਂ ਪਿਆਰ ਕਰਦੀ ਹੈ........ ਉਸ ਦੀ ਰੂਹ ਦੀ ਸਾਂਝ ਤਾਂ ਸਿਰਫ ਮੇਰੇ ਨਾਲ ਹੁੰਦੀ ਹੈ, ਹਮੇਸ਼ਾ ਹੀ ......."

ਕੀ 'ਦੇਹ ਦੇ ਸੱਚ' ਤੇ 'ਰੂਹ ਦੇ ਸੱਚ' ਨੂੰ ਵੱਖਰੇ ਖਾਨਿਆਂ ਵਿਚ ਵੰਡਿਆ ਜਾ ਸਕਦਾ ਹੈ? ਕਹਾਣੀ ਦੀ ਕਲਾਤਮਿਕਤਾ ਇਸ ਗੱਲ ਵਿਚ ਹੈ ਕਿ ਸਮੁੱਚੀ ਕਥਾ ਉਪਰੰਤ ਇਹੋ ਜਿਹੇ ਉਪਜਦੇ ਪ੍ਰਸ਼ਨਾਂ ਦੇ ਬਾਵਜੂਦ ਗੋਰਾ ਲੜਕਾ ਤੇ ਲੜਕੀ ਪੱਛਮੀ ਰਹਿਤਲ ਦੀ ਕਰੂਰਤਾ ਅੱਗੇ ਲਾਚਾਰ ਵਿਅਕਤੀ ਹੀ ਦਿਸਦੇ ਹਨ। 'ਸਾਰਾ' ਵੱਲੋਂ ਕਿਸੇ ਵਿਸ਼ੇਸ਼ ਸਥਿਤੀ ਵਿਚ ਵਿਅਕਤੀ ਵਿਸ਼ੇਸ਼ ਦੇ ਵਿਵਹਾਰ ਦੇ ਪ੍ਰੇਰਕਾਂ ਦੇ ਵੇਰਵੇ ਪੂਰੇ ਰਚਨਾਵੀਂ ਤਰਕ ਸਮੇਤ ਸਮੁੱਚੀ ਰਚਨਾ ਵਿਚ ਖਿੰਡਰੇ ਪਏ ਹੁੰਦੇ ਹਨ। ਇਸੇ ਲਈ ਇਸ ਕਹਾਣੀ ਵਿਚ ਅਚੰਭੇ ਭਰਪੂਰ ਘਟਨਾਵੀਂ ਵਸਤੂ ਸਾਮੱਗਰੀ ਦੇ ਬਾਵਜੂਦ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਵਸਤੂ ਵਿਵੇਕ ਵਿਚੋਂ ਇਹ ਗੱਲ ਉਭਰਦੀ ਹੈ ਕਿ ਪੱਛਮ ਦੀ ਪਦਾਰਥਕ ਖੁਸ਼ਹਾਲੀ ਦੀ ਜੋ ਆਪਣੀ ਸਿਖਰ ਹੈ ਤਾਂ ਪਦਾਰਥਕ ਮੰਦਹਾਲੀ ਦਾ ਵੀ ਆਪਣਾ ਨਿਵੇਕਲਾ ਮੁਕਾਮ ਹੈ।

ਸਮੁੱਚੀ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਅਮਨਪਾਲ 'ਸਾਰਾ' 'ਵੀਹਾਂ ਦੇ ਨੋਟ' ਕਹਾਣੀ ਸੰਗ੍ਰਹਿ ਰਾਹੀਂ ਆਪਣੇ ਕਲਾਤਮਿਕ ਸਫਰ ਦੇ ਅਗਲੇ ਪੜਾਅ ਉੱਪਰ ਪਹੁੰਚਦਾ ਹੈ। ਮੂਲ ਕਥਾ ਨਾਲ ਜੋੜੀਆਂ ਨਿੱਕੀਆਂ-ਨਿੱਕੀਆਂ ਉਪਕਥਾਵਾਂ ਜਿੱਥੇ ਉਸ ਦੀ ਕਹਾਣੀ ਨੂੰ ਗਹਿਰਾਈ ਪ੍ਰਦਾਨ ਕਰਦੀਆਂ ਹਨ, ਉਥੇ ਹੀ ਇਨ੍ਹਾਂ ਦਾ ਸਮਾਜਿਕ ਅਤੇ ਸਾਂਸਕ੍ਰਿਤਿਕ ਪਿਛੋਕੜ ਉਜਾਗਰ ਕਰ ਜਾਂਦੀਆਂ ਹਨ। ਉਸ ਦੀ ਬਿਰਤਾਂਤਕਾਰੀ ਦਾ ਜ਼ਿਆਦਾ ਦਬਾਅ ਪ੍ਰਵਾਸੀ ਪੰਜਾਬੀਆਂ ਦਾ ਪੱਛਮੀ ਜ਼ਿੰਦਗੀ ਦੀ ਜੱਦੋ ਜਹਿਦ ਵਿਚ ਸ਼ਾਮਿਲ ਹੁੰਦਿਆਂ ਉਨ੍ਹਾਂ ਦੇ ਆਪਸੀ ਅਤੇ ਮੂਲਵਾਸੀਆਂ ਨਾਲ ਸਾਂਝ ਅਤੇ ਵਖਰੇਵੇਂ ਦੇ ਸੂਤਰਾਂ ਨੂੰ ਸਿਰਜਣ ਵਿਚ ਹੈ। ਇਸ ਸਿਰਜਣ ਪ੍ਰਕਿਰਿਆ ਦੌਰਾਨ ਹੀ ਪ੍ਰਵਾਸੀ ਅਤੇ ਮੂਲਵਾਦੀ ਸਭਿਆਚਾਰਕ ਸੀਮਾਵਾਂ ਨੂੰ ਉਲੰਘਦੇ, ਤੋੜਦੇ ਹੋਏ ਆਪਣੀਆਂ ਜਮਾਤੀ ਸੰਭਾਵਨਾਵਾਂ ਅਤੇ ਜ਼ਰੂਰਤਾਂ ਅਨੁਸਾਰ ਇੱਕ ਦੂਜੇ ਨਾਲ ਸਾਂਝ ਦੇ ਸੂਤਰਾਂ ਵਿਚ ਨਿਰੰਤਰ ਬੱਝਦੇ ਟੁੱਟਦੇ ਹਨ। ਕਹਾਣੀ ਦੀਆਂ ਲੜੀਆਂ ਨੂੰ ਢੁੱਕਵੇਂ ਮੋੜਾਂ ਤੇ ਅਟਕਾਉਣਾ, ਮੋੜਾ ਦੇਣਾ ਜਾਂ ਅਗਲੇ ਪਿਛਲੇ ਸੰਦਰਭਾਂ ਨਾਲ ਇੱਕ ਮਿੱਕ ਕਰਨਾ ਉਸ ਦੀ ਕਹਾਣੀ ਦੀ ਕਲਾਤਮਿਕਤਾ ਵਿਚ ਵਾਧਾ ਕਰਦਾ ਹੈ। ਸਮੁੱਚੇ ਤਾਣੇ-ਪੇਟੇ ਨੂੰ ਪੰਜਾਬੀ ਅਤੇ ਪੱਛਮੀ ਸੰਸਕ੍ਰਿਤੀ ਦੇ ਸੰਦਰਭ ਵਿਚ ਆਪਸੀ ਸੰਵਾਦ ਵਿਚ ਪਾਉਣਾ ਉਸ ਦੀ ਪ੍ਰਾਪਤੀ ਬਣਦਾ ਹੈ। ਇਸ ਸੰਵਾਦ ਵਿਚੋਂ ਹੀ ਉਹ ਪ੍ਰਵਾਸੀ ਤੇ ਮੂਲਵਾਸੀ ਕਾਮਿਆਂ ਦੇ ਸਾਂਝ ਦੇ ਸੂਤਰਾਂ ਨੂੰ ਪਾਰ-ਰਾਸ਼ਟਰੀ, ਪਾਰ-ਸਭਿਆਚਾਰਕ ਸੰਦਰਭ ਵਿਚ ਵੀ ਕਲਾਤਮਿਕਤਾ ਸਹਿਤ ਚਿਤਰ ਜਾਂਦਾ ਹੈ। ❒

## ਅਮਜਦ ਸੁਮਾਲੀ/ਸੂਫ਼ੀ ਅਮਰਜੀਤ

'ਈਟਨ' ਦੇ ਡੀਪਾਰਟਮੈਂਟ ਸਟੋਰ ਵਿੱਚ 'ਕੈਨੇਡਾ-ਡੇ' ਸਪੈਸ਼ਲ ਸੇਲ ਹੋਣ ਦੇ ਕਾਰਨ ਬੜੀ ਭੀੜ ਸੀ। ਹਰ ਚੀਜ਼ ਪੱਚੀ ਤੋਂ ਪੰਜਾਹ ਫੀ ਸਦੀ ਘੱਟ ਮੁੱਲ ਤੇ ਸੀ। ਇਸ ਸਪੈਸ਼ਲ ਸੇਲ ਦਾ ਇਕ ਕਾਰਨ ਇਹ ਵੀ ਸੀ ਕਿ ਪਿਛਲੇ ਕਈ ਵਰ੍ਹਿਆਂ ਤੋਂ ਇਸ ਸਟੋਰ ਦੀ ਮਾਲਕ ਕੰਪਨੀ ਲਗਾਤਾਰ ਘਾਟੇ ਵਿਚ ਜਾ ਰਹੀ ਸੀ। ਉਸ ਨੇ ਕੈਨੇਡਾ ਭਰ ਵਿੱਚ ਅੱਧੇ ਸਟੋਰਾਂ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੋਇਆ ਸੀ। ਇਨ੍ਹਾਂ ਸਟੋਰਾਂ ਦੇ ਮੁਲਾਜ਼ਮ ਬੜੀ ਚਿੰਤਾ ਵਿੱਚ ਸਨ ਜਿਨ੍ਹਾਂ ਕਦੀ ਸੋਚਿਆ ਵੀ ਨਹੀਂ ਸੀ ਕਿ ਇਕ ਸਦੀ ਤੋਂ ਵਧ ਪੁਰਾਣੀ ਕੰਪਨੀ ਦੇ ਇਹ ਸਟੋਰ ਬੰਦ ਵੀ ਹੋ ਸਕਦੇ ਹਨ। ਕਪੰਨੀ ਦੇ ਅਦਾਲਤ ਵਿੱਚ ਦੀਵਾਲੀਆ ਹੋਣ ਦੇ ਕਾਗ਼ਜ਼ ਦਾਖਲ ਕਰ ਦੇਣ ਦੀ ਖ਼ਬਰ ਨੇ ਤਾਂ ਸਾਰੇ ਕਨੇਡੀਅਨ ਵਪਾਰਿਕ ਜਗਤ ਵਿੱਚ ਖਲਬਲੀ ਮਚਾ ਦਿੱਤੀ ਸੀ।

ਵੈਸੇ ਇਹ ਸਟੋਰ ਆਮ ਸਟੋਰਾਂ ਨਾਲੋਂ ਬਹੁਤ ਮਹਿੰਗਾ ਸੀ। ਮਹਿੰਗਾ ਇਸ ਲਈ ਸੀ ਕਿ ਇਸ ਦੇ ਨਾਲ ਕੁਵਾਲਟੀ ਵੀ ਬਹੁਤ ਵਧੀਆ ਹੁੰਦੀ, ਦੂਜੇ ਇਹ ਸਟੋਰ ਅਸਲ ਵਿੱਚ ਮਧਵਰਗ ਦੇ ਲੋਕਾਂ ਲਈ ਹੀ ਸੀ। ਟੈਕਨਾਲੋਜੀਕਲ ਤਬਦੀਲੀ ਨੇ ਮਧਵਰਗ ਨੂੰ ਸੁੰਗੇੜ ਦਿੱਤਾ ਸੀ ਤੇ ਹੁਣ ਉਹਨਾਂ ਦਾ ਹੱਥ ਖ਼ਰਚ ਲਈ ਜ਼ਰਾ ਤੰਗ ਹੋ ਗਿਆ ਸੀ। ਇਸ ਸਟੋਰ ਵਿਚ ਅੱਜ ਵਾਂਗੂ ਸਾਦੇ ਪਹਿਰਾਵੇ ਵਾਲੇ ਲੋਕਾਂ ਨੂੰ ਹਜ਼ਾਰਾਂ ਵਿੱਚ ਦੇਖ ਕੇ ਜ਼ਰਾ ਹੈਰਾਨੀ ਹੁੰਦੀ ਸੀ।

ਮੈਂ ਸਟੋਰ ਦੀ ਉਪਰਲੀ ਮੰਜ਼ਲ ਤੋਂ ਆਟੋਮੈਟਿਕ ਬਿਜਲਈ ਪੌੜੀਆਂ ਦੁਆਰਾ ਹੇਠਲੀ ਮੰਜ਼ਲ ਨੂੰ ਆ ਰਿਹਾ ਸੀ ਤਾਂ ਲਾਗੇ ਹੇਠਲੀ ਮੰਜ਼ਲ ਤੋਂ ਉਪਰ ਨੂੰ ਜਾਣ ਵਾਲੀਆਂ ਬਿਜਲਈ ਪੌੜੀਆਂ ਦੁਆਰਾ ਉਪਰਲੀ ਮੰਜ਼ਲ ਨੂੰ ਜਾਂਦੇ ਹੋਏ ਅਮਜਦ ਨੇ ਮੈਨੂੰ ਪਛਾਣ ਕੇ, " ਹੈਲੋ ਨੌਰਮ! ਹੇਠਾਂ ਰੁਕੀਂ ਮੈਂ ਆਇਆ ਮੁੜਕੇ," ਕਿਹਾ। ਮੈਂਵੀ ਉਸ ਨੂੰ ਬਿਨਾਂ ਪਛਾਣੇ 'ਹੈਲੋ' ਕਹਿ ਦਿੱਤਾ। ਮੈਨੂੰ ਚਿਹਰਾ ਜਾਣਿਆ ਪਛਾਣਿਆ ਤਾਂ ਲੱਗਿਆ ਪਰ ਮੇਰੇ ਨਾਂ ਯਾਦ ਨਹੀਂ ਆ ਰਿਹਾ ਸੀ। ਤਿੱਖੇ ਨੈਣ ਨਕਸ਼ ਜ਼ਰਾ ਮੇਘਲੇ ਰੰਗ ਦਾ ਇਹ ਕੌਣ ਹੋਇਆ, ਮੈਂ ਯਾਦਾਂ ਦੀਆਂ ਫਾਈਲਾਂ ਵਿਚੋਂ ਲੱਭਣ ਦਾ ਯਤਨ ਕੀਤਾ।

ਕੰਮ ਉਪਰ ਮੈਨੂੰ ਸਾਰੇ ਨਿਰਮਲ ਦੀ ਥਾਂ ਨੌਰਮ ਹੀ ਕਹਿੰਦੇ ਸਨ।

ਹੇਠਾਂ ਜਾ ਕੇ ਮੈਂ ਅਮਜਦ ਦੀ ਉਡੀਕ ਵਿਚ ਖਲੋ ਗਿਆ। ਉਹ ਮੁੜਦੀ ਪੌੜੀਏਂ ਆ ਗਿਆ। ਉਹ ਮੈਨੂੰ ਜੱਫੀ ਪਾ ਕੇ ਪੂਰੀ ਖੁਸ਼ੀ ਨਾਲ ਮਿਲਿਆ। ਮੈਂ ਜਕਦਿਆਂ ਕਹਿ ਹੀ ਦਿੱਤਾ:'ਯਾਰ ਮੈਨੂੰ ਤੇਰਾ ਨਾਂ ਯਾਦ ਨਹੀਂ ਆ ਰਿਹਾ। ਵੈਸੇ ਮੈਨੂੰ ਯਾਦ ਆ ਰਿਹਾ ਹੈ ਜਿਵੇਂ ਆਪਾਂ ਕਈ ਸਾਲ ਪਹਿਲਾਂ ਕਿਧਰੇ ਇੱਕਠੇ ਕੰਮ ਕਰਦੇ ਰਹੇ ਹਾਂ। ਉਸ ਨੇ ਪੂਰੇ ਜੋਸ਼ ਭਰੀ ਸੁਰ ਵਿਚ ਕਿਹਾ, "ਕਮਾਲ ਹੈ! ਪਛਾਣਿਆ ਨਹੀਂ ? ਮੈਂ ਅਮਜਦ। ਸੁਮਾਲੀਆ ਵਾਲਾ। ਆ ਗਿਆ ਯਾਦ ਕਿ ਨਹੀਂ ? ਅਪਣੇ ਨਾਲ ਕੁਲੰਬੀਆਂ ਵਾਲਾ ਜੋਅ ਵੀ ਹੁੰਦਾ ਸੀ ਨਾ।" ਉਸ ਦੀ ਲਟਕਵੀਂ ਜਿਹੀ ਅੰਗ੍ਰਜ਼ੀ ਤੋਂ ਮੈਨੂੰ ਇਕ ਦਮ ਯਾਦ ਆ ਗਿਆ, "ਹਾਂ, ਹਾਂ ਅਮਜਦ! ਤੈਂ ਯਾਰ ਕਮਾਲ ਕਰ ਤੀ ਪਛਾਣਨ ਵਾਲੀ। ਇਹ ਗੱਲ ਤਾਂ ਪੰਦਰਾਂ ਸਾਲਾ



ਦੀ ਐ, ਜਦੋਂ ਆਪਾਂ ਮਿਊਂਸਪਲ ਪਾਰਕ ਦੀ ਉਸਾਰੀ ਸਮੇਂ ਕੱਠੇ ਲੇਬਰ ਕਰਦੇ ਸੀ ਤੇ ਆਪਾਂ ਇਕਰਾਂ ਵੈਨਕੂਵਰ 'ਅਮਨ ਮਾਰਚ' ਵਿੱਚ ਵੀ ਆਪਣੀ ਯੂਨੀਅਨ ਵਲੋਂ ਸ਼ਾਮਲ ਹੋਏ ਸੀ। ਹੁਣ ਤਾਂ ਚਿਹਰੇ ਹੀ ਬੜੇ ਬਦਲ ਗਏ ਹਨ। ਸੁਣਾ ਵਿਆਹ ਕਰਵਾ ਲਿਆ, ਉਦੋਂ ਤੂੰ ਵਿਆਹ ਕਰਵਾਉਣ ਦੇਸ਼ ਜਾਣ ਬਾਰੇ ਗੱਲ ਕਰਦਾ ਹੁੰਦਾ ਸੀ, "ਮੈਂ ਇਕੋ ਸਾਹੇ ਕਈ ਕੁਝ ਕਹਿ ਗਿਆ।"

"ਆ ਚਲ, ਰੈਸਟੋਰੈਂਟ ਵਿਚ ਕੌਫੀ ਪੀਂਦੇ ਹਾਂ, ਨਾਲੇ ਬੈਠ ਕੇ ਗੱਲਾਂ ਕਰਦੇ ਹਾਂ," ਅਮਜਦ ਨੇ ਸਟੋਰ ਦੇ ਰੈਸਟੋਰੈਂਟ ਵੱਲ ਇਸ਼ਾਰਾ ਕਰਦੇ ਨੇ ਕਿਹਾ।

ਅਸੀਂ ਸੇਲ ਤੇ ਆਏ ਲੋਕਾਂ ਦੀ ਭੀੜ ਵਿਚੋਂ ਦੀ ਰਾਹ ਬਣਾਉਂਦੇ ਰੈਸਟੋਰੈਂਟ ਵੱਲ ਹੋ ਤੁਰੇ। ਭੀੜ ਵਿਚੀ ਲੰਘਣਾ ਸੌਖਾ ਸੀ। ਕੀਮਤਾਂ ਵਿਚ ਭਾਰੀ ਕਮੀ ਦੇ ਬਾਵਜੂਦ ਵੀ ਚੀਜ਼ਾਂ ਦੀਆਂ ਕੀਮਤਾਂ ਹਾਲੇ ਵੀ ਮੇਰੀ ਪਹੁੰਚ ਤੋਂ ਬਾਹਰ ਸਨ। ਮੈਂ ਮਨ ਹੀ ਮਨ ਸੋਚਦਾ ਜਾ ਰਿਹਾ ਸੀ, ਕਿ ਮੈਨੂੰ ਵੀਹ-ਪੱਚੀ ਵਰ੍ਹੇ ਹੋਏ ਇਥੇ ਆਏ ਨੂੰ, ਫਿਰ ਵੀ 'ਈਟਨ' ਮਹਿੰਗਾ ਜਾਪਦਾ ਹੈ। ਪਹਿਲਾਂ ਕਦੀ ਇੰਨੀ ਜਨਤਾ ਇਸ ਸਟੋਰ ਵਿਚ ਦਿਸੀ ਨਹੀਂ ਸੀ। 'ਕੀ ਇਹਨਾਂ' ਦੀ ਮਾਲੀ ਹਾਲਤ ਇੰਨੀ ਵਧੀਆ ਹੈ ਕਿ 'ਈਟਨ' 'ਚ ਆਏ ਹਨ ? ਮੈਂ ਆਪਣੇ ਆਪ ਨੂੰ ਸਵਾਲ ਕੀਤਾ। ਜਦੋਂ ਜਾਂਦਿਆ ਧਿਆਨ ਨਾਲ ਦੁਆਲੇ ਦੇਖਿਆ, ਤਾਂ ਮੈਨੂੰ ਉੱਤਰ ਮਿਲ ਗਿਆ। ਲੋਕਾਂ ਦੇ ਹੱਥਾਂ ਵਿਚ ਖ਼ਰੀਦੀਆਂ ਚੀਜ਼ਾਂ ਦੇ ਬੈਗ ਘਟ ਹੀ ਸਨ। ਉਹ ਤਾਂ ਸਪੈਸ਼ਲ ਸੇਲ ਤੇ ਸਟੋਰ ਦੇ ਦੀਵਾਲੀਆ ਹੋਣ ਦੀ ਖ਼ਬਰ ਸੁਣ ਕੇ ਆਏ ਸਨ ਕਿ ਸ਼ਾਇਦ ਲੁੱਟ ਹੀ ਪੈ ਗਈ ਹੋਵੇ।

ਰੈਸਟੋਰੈਂਟ ਵਿਚ ਕਿਧਰੇ ਕੋਈ ਟੇਬਲ ਖਾਲੀ ਨਜ਼ਰ ਨਹੀਂ ਆ ਰਿਹਾ ਸੀ। ਸਾਨੂੰ ਖੜਿਆਂ ਨੂੰ ਦੇਖ ਕੇ ਇਕ ਬਜ਼ੁਰਗ ਗੋਰਾ ਆਪਣੀ ਪਤਨੀ ਨਾਲ ਉਠਦਿਆ ਕਹਿਣਾ ਲੱਗਾ, "ਅਸੀਂ ਉੱਠਦੇ ਹਾਂ, ਐਥੇ ਬੈਠ ਜਾਓ," ਅਸੀਂ ਉਹਨਾਂ ਦਾ ਧੰਨਵਾਦ ਕੀਤਾ।

ਮੈਨੂੰ ਬਿਠਾ ਕੇ ਅਮਜਦ ਆਪ ਕੌਫੀ ਲੈਣ ਚਲਿਆ ਗਿਆ।

ਕੰਮਕਾਰ ਦੀਆਂ ਗੱਲਾਂ ਪਿਛੋਂ ਅਮਜਦ ਨੇ ਸੋਮਾਲੀਆਂ ਦੇ ਗ੍ਰਹਿ ਯੁਧ ਦੀ ਵਿਥਿਆ ਛੇੜ ਲਈ। ਪਰ ਛੇਤੀ ਹੀ ਉਸ ਨੇ ਯੋਗੋ ਸਲਾਵੀਆ ਉਪਰ ਹੋ ਰਹੀ ਬੰਬਾਰੀ ਵੱਲ ਗੱਲ ਮੋੜ ਦਿੱਤੀ।

ਅਮਜਦ ਮੈਨੂੰ ਕਹਿਣ ਲੱਗਾ, "ਤੈਨੂੰ ਪਤੇ ਨੌਰਮ, ਪਿਛਲੇ ਹਫਤੇ ਵੈਨਕੂਵਰ ਵਿੱਚ ਅਮਰੀਕਨ ਟਰੇਡ-ਕਮਿਸ਼ਨਰ ਦੇ ਦਫਤਰ ਅੱਗੇ ਕਿੱਡਾ ਵੱਡਾ ਰੋਸ ਮੁਜ਼ਾਹਰਾ ਹੋਇਆ ਸੀ?"

"ਹਾਂ, ਮੈਂ ਵੀ ਉਥੇ ਹੀ ਸੀ। ਮੈਂ ਤਾਂ ਹਰ ਹਫਤੇ ਹੀ ਜਾਂਦਾ ਰਿਹੈ ਹਾਂ," ਨੌਰਮ ਨੇ ਤੁਰੰਤ ਹੀ ਉੱਤਰ ਦਿੱਤੇ।

"ਫੇਰ ਤਾਂ ਯਾਰ ਜੇ ਕਦੇ ਤੂੰ ਅੱਜ ਦੀ ਥਾਂ, ਪਿਛਲੇ ਹਫਤੇ ਮੈਨੂੰ ਮਿਲ ਪੈਂਦੇ ਤਾਂ ਕੀ ਕਹਿਣਾ ਸੀ," ਅਮਜਦ ਨੇ ਭਾਵਕ ਹੋ ਕਿਹਾ।

"ਤੂੰ ਤਾਂ ਅਮਜਦ ਸੱਚ ਮੁੱਚ ਹੀ ਅਮਨ-ਸਿਪਾਹੀ ਐਂ।"

"ਤੇ ਤੂੰ ਵੀ ਤਾਂ ਅਮਨ ਸਿਪਾਹੀ ਐਂ।"

ਦੋਵੇਂ ਉੱਚੀ ਉੱਚੀ ਹੱਸ ਪਏ। ਲਾਗੇ ਬੈਠੇ ਕੌਫੀ ਪੀਣ ਵਾਲੇ ਉਨ੍ਹਾਂ ਵੱਲ ਦੇਖਣ ਲੱਗੇ। ਅਮਜਦ ਨੇ ਖ਼ੁਸ਼ੀ ਵਿੱਚ ਮੇਰੇ ਦੋਵੇਂ ਹੱਥ ਘੁੱਟ ਲਏ।

"ਦੇਖੋ ਯਾਰੋ ਕਿੱਡੀ ਹਨੇਰ ਗਰਦੀ ਐ। ਕੋਈ ਅਮਰੀਕਾ ਦੀ ਗੁੰਡਾ ਗਰਦੀ ਅੱਗੇ ਚੂੰ ਨਹੀਂ ਕਰਦਾ। ਯੂ. ਐਨ. ਓ. ਤਾਂ ਜਿਵੇਂ ਯਤੀਮ ਬੱਚਾ ਹੀ ਹੋਵੇਂ ਤੇ ਉਸ ਦਾ ਸੈਕਟਰੀ ਤਾਂ ਲੱਗਦੇ ਯਰਗਮਾਲ ਹੀ ਬਣਾਇਆ ਹੋਇਆ", ਮੈਂ ਗੁੱਸੇ ਨਾਲ ਕਿਹਾ।

ਅਮਜਦ ਚੁੱਪ ਸੁਣ ਰਿਹਾ ਸੀ। ਉਸ ਦਾ ਚਿਹਰਾ ਡਾਢੀ ਪੀੜ ਵਿੱਚ ਕਸਿਆ ਹੋਇਆ ਜਾਪਦਾ ਸੀ। ਪਿਛਲੇ ਹਫਤੇ ਦੇ ਰੋਸ ਮੁਜ਼ਾਹਰੇ ਵਿੱਚ ਹਜ਼ਾਰਾਂ ਲੋਕਾਂ ਦੇ ਚਿਹਰੇ ਵੀ ਅਮਜਦ ਦੇ ਚਿਹਰੇ ਵਾਂਗ ਪੀੜ ਪੀੜ ਸਨ। ਮੈਂ ਚੌਫੇਰੇ ਈਟਨ ਵਿੱਚ ਸ਼ੌਪਿੰਗ ਲਈ ਆਏ ਲੋਕਾਂ ਦੇ ਚਿਹਰੇ ਵੀ ਉਦਾਸ ਉਦਾਸ ਦੇਖੇ। ਜਿਨ੍ਹਾਂ ਦੀ ਸੁੰਨੀ ਜੇਬ ਕੁਝ ਖਰੀਦ ਨਾ ਸਕਣ ਕਾਰਨ ਬੇਬਸ ਸੀ। ਉਹਨਾਂ ਦੀਆਂ ਅੱਖਾਂ ਸਸਤੀਆਂ ਚੀਜ਼ਾਂ ਦੀ ਭਾਲ ਵਿੱਚ ਚਿੰਤਾ ਨਾਲ ਵਿਆਕੁਲ ਸਨ।

ਅਮਜਦ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਕਹਿਣ ਲੱਗਾ, "ਨੌਰਮ ਤੂੰ ਯੂ. ਐਨ. ਓ. ਦੇ ਸੈਕਟਰੀ ਦੇ ਯਰਗਮਾਲ ਬਣਾਏ ਜਾਣ ਦੀ ਗੱਲ ਕਰਦੈਂ, ਤੇਰੇ ਸਾਹਮਣੇ ਸਾਰੀ ਦੁਨੀਆਂ ਹੀ ਯਰਗਮਾਲ ਬਣਾਈ ਹੋਈ ਹੈ। ਅਮਰੀਕਾ ਨੂੰ ਕੋਈ ਵਰਜਣ ਵਾਲਾ ਨਹੀਂ। ਸੋਵੀਅਤ ਯੂਨੀਅਨ ਰਿਹੈ ਨਹੀਂ," ਅਮਜਦ ਨੇ ਹਾਉਕਾ ਲੈਂਦਿਆਂ ਕਿਹਾ। ਕੁਝ ਕੁ ਛਿਣਾਂ ਦੀ ਚੁੱਪ ਮਗਰੋ ਫਿਰ ਕਹਿਣ ਲੱਗਾ, "ਜਿਥੇ ਦਿਲ ਕਰਦਾ ਜਾ ਬੰਬ ਸੁੱਟਦੈ। ਕਦੇ ਮੇਰੇ ਸੋਮਾਲੀਆ ਵਿਚ ਕਦੇ ਲਿੱਬੀਆ ਤੇ ਕਦੇ ਇਰਾਕ ਵਿੱਚ। ਪਹਿਲਾਂ ਕੋਰੀਆ, ਫਿਰ ਵੀਤ-ਨਾਮ ਦੇ ਫੇਰ ਗਰਨੇਡਾ ਤੇ ਪਾਨਾਮਾ। ਕੋਈ ਇਕ ਥਾਂ ਹੈ। ਆਹ ਤੁਹਾਡੇ ਇੰਡੀਆ ਵਿੱਚ ਟੇਢੇ ਵਿੰਗੇ ਢੰਗ ਨਾਲ। ਗੁੱਟ ਨਿਰਲੇਪਤਾ ਦਾ ਮੋਢੀ ਯੋਗੋਸਵਾਲੀਆ ਮਜ਼ਲੂਮਾਂ ਬਣਿਆ ਹੋਇਆ, ਤੱਬਾਹ ਕੀਤਾ ਜਾ ਰਿਹੈ। ਮਿਸਰ ਚੁੱਪ ਹੈ। ਗੁੱਸਾ ਨਾ ਮੰਨੀਂ ਤੇਰਾ ਦੇਸ਼ ਵੀ ਬੇਸ਼ਰਮਾਂ ਵਾਂਗੂ ਅਮਰੀਕਾ ਅੱਗੇ ਅੱਖ ਨਹੀਂ ਪੁੱਟ ਰਿਹੈ। ਨਾਟੋ ਦਾ ਮਾਫੀਆ ਗਰੋਹ ਪਤਾ ਪਤਾ ਨਹੀਂ ਹੋਰ ਕੀ ਕਰੇ"।

'ਨਾ ਅਖ਼ਬਾਰਾਂ ਵਿਚ ਨਾ ਰੇਡੀਓ ਤੇ ਟੀ. ਵੀ. ਉਪਰ ਨਾਟੋ ਦੀ ਬੰਬ ਬਾਰੀ ਵਿਰੁੱਧ ਕੋਈ ਖ਼ਬਰ ਆ ਰਹੀ ਐ। ਕਨੇਡਾ ਵੀ ਤਾਂ ਅਮਰੀਕਾ ਦੀ ਝੋਲੀ ਵਿਚ ਹੀ ਐ," ਮੈਂ ਕਿਹਾ।

"ਇੱਕ ਪੱਖੀ ਖ਼ਬਰਾਂ ਦੇਣ ਕਰਕੇ ਹੀ ਮੌਂਟਰੀਆਲ ਲੋਕਾਂ ਨੇ ਪੱਤਰਕਾਰਾਂ ਤੇ ਟੀ. ਵੀ. ਕੈਮਰਿਆਂ ਵਾਲਿਆਂ ਦੇ ਮੂੰਹਾਂ ਤੇ ਆਂਡੇ ਮਾਰੇ ਸੀ," ਨੌਰਮ ਨੇ ਰੜਕਾ ਕੇ ਕਿਹਾ।

"ਚੱਲ ਛੱਡ ਯਾਰ, ਬਹੁਤ ਕਰ ਲਈ ਰਾਜਨੀਤੀ ਦੀ ਚਰਚਾ। ਅੱਛਾ ਆਪ ਦੇ ਵਿਆਹ, ਪਰਵਾਰ ਤੇ ਨਿਆਣੇ ਨਿੱਕਿਆਂ ਬਾਰੇ ਦੱਸ," ਮੈਂ ਗੱਲ ਨੂੰ ਮੋੜਾ ਦਿੰਦਿਆ ਕਿਹਾ।

"ਸੱਚੀ ਗੱਲ ਤਾਂ ਇਹ ਹੈ ਨੌਰਮ, ਮੇਰੀ ਕਹਾਣੀ ਇਹਨਾਂ ਗੱਲਾਂ ਤੋਂ ਬਾਹਲੀ ਵੱਖਰੀ ਨਹੀਂ," ਇਹ ਆਖ ਕੇ ਅਮਜਦ ਸਟੋਰ ਦੀ ਭੀੜ ਵੱਲ ਬੇਮਤਲਬ ਜਿਹਾ ਦੇਖਣ ਲੱਗਾ। ਉਸ ਨੇ ਕੌਫੀ ਦੇ ਕੱਪ ਵਿਚੋਂ ਨਿਕੀ ਜਿਹੀ ਘੁੱਟ ਭਰ ਕੇ, ਕੱਪ ਫਿਰ ਟੇਬਲ ਤੇ ਰੱਖ ਦਿੱਤਾ। ਫਿਰ ਕੱਪ ਨੂੰ ਦੋਵਾਂ ਹੱਥਾਂ ਵਿਚ ਘੁਮਾਉਣ ਲੱਗਾ ਤੇ ਕੱਪ ਵਿਚ ਇਉਂ ਦੇਖਣ ਲਗਿਆ



ਜਿਵੇਂ ਦਰੋਪਤੀ ਦੇ ਸੁਵੰਬਰ ਸਮੇਂ ਮੱਛੀ ਦੀ ਅੱਖ ਦਾ ਨਿਸ਼ਾਨਾ ਬਣਾਉਣ ਤੋਂ ਪਹਿਲਾਂ, ਅਰਜਨ ਤੇਲ ਦੇ ਕੜਾਹੇ ਵਿੱਚ ਦੇਖ ਰਿਹਾ ਸੀ।

ਮੈਂ ਉਸ ਦੀਆਂ ਹਰਕਤਾਂ ਤੋਂ ਅੰਦਾਜ਼ਾ ਲਾਇਆ ਕਿ ਅਮਜਦ ਨੂੰ ਸਮਝ ਨਹੀਂ ਆ ਰਹੀ ਕਿ ਉਹ ਆਪ ਦੀ ਕਥਾ ਕਿਥੋਂ ਸ਼ੁਰੂ ਕਰੇ।

'ਮੇਰੀ ਕਹਾਣੀ ਬਹੁਤ ਲੰਮੀ ਹੈ, ਨੌਰਮ," ਅਮਜਦ ਨੇ ਮੇਰੀਆਂ ਅੱਖਾਂ ਵਿੱਚ ਸਿੱਧਾ ਦੇਖਦਿਆਂ ਕਹਿਣਾ ਸ਼ੁਰੂ ਕੀਤਾ, "ਫਿਰ ਵੀ ਸੰਖੇਪ ਵਿੱਚ ਇਉਂ ਹੈ ਕਿ ਜਦੋਂ ਆਪਾਂ ਇਕੱਠੇ ਕੰਮ ਕਰਦੇ ਹੁੰਦੇ ਸੀ ਨਾ, ਉਸ ਵੇਲੇ ਮੈਂ ਕੁਝ ਪੈਸੇ ਜੋੜ ਲਏ ਸੀ। ਮੇਰੀ ਮਾਂ ਦੀਆਂ ਕਈ ਚਿੱਠੀਆਂ ਆਈਆਂ ਕਿ ਆ ਕੇ ਵਿਆਹ ਕਰਵਾ ਜਾ। ਉਹ ਉਸ ਵੇਲੇ ਪਿੰਡ ਛੱਡ ਕੇ ਮੋਗਾਦੀਸ਼ੂ ਵਿਚ ਆ ਗਏ ਸੀ। ਮੇਰੇ ਅੱਬਾ ਨੇ ਉਥੇ ਇਕ ਛੋਟੀ ਜਿਹੀ ਹੱਟੀ ਖੋਹਲ ਲਈ ਸੀ। ਮੇਰਾ ਉਥੇ ਜਾਣ ਤੋਂ ਛੇਤੀ ਪਿਛੋਂ ਨਸੀਰਾਂ ਨਾਲ ਵਿਆਹ ਹੋ ਗਿਆ। ਮੇਰੀ ਬੀਵੀ ਬਹੁਤ ਸਿਆਣੀ ਹੈ। ਮੇਰੇ ਅੱਬਾ ਨੇ ਮੈਨੂੰ ਕੁਛ ਨਾ ਦਿੱਤਾ। ਮੇਰੇ ਘਰ ਇਕ ਬੱਚੀ ਨੇ ਜਨਮ ਲਿਆ। ਪਰ ਛੇਤੀ ਹੀ ਖਾਨਾ ਜੰਗੀ ਸ਼ੁਰੂ ਹੋ ਗਈ। ਫੌਜੀ ਸਰਕਾਰ ਅਮਰੀਕਾਂ ਦੀ ਰਖੇਲ ਬਣੀ, ਲੋਕਾਂ ਉਪਰ ਜਬਰ ਕਰ ਰਹੀ ਸੀ। ਲੋਕ ਅਜਿਹੀ ਸਰਕਾਰ ਨਹੀਂ ਚਾਹੁੰਦੇ ਸਨ। ਅੰਨ੍ਹਾ ਫੌਜੀ ਜਬਰ ਲੋਕ ਕਿਵੇਂ ਬਰਦਾਸ਼ਤ ਕਰਦੇ। ਦੇਸ਼ ਭਗਤਾਂ ਲਿਬਰੇਸ਼ਨ ਆਰਮੀ ਬਣਾ ਲਈ। ਨੌਜੁਆਨ ਮੁੰਡੇ ਕੁੜੀਆਂ ਗੁਰੀਲਾ ਆਰਮੀ ਵਿੱਚ ਹਜ਼ਾਰਾਂ ਵਿਚ ਭਰਤੀ ਹੋ ਗਏ। ਜੋ ਨਹੀਂ ਵੀ ਭਰਤੀ ਹੋਏ ਉਹ ਵੀ ਦਾਅ ਲਾ ਕੇ ਐਕਸ਼ਨ ਕਰ ਜਾਂਦੇ। ਲਿਬਰੇਸ਼ਨ ਫੌਜੀਆਂ ਰਾਜਧਾਨੀ ਮੋਗਾਦੀਸ਼ੂ ਤੇ ਕਬਜ਼ਾ ਕਰ ਲਿਆ। ਅਮਨ ਦੇ ਨਾਂ ਉਪਰ ਅਮਰੀਕਨ ਫੌਜ ਆ ਗਈ। ਅਮਰੀਕਨ ਫੌਜੀ ਸੁਮਾਲੀਅਨ ਕੁੜੀਆਂ ਨਾਲ ਬਲਾਤਕਾਰ ਕਰਨ ਲੱਗੇ। ਲਿਬਰੇਸ਼ਨ ਫੌਜਾਂ ਨੇ ਬਦਲੇ ਦੀ ਭਾਵਨਾ ਨਾਲ ਕਈ ਅਮਰੀਕਨ ਫੌਜਣ ਕੁੜੀਆਂ ਅਗਵਾ ਕਰਕੇ ਕਤਲ ਕਰ ਦਿੱਤੀਆਂ। ਉਹਨਾਂ ਮੋਗਾਦੀਸ਼ੂ ਤੇ ਹੋਰ ਕਈ ਕਸਬੇ ਬੰਬਾਂ ਨਾਲ ਤਬਾਹ ਕਰ ਦਿੱਤੇ। ਮੁਕਦੀ ਗੱਲ ਹਾਲਤ ਬਹੁਤ ਹੀ ਵਿਗੜ ਗਈ। ਮੇਰੇ ਅੱਬਾ ਨੇ ਮੈਨੂੰ ਫੇਰ ਏਧਰ ਭੇਜ ਦਿੱਤਾ। ਹਜ਼ਾਰਾਂ ਲੋਕ ਰਫੀਊਜੀ ਬਣਕੇ ਲਾਗਲੇ ਦੇਸ਼ਾਂ ਵਿਚ ਚਲੇ ਗਏ।"

"ਹੁਣ ਤੁਹਾਡਾ ਪਰਵਾਰ ਕਿਥੇ ਹੈ ?"

"ਸਾਡਾ ਸਾਰਾ ਪਰਵਾਰ, ਭਰਾਵਾ, ਖੇਰੂ ਖੇਰੂ ਹੋ ਗਿਆ ਹੈ," ਅਮਜਦ ਨੇ ਗਲ ਭਰ ਕੇ ਕਿਹਾ।

"ਉਹ ਕਿਵੇਂ ?" ਮੈਂ ਫੇਰ ਪੁੱਛਿਆ।

"ਮੇਰੀ ਮਾਂ ਮੇਰੀ ਛੋਟੀ ਭੈਣ ਨੂੰ ਲੈ ਕੇ ਮਿਸਰ ਚਲੀ ਗਈ," ਉਸ ਨੇ ਕਿਹਾ, "ਤੇ ਮੇਰਾ ਛੋਟਾ ਭਰਾ ਸਵੀਡਨ ਚਲਿਆ ਗਿਆ, ਉਥੇ ਉਸ ਨੇ ਵਿਆਹ ਕਰਵਾ ਲਿਆ ਹੈ। ਤੇ ਮੈਂ ਤੇਰੇ ਸਾਹਮਣੇ ਏਥੇ ਹੀ ਹਾਂ। ਇਉ ਅਸੀਂ ਸਾਰੇ ਖਿੰਡ ਗਏ ਹਾਂ। ਟੱਬਰ ਬੋਟੀ ਬੋਟੀ ਹੋ ਗਿਆ ਹੈ। ਮੈਨੂੰ ਇਸ ਦਾ ਬੜਾ ਦੁੱਖ ਹੈ।" ਇਹ ਕਹਿ ਕੇ ਉਸ ਨੇ ਅੱਖਾਂ ਭਰ ਲਈਆਂ।

"ਤੇ ਤੇਰਾ ਅੱਬਾ ?"

"ਮੇਰਾ ਅੱਬੂ," ਉਸ ਨੇ ਫਿਰ ਕਰਾਰ ਫੜਦਿਆਂ ਮਾਣ ਨਾਲ ਚਿਹਰੇ ਤੋਂ ਉਦਾਸੀ ਛੰਡਦਿਆਂ ਕਿਹਾ, "ਉਹ ਤਾਂ ਸੋਮਾਲੀਆਂ ਦੀ ਧਰਤੀ ਦਾ ਪੁੱਤਰ ਹੈ। ਉਹ ਮਰਨੀ ਮਰ

ਜਾਊ, ਪਰ ਉਸ ਦੀ ਕਬਰ ਸੋਮਾਲੀਆ ਤੋਂ ਬਾਹਰ ਨਹੀਂ ਬਣੇਗੀ ਸੀ। ਉਸ ਨੇ ਸਾਨੂੰ ਕਿਹਾ ਜਾਓ ਜਿਥ ਜਾਣਾ। ਮੈਂ ਤਾਂ ਮੋਗਾਦੀਸ਼ੂ ਵਿਚ ਹੀ ਮਰਾਂਗਾ। ਉਸ ਦੇ ਸੁਮਾਲੀ ਲਿਬਰੇਸ਼ਨ ਆਰਮੀ ਨਾਲ ਨੇੜੇ ਦੇ ਸੰਬੰਧ ਸੀ। ਉਸ ਦੀ ਨਿਕੀ ਜਿਹੀ ਦੁਕਾਨ ਗੁਰੀਲਿਆਂ ਦਾ ਸੰਪਰਕ ਕੇਂਦਰ ਸੀ। ਇਸ ਦਾ ਉਸ ਨੂੰ ਡਾਢਾ ਮਾਣ ਸੀ।" ਉਹ ਫਿਰ ਇਕ ਦਮ ਉਦਾਸ ਸੁਰ ਵਿੱਚ ਕਹਿਣ ਲੱਗਾ, "ਪਰ", ਪਰ ਆਖ ਕੇ ਉਹ ਜ਼ਰਾ ਰੁਕਿਆ ਤੇ ਬੋਲਿਆ, "ਪਰ, ਸਭ ਤੋਂ ਵੱਡਾ ਦੁਖ ਤਾਂ ਇਹ ਹੈ ਕਿ ਸਾਡੇ ਟੱਬਰ ਵਿੱਚ ਕੁਝ ਵੀ ਸੁਮਾਲੀ ਨਹੀਂ ਬਚਿਆ।"੦

"ਉਹ ਕਿਵੇਂ ?" ਮੈਂ ਹੋਰ ਜਾਣਨ ਲਈ ਪੁੱਛਿਆ।

'ਪਹਿਲਾਂ ਤਾਂ ਸਾਡਾ ਟੱਬਰ, ਚਹੁੰ ਮਹਾਂਦੀਪਾਂ ਵਿੱਚ ਖਿੰਡਿਆ ਪਿਆ। ਇਕ ਛੱਤ ਹੇਠ ਵੀ ਨਹੀਂ। ਸਭ ਤੋਂ ਵੱਡੀ ਤੇ ਮਾੜੀ ਗੱਲ ਇਹ ਹੈ, ਸਾਡੀ ਬੋਲੀ ਨਹੀਂ ਰਹੀ। ਅਸੀਂ ਸੁਮਾਲੀ ਬੋਲੀ ਤਿਆਗ ਦਿੱਤੀ ਜਾਂ ਹਾਲਾਤਾਂ ਨੇ ਸਾਡੇ ਕੋਲੋਂ ਖੋਹ ਲਈ। ਕੁਝ ਵੀ ਕਹਿ ਲਵੋ, ਅਸੀਂ ਬੋਲੀ ਬਿਨਾਂ ਕੰਗਾਲ ਹੋ ਗਏ ਹਾਂ। ਸਾਨੂੰ ਦਿਲਾਂ ਨਾਲ ਜੋੜਨ ਵਾਲਾ ਸੰਪਰਕ ਸਾਡੀ ਬੋਲੀ ਸਾਡੇ ਕੋਲ ਨਹੀਂ ਰਹੀ।" ਉਹ ਜ਼ਰਾ ਰੁਕਿਆ ਅਤੇ ਉਸ ਨੇ ਨੀਵੀਂ ਪਾ ਲਈ। ਤੇ ਫਿਰ ਸੋਚ ਸੋਚ ਕੇ ਦਿਲਾਂ ਦੀਆਂ ਗਹਿਰਾਈਆਂ ਵਿਚੋਂ ਮਧਮ, ਉਦਾਸ ਆਵਾਜ਼ ਵਿਚ ਕਹਿਣ ਲਗਾ," ਮਿਸਰ ਵਿਚ ਮੇਰੀ ਮਾਂ ਨਾਲ ਰਹਿੰਦੀ, ਮੇਰੀ ਛੋਟੀ ਭੈਣ ਤਾਂ ਸੁਮਾਲੀ ਭੁੱਲ ਗਈ ਹੈ ਤੇ ਉਹ ਅਰਬੀ ਬੋਲਦੀ ਹੈ। ਮੇਰਾ ਭਾਈ ਸਵੀਡਸ਼ ਰਲੀ ਚੂਰਾ ਜਿਹਾ ਸੁਮਾਲੀ ਬੋਲਦਾ ਹੈ। ਜਦੋਂ ਸਾਡੀ ਬੋਲੀ ਹੀ ਨਹੀਂ ਰਹੀ ਤੇ ਸਾਡੇ ਕੋਲ ਕੀ ਰਹਿ ਗਿਆ। 'ਤੇ ਸਾਡੀ ਅਗਲੀ ਪੀੜ੍ਹੀ ਮੇਰੇ ਬੱਚੇ, ਮੇਰੇ ਭਤੀਜੇ ਭਤੀਜੀਆਂ ਤੇ ਮੇਰੇ ਭਾਣਜੇ ਭਾਣਜੀਆਂ ਕੋਲ ਸੁਮਾਲੀ ਦਾ ਕੋਈ ਸ਼ਬਦ ਵੀ ਨਹੀਂ ਰਹੇਗਾ। ਸਾਡਾ ਟੱਬਰ ਤਾਂ ਉਸ ਮਸ਼ੀਨ ਵਰਗਾ ਵੀ ਨਹੀਂ, ਜੋ ਵੱਖ ਵੱਖ ਦੇਸ਼ਾਂ ਤੋਂ ਪੁਰਜ਼ੇ ਲਿਆ ਕੇ ਜੋੜੀ ਜਾਂਦੀ ਹੈ। ਅਸੀਂ ਤਾਂ ਕਬਾੜ ਖਾਨਾ ਜਿਸ ਦੀ ਟੁੱਟ ਭੱਜ ਅੱਡੋ ਅੱਡ ਦੇਸ਼ਾਂ ਨੂੰ ਢਲਾਈ ਲਈ ਭੇਜ ਦਿੱਤੀ ਜਾਂਦੀ ਹੈ।"

ਇਹ ਆਖਕੇ ਅਮਜਦ ਚੁੱਪ ਹੋ ਗਿਆ। ਉਹ ਅੱਖਾਂ ਮੀਟ ਕੇ ਮੱਥੇ ਤੇ ਹੱਥ ਰੱਖ ਕੇ ਬੈਠ ਗਿਆ।

ਮੈਂ ਉਸ ਦੀ ਚੁੱਪ ਵਿਚੋਂ ਪੀੜਾਂ ਦੇ ਗੁਬਾਰ ਉਠਕੇ ਦੇਖ ਸਕਦਾ ਸੀ। ਉਸ ਵਿਚ ਇੰਨੀ ਹਿੰਮਤ ਵੀ ਨਹੀਂ ਬਚੀ ਸੀ ਕਿ ਉਹ ਮੇਰੇ ਪਰਵਾਰ ਬਾਰੇ ਕੁਝ ਪੁੱਛਦਾ। ਉਸ ਨੇ ਗੁੱਟ ਤੇ ਲੱਗੀ ਘੜੀ ਵੱਲ ਵੇਖ ਜੇਬ ਵਿਚੋਂ ਪੈੱਨ ਕੱਢਦੇ ਨੇ ਕਿਹਾ, "ਮੈਨੂੰ ਆਪ ਦਾ ਫੂਨ ਨੰਬਰ ਲਿਖਾ, ਮੈਂ ਫੇਰ ਫੂਨ ਕਰਾਂ ਗਾ।" ਉਸ ਨੇ ਅੱਖਾਂ ਦੇ ਅੱਥਰੂ ਪੂੰਝਦੇ ਨੇ ਮੇਰੇ ਨਾਲ ਹੱਥ ਮਿਲਾਇਆ।

ਕੌਫ਼ੀ ਸ਼ਾਪ ਵਿਚੋਂ ਨਿਕਲ ਕੇ ਮੈਂ ਤੇ ਅਮਜਦ ਦੀਵਾਲੀਆ ਹੋਏ ਇਕ ਸਦੀ ਪੁਰਾਣੇ ਈਟਨ ਸਟੋਰ ਦੀ ਸੇਲ ਉਤੇ ਆਈ ਭੀੜ ਵਿਚ ਗੁਆਚ ਗਏ। ਮੈਂ ਅਮਜਦ ਦੇ ਦੁਖਾਂਤ ਬਾਰੇ ਸੋਚਦਾ ਉਸ ਦੇ ਉਸ ਦੀ ਬੋਲੀ ਨਾਲ ਮੋਹ ਨੂੰ ਮਾਪਣ ਦਾ ਨਿਸਫਲ ਯਤਨ ਕਰ ਰਿਹਾ ਸੀ। ਜਦੋਂ ਮੈਂ ਆਪ ਦੇ ਬਾਰੇ ਸੋਚਿਆ ਤਾਂ ਮੈਨੂੰ ਆਪਣਾ ਆਪ ਅਮਜਦ ਦਾ ਰੂਪ ਧਾਰਦਾ ਲੱਗਿਆ। ●





## ਪੰਜਾਬੀ ਸੱਭਿਆਚਾਰ ਦਾ ਯਥਾਰਥਿਕ ਚਿਤਰਣ-'ਮੋਹ ਮਿੱਟੀ'

ਸੁਖਵੰਤ ਕੌਰ ਮਾਨ ਦਾ ਕਹਾਣੀ ਸੰਗ੍ਰਹਿ 'ਮੋਹ ਮਿੱਟੀ' ਵਰਤਮਾਨ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਸਥਿਤੀਆਂ ਦੇ ਸੰਕਟ ਨੂੰ ਚਿਤਰਦਾ ਅਤੇ ਪੰਜਾਬੀ ਕਿਸਾਨੀ ਅਤੇ ਸ਼ਹਿਰੀ ਮੱਧਵਰਗ ਦੇ ਦਵੰਦ ਦਾ ਸੰਵਾਦ ਪੇਸ਼ ਕਰਦਾ ਹੈ। ਮਾਨ ਕਹਾਣੀ ਪੱਖੋਂ ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਕਤਾਰ ਵਿਚ ਸ਼ਾਮਿਲ ਹੁੰਦੀ ਹੈ। ਭਾਵੇਂ ਉਸਦਾ ਉਪਰੋਕਤ ਕਹਾਣੀ ਸੰਗ੍ਰਹਿ ਮੌਜੂਦਾ ਸਮੇਂ ਵਿਚ ਰੂਪਮਾਨ ਹੁੰਦਾ ਹੈ। ਪਰ ਕਹਾਣੀ ਦੀ ਰਮਜ਼, ਟੈਕਨੀਕ, ਵਿਸ਼ਾ ਤੇ ਪੇਸ਼ਕਾਰੀ ਤੀਸਰੀ ਪੀੜ੍ਹੀ ਦੀ ਕਹਾਣੀ ਵਾਂਗ ਹੀ ਵਿਸ਼ਲੇਸ਼ਣ ਕਰਦੀ ਹੈ। ਉਹ ਟੁੱਟ ਰਹੀ ਕਿਸਾਨੀ ਦੇ ਸੰਤਾਪ, ਗਰੀਬੀ ਨੂੰ ਪੇਸ਼ ਕਰਦਿਆਂ ਪਿੰਡੋਂ ਉਠ ਕੇ ਨੌਕਰੀ ਕਰਨ ਚਲੇ ਗਏ ਲੋਕਾਂ ਦਾ ਜੋ ਸ਼ਹਿਰੀ ਮੱਧ ਵਰਗ ਦਾ ਸ਼ਿਕਾਰ ਹੋ ਗਏ ਅਤੇ ਆਪਣੀ ਹਿੱਸੇ ਆਈ ਭੌਂ ਵੇਚ ਗਏ ਹਨ, ਦੇ ਪਿੰਡ ਵਿਚ ਮਿਲਣ ਆਇਆਂ ਨਾਲ ਸੰਵਾਦ ਰਚਾਉਂਦੇ ਹੋਏ ਇਸ ਸੰਕਟ ਨੂੰ ਪੇਸ਼ ਕਰਦੀ ਹੈ। ਉਸਦੀਆਂ ਕਈ ਕਹਾਣੀਆਂ ਇਸੇ ਰੂਪ ਵਾਲੀ ਟੈਕਸਟ ਦੀ ਸਿਰਜਣਾ ਕਰਦੀਆਂ ਹਨ।

ਮਾਨ ਦੀਆਂ ਦੋ ਕਹਾਣੀਆਂ ਪਾਕਿਸਤਾਨ ਦੀ ਵੰਡ ਦਾ ਵਿਸ਼ਲੇਸ਼ਣ ਕਰਦੀਆਂ ਹਨ। 'ਚੱਟੂ' ਅਤੇ 'ਜਿੱਤ' ਵਿਚ ਪਾਕਿਸਤਾਨ ਤੋਂ ਆਏ ਉਜੜੇ ਪਰਿਵਾਰਾਂ ਦੀ ਦਾਸਤਾਨ ਨੂੰ ਪੇਸ਼ ਕਰਦਿਆਂ ਉਸ ਸਮੇਂ ਵਿਚਲੇ ਵਿਕਾਸ ਅਤੇ ਭਰ ਚੁੱਕੇ ਜ਼ਖਮਾਂ ਦੀ ਪੇਸ਼ਕਾਰੀ ਕਰਦੀ ਹੈ। 'ਚੱਟੂ' ਨੂੰ ਜਦ ਕੁੜੀ ਪਾਕਿਸਤਾਨੋਂ ਭਜਦਿਆਂ ਸਿਰ ਤੇ ਚੁੱਕ ਲਿਆਈ ਸੀ, ਭਾਵੇਂ ਉਹ ਗੱਡੀ ਦੀ ਲਾਈਨ ਤੇ ਡਿੱਗਦਿਆਂ ਗੱਡੀ ਥੱਲੇ ਆਉਣ ਤੋਂ ਮਸਾਂ ਬਚੀ ਸੀ, ਪਰ ਚੱਟੂ ਉਸ ਨੇ ਛੱਡਿਆ ਨਹੀਂ ਸੀ। ਉਹ ਚੱਟੂ ਤੇ ਮਿਰਚਾਂ ਰਗੜੇ ਕੇ ਉਸ ਨਾਲ ਰੋਟੀਆਂ ਖਾਂਦੇ ਰਹੇ ਸਨ, ਪਰ ਸਮਾਂ ਬਦਲਣ ਨਾਲ ਚੱਟੂ ਬਾਲਣ ਵਿਚ ਚਲੇ ਗਿਆ ਸੀ। ਵਰ੍ਹਿਆਂ ਦੇ ਸੁੱਖਾਂ ਅਤੇ ਮੁਸੀਬਤਾਂ ਤੋਂ ਬਚ ਨਿਕਲੇ ਪਰਿਵਾਰਾਂ ਨੂੰ ਚੱਟੂ ਦੁਸ਼ਮਣ ਨਜ਼ਰ ਆਉਂਦਾ ਹੈ ਅਤੇ ਉਹ ਕੁਹਾੜੇ ਦੇ ਇਕ ਵਾਰ ਨਾਲ ਹੀ ਕੁੜੀ ਦੇ ਦੁਸ਼ਮਣ 'ਚੱਟੂ' ਨੂੰ ਪਾੜ ਕੇ ਰੱਖ ਦਿੰਦੇ ਹਨ। ਇਹ ਕੁਹਾੜਾ ਉਹ ਚੱਟੂ ਨਹੀਂ ਸਗੋਂ ਪਾਕਿਸਤਾਨ ਦੇ ਮਾਰਦੇ ਹਨ। 'ਜਿੱਤ' ਵਿਚ ਵੀ ਪਾਕਿਸਤਾਨ ਤੋਂ ਭੱਜਿਆ ਪਰਿਵਾਰ ਆਪਣੇ ਕੱਪੜਿਆਂ ਦੇ ਟਰੰਕ ਮਰਾਸੀਆਂ ਦੇ ਘਰ ਛੱਡ ਆਉਂਦਾ ਹੈ। ਭਾਰਤ 'ਚ ਪਹੁੰਚ ਕੇ ਜਦ ਉਹ ਟਰੰਕ ਪਹੁੰਚਾਉਣ ਲਈ ਚਿੱਠੀਆਂ ਪਾਉਂਦੇ ਹਨ ਤਾਂ ਸਰਹੱਦ ਪਾਰ ਤੋਂ ਕੋਈ ਉੱਤਰ ਨਹੀਂ ਮਿਲਦਾ। ਜਿਸ ਕਾਰਣ ਪਰਿਵਾਰ ਖਿੱਝਦਾ ਅਤੇ ਗਾਲ੍ਹਾਂ ਕੱਢਦਾ ਹੈ। ਇਕ ਦਿਨ ਮਰਾਸੀਆਂ ਦੇ ਪਰਿਵਾਰ ਦੇ ਇਕ ਵਿਅਕਤੀ ਆਉਣ ਨਾਲ ਸਥਿਤੀ ਦਾ ਦੂਸਰਾ ਹੀ ਰੂਪ ਪੇਸ਼ ਹੁੰਦਾ ਹੈ। ਟਰੰਕਾਂ ਨੂੰ ਮਰਾਸੀਆਂ ਦੇ ਘਰੋਂ ਜਗੀਰਦਾਰ ਚੁੱਕ ਕੇ ਲੈ ਗਿਆ ਸੀ। ਮਰਾਸੀਆਂ ਦੇ ਮਿੰਨਤਾਂ ਕਰਨ ਅਤੇ ਬਿਗਾਨੀ ਅਮਾਨਤ ਕਹਿਣ ਕਾਰਣ ਉਹਨਾਂ ਦੇ ਸਾਰੇ ਪਰਿਵਾਰ ਨੇ ਪੁਲਿਸ ਕੋਲੋਂ ਕੁੱਟ ਖਾਧੀ ਸੀ। ਪਾਕਿਸਤਾਨ ਬਣਨ ਵੇਲੇ ਜਿਨ੍ਹਾਂ ਵੀ ਲੁੱਟ ਦਾ ਮਾਲ ਸੀ, ਉਹ ਤਾਕਤਵਾਰਾਂ ਦੇ ਘਰ ਹੀ ਚਲਾ ਗਿਆ ਸੀ। ਆਮ ਆਦਮੀ ਦੇ ਜੀਵਨ ਵਿਚ ਲੁੱਟ ਮਾਲ ਨੇ ਕੋਈ ਪਰਿਵਰਤਨ ਨਾ ਕੀਤਾ ਅਤੇ ਮਰਾਸੀ ਦੇ ਕਿਰਦਾਰ ਰਾਹੀਂ ਉਸਦੀ ਸਥਿਤੀ ਹੋਰ ਬਦ ਤੋਂ ਬਦਤਰ ਹੋ ਗਈ ਸੀ।

ਉਸਦਾ ਦੂਸਰਾ ਵਿਸ਼ਾ ਪੰਜਾਬ ਸੰਕਟ ਦਾ ਸਮਾਂ ਹੈ। 'ਸ਼ੇਰ' ਅਤੇ 'ਸੁੱਕੇ ਸਮੁੰਦਰ'

ਰਾਹੀਂ ਉਹ ਪੰਜਾਬ ਸੰਕਟ ਦੇ ਦਸਤਾਵੇਜ਼ ਨੂੰ ਪੇਸ਼ ਕਰਦੀ ਹੈ। 'ਸ਼ਰ' ਰਾਹੀਂ ਸਹਿਮ ਨੂੰ ਪੇਸ਼ ਕਰਦਿਆਂ ਸਾਰੀ ਰਾਤ ਜਾਗਦੀਆਂ ਰਹੀਆਂ ਦੋ ਭੈਣਾਂ ਦੀ ਕਹਾਣੀ ਨੂੰ ਪੇਸ਼ ਕਰਦਿਆਂ ਸਮੁਚੇ ਪੰਜਾਬ ਦੇ ਸੰਕਟ ਨੂੰ ਉਭਾਰਦੀ ਹੈ। ਸਧਾਰਨ ਤੁਰਦੇ ਫਿਰਦੇ ਵਿਅਕਤੀ ਵੀ ਖੌਫ ਸਮੇਂ ਕਿਵੇਂ ਹੋਣੀ ਦਾ ਰੂਪ ਧਾਰਦੇ ਹਨ। ਵਹਿਮ ਹੀ ਕਿਵੇਂ ਸਹਿਮ ਨੂੰ ਉਤਪੰਨ ਕਰਦਾ ਹੈ। 'ਸੁੱਕੇ ਸਮੁੰਦਰ' ਵੀ ਉਸ ਤ੍ਰਾਸਦਿਕ ਸਥਿਤੀ 'ਚ ਹੋ ਰਹੇ ਮਾਨਵ ਦੇ ਨਿਘਾਰ ਦੀ ਹੋਣੀ ਚਿਤਰਦੇ ਹਨ।

'ਚੂਹਾ ਅਤੇ ਕੀੜੀਆਂ' ਵਿਚ ਸ਼ਹਿਰੀ ਮੱਧ ਵਰਗ ਦੀ ਸਥਿਤੀ ਨੂੰ ਪੇਸ਼ ਕਰਦਿਆਂ ਮੱਧ ਵਰਗ ਦੇ ਦਮੂੰਹੇ ਹੋਣ ਨੂੰ ਚਿੱਤਰਦੀ ਹੈ। ਉਪਭੋਗਤਾਵਾਦ ਦਾ ਸ਼ਿਕਾਰ ਹੋ ਕੇ ਇਹ ਵਿਅਕਤੀ ਦੋਹਰੇ ਮਿਆਰਾਂ ਦੇ ਅਤੇ ਸਵੈਕੇਂਦਰਤ ਹੋ ਕੇ ਰਹਿ ਜਾਂਦੇ ਹਨ। ਪਰ ਉਹ ਇਸਦਾ ਚਿਤਰਣ ਸੈਕਸ ਦੇ ਸਵਾਰਥ ਰਾਹੀਂ ਹੀ ਪੇਸ਼ ਕਰਦੀ ਹੈ।

ਉਸਦਾ ਚੌਥਾ ਵਿਸ਼ਾ ਸ਼ਹਿਰੀ ਮੱਧ ਵਰਗ ਅਤੇ ਟੁੱਟ ਰਾਹੀਂ ਪੇਂਡੂ ਕਿਸਾਨੀ ਵਿਚਲਾ ਸੰਵਾਦ ਹੈ। ਘੱਟ ਰਹੀ ਜ਼ਮੀਨ, ਖਾਦਾਂ ਦਾ ਮਹਿੰਗੇ ਹੋਣਾ, ਕਿਸਾਨੀ ਦੀ ਖਰੀਦ ਸਮੱਰਥਾ ਦਾ ਘਟਣਾ, ਕਿਸ਼ਤਾਂ, ਸੁਸਾਇਟੀ ਦਾ ਵਿਆਜ ਅਤੇ ਤਿਲ ਤਿਲ ਮਰਦੀ ਜ਼ਿੰਦਗੀ ਨੂੰ ਪੇਸ਼ ਕਰਦਿਆਂ ਪਿੰਡੋਂ ਸ਼ਹਿਰ ਨੌਕਰੀ ਕਰਦੇ ਮੱਧ ਵਰਗ ਨੂੰ ਵੀ ਨਾਲ-ਨਾਲ ਪੇਸ਼ ਕਰਦੀ ਹੈ। ਮਾਨ ਅਨੁਸਾਰ ਮਹਿਸੂਸ ਹੁੰਦਾ ਹੈ ਕਿ ਸ਼ਹਿਰ ਮੱਧ ਵਰਗ ਦਾ ਕੋਈ ਦੁਖਾਂਤ ਨਹੀਂ ਹੈ। ਉਸਨੂੰ ਟੁੱਟ ਰਹੀ ਕਿਸਾਨੀ ਦਾ ਸਦਮਾ ਹੈ। ਚੋਰ, ਖੁਸ਼ੀ 'ਸੱਜਰੀ ਹਵਾ ਦੀ ਉਡੀਕ ਵਿਚ, ਜਿਊਣ ਜੋਗੇ, ਮਾਖਿਉ ਦੀ ਛੱਲੀ, ਮੋਹ ਮਿੱਟੀ ਅਤੇ ਬੇ-ਗਤੇ ਵਿਚ ਉਹ ਕਿਸਾਨੀ ਅਤੇ ਕਿਸੇ ਜਗ੍ਹਾ ਦਲਿਤਾਂ ਦੀ ਭੁੱਖ, ਬਿਮਾਰੀ ਅਤੇ ਲਾਚਾਰੀ ਦੇ ਦਰਦ ਨੂੰ ਪੇਸ਼ ਕਰਦਿਆਂ ਇਹ ਪੇਸ਼ ਕਰਦੀ ਹੈ ਕਿ ਉਪਰੋਕਤ ਸਭ ਦੁਖਾਤਾਂ ਦੇ ਬਾਵਜੂਦ ਬਜ਼ੁਰਗ ਪੀੜ੍ਹੀ ਮਿੱਟੀ ਦਾ ਮੋਹ ਨਹੀਂ ਤਿਆਗਦੀ। ਉਹ ਕਿਸਾਨੀ ਦੇ ਅਵਚੇਤਨ ਨੂੰ ਪਕੜਦਿਆਂ ਉਹਨਾਂ ਦੇ ਮਨੋਵਿਗਿਆਨਕ ਰੂਪਾਂ ਦਾ ਵਿਸ਼ਲੇਸ਼ਣ ਕਰਦੀ ਹੈ। ਜਿਸ ਲਈ ਮਿੱਟੀ, ਮਿੱਟੀ ਨਹੀਂ ਸਗੋਂ ਮਾਂ ਹੈ, ਜਿਸਨੂੰ ਵੇਚਣਾ ਜਾਂ ਮੋਹ ਛੱਡਣਾ ਮਾਂ ਨਾਲ ਗ਼ਦਾਰੀ ਹੈ।

ਉਸ ਦੀ ਇਕੋ ਕਹਾਣੀ ਹੈ ਜੋ ਵਰਤਮਾਨ ਸਮੇਂ ਦੇ ਸੰਵਾਦ ਭਰਪੂਰ ਵਿਸ਼ੇ ਵੱਲ ਅਗਰਸਰ ਹੁੰਦੀ ਹੈ, ਅਤੇ ਸੰਵਾਦ ਛੇੜਨ ਦੀ ਸਮਰੱਥਾ ਰੱਖਦੀ ਹੈ। ਮਾਨ ਦੀ ਰਚਨਾ 'ਪ੍ਰਤੀਧਵਨੀਆਂ' ਵਿਚ ਦਲਿਤ ਸਾਹਿਤ ਦਾ ਵਿਸ਼ਲੇਸ਼ਣ ਨਵੇਂ ਅਤੇ ਕਲਾਤਮਿਕ ਢੰਗ ਅਨੁਸਾਰ ਪੇਸ਼ ਹੁੰਦਾ ਹੈ। ਇਸ ਕਹਾਣੀ ਵਿਚ ਦਲਿਤਾਂ ਦੀ ਦਾਸਤਾਨ ਪੇਸ਼ ਕਰਦਿਆਂ ਜਾਤ ਨੂੰ ਜਮਾਤ ਦੇ ਰੂਪ ਵਿਚ ਉਭਾਰਦੀ ਹੈ। ਗੁਰਮੇਲ ਪੜ੍ਹ ਲਿਖ ਕੇ ਸ਼ਹਿਰੀ ਮੱਧ ਵਰਗ ਵਿਚ ਰਲਣ ਤੋਂ ਬਾਅਦ ਜਦੋਂ ਕਾਰ ਲੈ ਕੇ ਪਰਿਵਾਰ ਸਮੇਤ ਪਿੰਡ ਆਉਂਦਾ ਹੈ ਤਾਂ ਉਸਦੇ ਬੱਚੇ ਅਤੇ ਬੀਵੀ 'ਚਮਾਰੜੀ' ਵਿਚ ਕਿਵੇਂ ਅੱਪਸੈੱਟ ਮਹਿਸੂਸ ਕਰਦੇ ਹਨ। ਉਹਨਾਂ ਦਾ ਰੱਦੇ ਅਮਲ ਉਸ ਹੀ ਰੂਪ ਵਿਚ ਪ੍ਰਤੀਮਾਨ ਹੁੰਦਾ ਹੈ। ਜਿਵੇਂ ਅਮੀਰ ਅਤੇ ਗਰੀਬ ਵਿਚਲਾ ਹੁੰਦਾ ਹੈ। ਗੁਰਮੇਲ ਜਿਸਨੂੰ ਪੜ੍ਹਦਿਆਂ ਸਰਪੰਚ ਅਤੇ ਜ਼ੈਲਦਾਰ ਨਫ਼ਰਤ ਕਰਦੇ ਸਨ। ਉਸਦੀ ਆਰਥਿਕ ਸਥਿਤੀ ਦੇ ਬਦਲਵੇਂ ਰੂਪ ਨਾਲ ਉਰਨਾਂ ਵਿਚ ਗੁਰਮੇਲ ਪ੍ਰਤੀ ਅਪਣੱਤ ਉਭਰਦੀ ਹੈ ਅਤੇ ਉਹ ਉਸਨੂੰ ਆਪਣਾ ਮਹਿਸੂਸ ਕਰਦੇ ਹਨ। ਉਹ 'ਪ੍ਰਤੀਧਵਨੀਆਂ' ਵਿਚ ਜ਼ਾਤ ਨੂੰ ਜਮਾਤੀ ਸੰਘਰਸ਼ ਦੇ ਸਿੱਟੇ ਦੇ ਰੂਪ ਵਿਚ ਰੂਪਮਾਨ ਕਰਦੀ ਹੈ। ਵਰਤਮਾਨ ਸਮੇਂ ਵਿਚ ਇਹ ਸੰਵਾਦ, ਭਰਪੂਰ ਚਰਚਾ ਛੇੜਦਾ ਹੈ ਕਿ ਜਮਾਤ ਨੂੰ ਬਦਲਣ ਦੀ ਵੱਧ ਲੋੜ ਹੈ ਜਾਂ ਜ਼ਾਤ ਪ੍ਰਤੀ ਕੱਟੜਤਾ ਜਾਂ ਗੌਰਵ ਦਾ ਵਿਸ਼ਾ ਚੁਣਨ



ਦੀ ਲੋੜ ਹੈ।

ਸੁਖਵੰਤ ਕੌਰ ਮਾਨ ਦਾ ਕਹਾਣੀ ਸੰਗ੍ਰਹਿ 'ਮੋਹ-ਮਿੱਟੀ' ਵਿਸ਼ਿਆਂ ਪੱਖੋਂ ਬਹੁਤ ਮਜ਼ਬੂਤ ਹੈ। ਉਸ ਦੀ ਸ਼ਮੂਲੀਅਤ ਤੀਸਰੀ ਪੀੜ੍ਹੀ ਦੇ ਕਹਾਣੀਕਾਰਾਂ 'ਚ ਹੋਣ ਕਰਕੇ ਵਰਤਮਾਨ ਵਿਚ ਰਚੀ ਜਾ ਰਹੀ ਕਹਾਣੀ ਤੋਂ ਅਲਹਿਦਗੀ ਅਖਤਿਆਰ ਕਰ ਲੈਂਦੀ ਹੈ। ਉਸ ਦੀਆਂ ਕਹਾਣੀਆਂ ਵਿਚ ਬਾਕੀ ਇਸਤਰੀ ਗ਼ਲਪ ਰਚਨਾਕਾਰਾਂ ਦੇ ਵਾਂਗ ਨਾਰੀਵਾਦ ਦੀ ਪੇਸ਼ਕਾਰੀ ਨਹੀਂ ਸਗੋਂ ਇਸਤੋਂ ਉਲਟ ਮਰਦ ਕਹਾਣੀਕਾਰਾਂ ਵਾਂਗ ਕਿਸਾਨ, ਮਜਦੂਰ ਦੇ ਪੇਂਡੂ ਜੀਵਨ ਦਾ ਚਿਤਰਣ ਹੈ। ਭਾਵੇਂ ਬਾਕੀ ਗ਼ਲਪ ਰਚਨਾਕਾਰਾਂ ਮਰਦ ਵਿਰੋਧ ਦੀਆਂ ਸ਼ਿਕਾਰ ਵੀ ਹੁੰਦੀਆਂ ਹਨ, ਪਰ ਉਹ ਆਪਣੇ ਅਨੁਭਵ ਅਧਾਰਿਤ ਪ੍ਰਮਾਣ ਪੇਸ਼ ਕਰਦੀਆਂ ਹਨ। ਸੁਖਵੰਤ ਕੌਰ ਮਾਨ ਦੇ ਕਹਾਣੀ ਸੰਗ੍ਰਹਿ ਦਾ ਬ੍ਰਿਤਾਂਤ ਰਚਨਾਤਮਿਕ ਅਤੇ ਦਿਲਚਸਪ ਹੈ। ਉਸਦੇ ਵਿਸ਼ੇ ਵੀ ਬਰੀਕਿਆਂ ਨੂੰ ਫੜਦੇ ਹਨ, ਪ੍ਰੰਤੂ ਸਭ ਪ੍ਰਾਪਤੀਆਂ ਦੇ ਬਾਵਜੂਦ ਉਸਦੀ ਕਹਾਣੀ, ਕਹਾਣੀ ਵਾਲਾ ਮੋੜ ਅਖਤਿਆਰ ਨਹੀਂ ਕਰਦੀ। ਸਗੋਂ ਯਥਾਰਥ ਦੀ ਫੋਟੋਗ੍ਰਾਫੀ ਕਰਦੀ ਹੈ। ਕਾਰਣ ਸ਼ਾਇਦ ਉਹੋ ਹੈ ਕਿ ਉਸਨੇ ਇਸਤਰੀ ਜਾਤੀ ਦੇ ਅਨੁਭਵ ਅਧਾਰਿਤ ਕਹਾਣੀ ਲਿਖਣ ਦੇ ਵਿਰੋਧ ਵਜੋਂ ਇਹਨਾਂ ਵਿਸ਼ਿਆਂ ਦੀ ਚੋਣ ਕੀਤੀ ਹੈ। ਇਸੇ ਕਾਰਣ ਉਸਦੇ ਇਸ ਸੰਗ੍ਰਹਿ ਵਿਚੋਂ ਅਨੁਭਵ ਅਧਾਰਿਤ ਪ੍ਰਮਾਣ ਅਨੁਭਵ ਨਹੀਂ ਹੁੰਦੇ। ਉਸ ਤਰ੍ਹਾਂ ਸੰਗ੍ਰਹਿ ਦਾ ਬ੍ਰਿਤਾਂਤ ਦਿਲਚਸਪ ਤੇ ਸਰਾਹੁਣ ਯੋਗ ਹੈ। **(ਤਸਕੀਨ)**

## 'ਰੰਗ ਆਪੋ ਆਪਣਾ' ਵਿਚ ਹੁੰਦਲ ਦੇ ਆਪਣੇ ਕਾਵਿ-ਰੰਗ

ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪਰਨਾਏ ਹਰਭਜਨ ਸਿੰਘ ਹੁੰਦਲ ਦਾ ਨਵਾਂ ਕਾਵਿ-ਸੰਗ੍ਰਹਿ 'ਰੰਗ ਆਪੋ ਆਪਣਾ' ਕਈਆਂ ਪੱਖਾਂ ਤੋਂ ਸਾਡੇ ਧਿਆਨ ਦੀ ਮੰਗ ਕਰਦਾ ਹੈ। ਪੰਜਾਬ ਦੇ ਸੰਤਾਪ ਤੋਂ ਬਾਅਦ ਜਾਂ ਫਿਰ ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਦੀਆਂ ਕਵਿਤਾਵਾਂ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਭੂਮਿਕਾ ਵਿਚ ਹੁੰਦਲ ਕਵਿਤਾ ਤੇ ਸਮਕਾਲੀ ਯਥਾਰਥ ਦੇ ਸੰਬੰਧਾਂ ਬਾਰੇ ਬੜੀਆਂ ਭਾਵਪੂਰਤ ਟਿੱਪਣੀਆਂ ਦਿੰਦਾ ਹੈ। ਉਸ ਅਨੁਸਾਰ 'ਸਮਕਾਲੀ ਯਥਾਰਥ ਆਪਣੇ ਸਾਰੇ ਅੰਤਰ-ਵਿਰੋਧਾਂ ਸਮੇਤ ਕਵਿਤਾ ਵਿਚ ਪੇਸ਼ ਕਰਨਾ ਕੋਈ ਆਸਾਨ, ਸਰਲ ਕਾਰਜ ਨਹੀਂ ਹੈ। ਤੀਸਰੇ ਜਗਤ ਦੇ ਦੇਸ਼ਾਂ ਵਿਚੋਂ ਸਮਾਜਿਕ ਨਿਆਂ, ਆਜ਼ਾਦੀ, ਅਮਨ ਤੇ ਮਨੁੱਖੀ ਸੁਤੰਤਰਤਾ ਦੇ ਪ੍ਰਸ਼ਨ ਪ੍ਰਮੁੱਖ ਹਨ। ਪ੍ਰਯੋਗਵਾਦੀਆਂ ਵਾਂਗ ਮੇਰੇ ਲਈ ਪ੍ਰਯੋਗ ਤੇ ਆਧੁਨਿਕਤਾ ਸਮਕਾਲੀ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਤੋਂ ਭੱਜਣ ਦਾ ਬਹਾਨਾ ਨਹੀਂ ਹਨ। ਜਿਹੜੀ ਵੀ ਸਾਹਿਤਕ ਸ਼ੈਲੀ, ਅਨੁਭਵ ਪ੍ਰਣਾਲੀ ਜਾਂ ਕਲਾ ਜੁਗਤ ਇਸ ਯਥਾਰਥ ਨੂੰ ਆਪਣੇ ਅੰਤਰ-ਵਿਰੋਧਾਂ ਸਮੇਤ ਪ੍ਰਭਾਵਸ਼ਾਲੀ ਤੇ ਭਰਪੂਰ ਢੰਗ ਨਾਲ ਪ੍ਰਗਟਾਉਣ ਵਿਚ ਸਹਾਈ ਹੁੰਦਾ ਹੈ, ਮੈਂ ਉਸਦਾ ਸੁਆਗਤ ਕਰਦਾ ਹਾਂ।" ਇਸ ਦ੍ਰਿਸ਼ਟੀ ਤੋਂ ਹੁੰਦਲ ਦੀ ਸਮੁੱਚੀ ਰਚਨਾ ਨੂੰ ਸਮਝਿਆ ਸਮਝਾਇਆ ਜਾ ਸਕਦਾ ਹੈ।

'ਰੰਗ ਆਪੋ ਆਪਣਾ' ਵਿਚ ਕੁਝ ਕਵਿਤਾਵਾਂ ਕੇਵਲ ਕਵਿਤਾ ਦੀ ਸਿਰਜਣਾ ਪ੍ਰਕ੍ਰਿਆ ਨਾਲ ਸੰਬੰਧਿਤ ਨਜ਼ਰ ਆਉਂਦੀਆਂ ਹਨ, ਇਸੇ ਲਈ ਇਨ੍ਹਾਂ ਉੱਪਰ ਵੱਖਰੀ ਚਰਚਾ ਵੀ ਹੋਣੀ ਜ਼ਰੂਰੀ ਹੈ। 'ਕਵਿਤਾ ਦੀ ਤਲਾਸ਼' 'ਕਵਿਤਾ ਤੇ ਸ਼ਿਕਾਇਤ' 'ਅਸਲੀ ਘਰ' ਤੇ 'ਜਦੋਂ' ਵਰਗੀਆਂ ਕਵਿਤਾਵਾਂ ਇਸ ਦ੍ਰਿਸ਼ਟੀ ਤੋਂ ਵਾਚਣੀਆਂ ਪੈਣਗੀਆਂ। ਭਾਵੇਂ ਹੁੰਦਲ ਕਵਿਤਾਈ ਨੂੰ ਜਮਾਂਦਰੂ ਗੁਣ ਨਹੀਂ ਮੰਨਦਾ ਪਰ ਉਸਦੀ ਆਵੇਸ਼ਮਈ

ਪ੍ਰਕ੍ਰਿਤੀ ਬਾਰੇ ਉਹ ਸੁਚੇਤ ਹੈ ਤੇ ਇਸਨੂੰ ਅਨੇਕਾਂ ਬਿੰਬਾਂ ਰਾਹੀਂ ਪਾਠਕਾਂ ਨੂੰ ਸਮਝਾਉਣ ਦਾ ਯਤਨ ਕਰਦਾ ਹੈ।

ਉਹ ਇੰਝ ਆਉਂਦੀ ਹੈ
ਜਿਵੇਂ ਪੱਤਿਆਂ ਤੇ ਤਰੇਲ ਪੈਂਦੀ ਹੈ
ਜਿਵੇਂ ਬੱਚੇ ਲਈ ਮਾਂ ਦੇ ਥਣਾਂ 'ਚੋਂ ਦੁੱਧ ਉਤਰਦਾ ਹੈ
ਜਿਵੇਂ ਹਵਾ ਦਾ ਬੁੱਲਾ ਚੁੱਪ ਕੀਤੇ
ਅੰਦਰ ਆ ਵੜਦਾ ਹੈ। (ਪੰਨਾ-21)

ਹੁੰਦਲ ਕਵਿਤਾ ਨੂੰ 'ਅਰਜ਼' ਤੇ 'ਹਉਕਾ' ਨਹੀਂ ਬਣਾਉਣਾ ਚਾਹੁੰਦਾ ਉਹ ਸ਼ਿਕਾਇਤ ਹੋ ਸਕਦੀ ਹੈ। ਉਹ ਵੀ ਬੇਗਾਨੇ ਕੋਲ ਨਹੀਂ ਆਪਣੇ ਕੋਲ। ਕਵਿਤਾ, ਕਵੀ ਦਿਲ ਦੇ ਪਸੀਜਣ ਤੋਂ ਉਪਜਿਆ ਵਰਤਾਰਾ ਹੈ।

ਬੱਚਾ ਜੰਮਣ ਤੇ
ਮਾਂ ਦੇ ਥਣਾਂ 'ਚੋਂ ਆਪ-ਮੁਹਾਰੇ
ਦੁੱਧ ਕਿਥੋਂ ਵਗਣ ਲਗਦਾ ਹੈ?

ਇੰਜ ਹੀ ਦਰਦ ਦੀ ਚੀਕ
ਜਾਂ ਦੁਖਿਆਰੇ ਦਾ ਹਉਕਾ ਸੁਣ
ਕਵੀਂ ਦੇ ਦਿਲ ਨੂੰ ਹੌਲ ਪੈਂਦੇ ਹਨ
ਤੇ ਕਵਿਤਾ ਦੇ ਬੰਦ ਬੂਹੇ
ਆਪਣੇ ਆਪ ਖੁੱਲ੍ਹ ਜਾਂਦੇ ਹਨ। (ਪੰਨਾ-87)

ਕਵਿਤਾ ਦੀ ਆਮਦ ਕਵੀ ਦੇ ਪੈਰ ਧਰਤੀ ਤੋਂ ਚੁੱਕ ਦਿੰਦੀ ਹੈ, ਪਰ ਉਸਦਾ ਦ੍ਰਿਸ਼ਟੀਕੋਣ ਉਸਨੂੰ ਆਪਣੇ 'ਅਸਲੀ ਘਰ' ਧਰਤੀ ਉਪਰ ਲੈ ਆਉਂਦਾ ਹੈ। ਕਵਿਤਾ ਦਾ ਨਾ ਲਿਖ ਹੋਣਾ ਵੀ ਕਦੀ ਲਈ ਪੀੜਾ ਦਾਇਕ ਹੈ। ਕਵਿਤਾ ਕੋਈ ਫੁੱਲਾਂ ਦੀ ਬਾਸ ਨਹੀਂ, ਉਬੜ-ਖਾਬੜ ਇਤਿਹਾਸਕ ਤੌਰ ਉਸ ਉਪਰ ਆਪਣੇ ਨਕਸ਼ ਉਲੀਕ ਦਿੰਦੀ ਹੈ।

ਵੇਖ ਲੈ ਕਵਿਤਾ ਦੇ ਪਿੰਡੇ ਪੱਛ ਲੱਗੇ ਵੇਖ ਲੈ
ਖੰਜਰਾਂ ਦੇ ਖੇਤ ਵਿਚੋਂ ਲੰਘਦੇ ਆਪਾਂ ਰਹੇ।

ਹਰਭਜਨ ਸਿੰਘ ਹੁੰਦਲ ਦਾ ਕੌਲ ਹੈ ਕਿ, "ਮੈਂ ਕਾਵਿ ਸਿਰਜਣਾ ਸਮੇਂ ਆਪਣੀ ਕਾਵਿ ਵਿਰਾਸਤ ਨੂੰ ਕਦੇ ਵੀ ਭੁੱਲਦਾ ਨਹੀਂ ਹਾਂ, ਸਗੋਂ ਉਸਤੋਂ ਪ੍ਰੇਰਨਾ ਲੈ ਕੇ ਐਸੇ ਕਾਵਿ-ਪ੍ਰਯੋਗ ਕਰਨ ਦੀ ਤਲਾਸ਼ ਵਿਚ ਰਹਿੰਦਾ ਹਾਂ ਜਿਹੜੇ ਮੇਰੀ ਕਾਵਿ-ਸਿਰਜਣਾ ਨੂੰ ਪਾਠਕ ਦੇ ਅਪ ਚੇਤਨ ਨਾਲ ਜੋੜਨ ਦਾ ਮਾਧਿਅਮ ਬਣਨਾ" ਇਹ ਅਹਿਸਾਸ ਇਸ਼ ਤੱਥ ਵਿਚੋਂ ਪੈਦਾ ਹੋਇਆ ਹੈ ਕਿ ਅਜੋਕੀ ਕਵਿਤਾ ਪਾਠਕ ਤੋਂ ਟੁੱਟੀ ਹੋਈ ਹੈ। ਪੰਜਾਬੀ ਪਾਠਕ ਲੈਅ, ਤੋਲ-ਤੁਕਾਂਤ ਨਾਲ ਗਿੱਝੀ ਮਾਨਸਿਕਤਾ ਨਾਲ ਜੁੜੇ ਹੋਏ ਹਨ। ਜਦ ਕਿ ਅਜੋਕੀ ਕਵਿਤਾ ਇਨ੍ਹਾਂ ਤੋਂ ਕੋਰੀ ਬੌਧਿਕ ਅਭਿਆਸ ਮਾਤਰ ਬਣਦੀ ਜਾ ਰਹੀ ਹੈ ਜਾਂ ਫਿਰ ਫੈਸ਼ਨ ਪ੍ਰਸਤੀ। ਇਸ ਸਮੱਸਿਆ ਤੇ ਕਾਬੂ ਪਾਉਣ ਹਿੱਤ ਹੁੰਦਲ ਬਾਹੂ, ਬੁੱਲਾ, ਹੁਸੈਨ ਵੱਲ ਕਾਫੀ, ਜੱਗਾ ਆਦਿ ਕਾਵਿ-ਰੂਪਾਂ ਨਾਲ ਪਰਤਿਆ ਹੈ। ਹਥਲੀ ਪੁਸਤਕ ਵਿਚ ਕਈ ਯਾਦਗਾਰੀ ਪੰਗਤੀਆਂ ਦੀ ਸਿਰਜਣਾ ਹੋਈ ਹੈ। ਜਿਸ ਵਿਚ ਤਿੱਖੇ ਵਿਅੰਗ ਦਾ ਡੰਗ ਵੀ ਹੈ।



— ਜਿਹੜਾ ਵੀ ਮਾਂ-ਬੋਲੀ ਭੁੱਲਦਾ
ਰਹਿੰਦਾ ਕੱਖ ਨਾ ਪੱਲੇ ਹੂ
ਜਿਥੇ ਜਾਵਣ ਧੱਕੇ ਖਾਵਣ
ਵਿਕਦੇ ਪੁੱਤ ਸਵੱਲੇ ਹੂ (ਪੰਨਾ-38)

— ਭਾਈ ਜੀ!
ਤੁਸੀਂ ਕੈਸੇ ਮੀਤ ਬਣਾਏ
ਆਪਣਿਆਂ ਨੂੰ ਲਿਖ ਬੇਦਾਵਾ
ਭਾਗੋ ਗਲੇ ਲਗਾਏ। (ਪੰਨਾ-59)

ਪਿਛਲੇ ਦਿਨਾਂ ਵਿਚ ਹੁੰਦਲ ਇੰਗਲੈਂਡ, ਕਨੇਡਾ ਦਾ ਦੌਰਾ ਕਰਕੇ ਆਇਆ ਹੈ। ਯਾਤਰੀ ਦੀ ਤਿੱਖੀ ਅੱਖ ਨਾਲ ਉਸ ਨੇ ਪ੍ਰਵਾਸੀਆਂ ਦੀ ਜ਼ਿੰਦਗੀ ਦੇ ਭਾਵੁਕ ਪੱਖ ਨੂੰ ਦੇਖਿਆ ਤੇ ਆਪ ਵੀ ਮਹਿਸੂਸ ਕੀਤਾ। 'ਆਪਣੀ ਮਿੱਟੀ', 'ਦੇਸ਼ ਪਰਾਏ' 'ਜੱਗਾ ਜੰਮਿਆਂ' ਤੇ ਇਕ ਪੂਰੀ ਗ਼ਜ਼ਲ ਸਿੱਧੇ ਰੂਪ ਵਿਚ ਇਸ ਥੀਮ ਨਾਲ ਸੰਬੰਧਿਤ ਹੈ। 'ਜੱਗਾ ਜੰਮਿਆਂ' ਵਿਚ ਪ੍ਰਦੇਸ਼ੀ ਜਾਣ ਦੀਆਂ ਮਜ਼ਬੂਰੀਆਂ, ਰਾਹਾਂ ਦੀਆਂ ਦੁਸ਼ਵਾਰੀਆਂ ਤੇ ਰਾਹ ਵਿਚ ਮਿਲੀ ਮੌਤ ਨਾਲ ਪਿਛਲਿਆਂ ਦੀ ਦੁਰਗਤੀ ਨੂੰ ਬੜੀ ਮਾਰਮਿਕ ਸੁਰ ਵਿਚ ਗਾਇਆ ਗਿਆ ਹੈ। ਇਹ ਕਵਿਤਾ ਰਾਗਾਤਮਕਤਾ ਦੀ ਸਭ ਤੋਂ ਉਚੇਰੀ ਪੱਧਰ ਨੂੰ ਛੂੰਹਦੀ ਹੈ।

ਅੱਧੀ ਰਾਤ ਨੂੰ ਚੜ੍ਹਾਇਆ ਪੁੱਤ ਚੋਰੀ
ਸ਼ਰੀਕਾਂ ਦੀਆਂ ਵੇਖ ਚੁੱਕਲ
ਬੱਲਿਆ!
ਬੱਲਿਆ,
ਵੇ ਮਾਂ ਫਿਰੇ ਲੱਡੂ ਵੰਡਦੀ
ਮੁੰਡਾ ਚੱਲਿਆ। (ਪੰਨਾ-75)

ਮਾਪੇ ਸੋਚਦੇ ਤੇ ਪਿੰਡੇ ਨੂੰ ਖਰੋਚਦੇ
ਕਿ ਪੁੱਤਰਾਂ ਨੂੰ ਕੀ ਹੋ ਗਿਆ
ਪਿਆਰਿਆ!
ਪਿਆਰਿਆ,
ਕਿ ਭੌਂਅ ਦੀਆਂ ਤੰਗੀਆਂ ਨੇ ਤੈਨੂੰ ਮਾਰਿਆ। (ਪੰਨਾ-77)

ਹਰਭਜਨ ਸਿੰਘ ਹੁੰਦਲ ਨੇ 'ਰੰਗ ਆਪੋ ਆਪਣਾ' ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਆਪਣੇ ਵਿਰਸੇ ਉਪਰ ਪੂਰਾ ਮਾਣ ਪ੍ਰਗਟਾਇਆ ਹੈ, ਮਲਟੀ ਨੈਸ਼ਨਲ ਦੇ ਬੁਰੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ, ਖੱਬੀ ਲਹਿਰ ਦੇ ਮੁੜ ਉਭਾਰ ਉੱਪਰ ਖੁਸ਼ੀ ਪ੍ਰਗਟਾਈ ਹੈ, ਸੰਪ੍ਰਦਾਇਕਤਾ (ਹਿੰਦੂ, ਮੁਸਲਿਮ, ਸਿੱਖ) ਦਾ ਡੱਟਵਾਂ ਵਿਰੋਧ ਕੀਤਾ ਹੈ, ਖੱਬੀ ਲਹਿਰ ਵਿਚ ਆਈਆਂ ਖੁਨਾਮੀਆਂ ਦਾ ਨੋਟਿਸ ਲਿਆ ਹੈ ਅਤੇ ਆਪਣੀ ਸ੍ਵੈ-ਪੜਚੋਲ ਦੇ ਨਾਲ ਨਾਲ ਭਾਵੁਕ ਰਿਸ਼ਤਿਆਂ ਨੂੰ ਵੀ ਪਛਾਣਿਆ ਹੈ।

ਮਲਟੀਨੈਸ਼ਨਲ ਦੀ ਗਲੀਆਂ ਘਰਾਂ ਤੱਕ ਪਹੁੰਚ ਤੇ ਇਨ੍ਹਾਂ ਦੇ ਨਵੇਂ ਤੌਰ ਤਰੀਕਿਆਂ ਬਾਰੇ ਹੁੰਦਲ ਲਿਖਦਾ ਹੈ।

ਕਹਿਣ ਸਿਆਣੇ

ਆਉਂਦ ਸਾਰ ਇਨ੍ਹਾਂ ਨੇ,
ਖੁੱਲ੍ਹ ਗਏ ਵੰਡ
ਹੁਣ ਨਾ ਫੌਜਾਂ ਲੈ ਕੇ ਆਏ
ਨਾ ਸ਼ਸਤਰ, ਨਾ ਝੰਡੇ। (ਪੰਨਾ-41)

'ਨਿਹੋਰਾ' ਕਵਿਤਾ ਵਿਚ ਖੱਬੀ ਲਹਿਰ ਵਿਚ ਆ ਰਹੀ ਗਿਰਾਵਟ ਦੀ ਚਰਚਾ ਛੁਹਦਿਆਂ ਉਹ ਕਾਫੀ ਮਾਯੂਸ ਦਿਖਾਈ ਦਿੰਦਾ ਹੈ।

ਦੁੱਖ ਤਾਂ ਮੈਨੂੰ ਹੋਣਾ ਹੀ ਸੀ
ਬੌਣੇ ਸ਼ਾਹ ਅਸਵਾਰ ਬਣੇ।
ਪਹਿਨ ਮੁਖੌਟੇ, ਫਿਰਨ ਮਦਾਰੀ
ਨਵੇਂ ਨਵੇਂ ਦਿਲਦਾਰ ਬਣੇ
ਦੋਹਰੇ ਹੋ ਹੋ ਕਰਨ ਸਲਾਮਾਂ,
ਕਿੰਨੇ ਆਗਿਆਕਾਰ ਬਣੇ।
ਸ਼ਾਮ ਸਵੇਰੇ ਡੰਡੌਤ ਬੰਦਨਾ। (ਪੰਨਾ-72)
ਕੀ ਦੇ ਕੀ ਕਿਰਦਾਰ ਬਣੇ।

'ਮਾਂ ਦੀ ਅਸੀਸ' ਤੇ 'ਮਾਂ ਦਾ ਫਿਕਰ' ਕਵਿਤਾਵਾਂ ਵਿਚ ਸ੍ਵੈ-ਜੀਵਨੀ ਆਤਮਕ ਛੁਹਾਂ ਹਨ। ਇਉਂ ਹੁੰਦਲ ਸਿੱਧਾ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਸੁਹਜਾਤਮਕਤਾ ਇਨ੍ਹਾਂ ਸਰੋਕਾਰਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਦਾ ਇਕ ਸਾਧਨ ਬਣੀ ਹੈ। 'ਰੰਗ ਆਪੋ ਆਪਨਾ' ਪੜ੍ਹਦਿਆਂ ਅਨੇਕਾਂ ਵਿਕੋਲਿਤਰੇ ਸ਼ਿਅਰ ਪੰਗਤੀਆਂ ਪਾਠਕ ਨੂੰ ਖਲੋ ਕੇ ਸੋਚਣ ਲਈ ਮਜ਼ਬੂਰ ਕਰਦੇ ਹਨ, ਜਿਨ੍ਹਾਂ ਵਿਚੋਂ ਕੁਝ ਇਥੇ ਵੇਖੇ ਜਾ ਸਕਦੇ ਹਨ।

— ਸੂਰਜ ਘਰ ਨਹੀਂ ਬੈਠਦੇ ਹੁੰਦੇ ਟਿਕ ਕੇ
ਉਹ ਤੁਰਦੇ ਰਹਿੰਦੇ ਨੇ
ਹਨੇਰੇ ਨਾਲ ਟਕਰਾਉਂਦੇ
ਰੰਗ ਸਿਰਜਦੇ
ਰੌਸ਼ਨੀ ਕਰਦੇ।
— ਹਵਾ ਤੇ ਪਾਬੰਦੀਆਂ ਤੂੰ ਲਾਉਣ ਦੀ ਨਾ ਜ਼ਿਦ ਕਰੀਂ
ਸੂਲੀਆਂ ਦੇ ਨਾਲ ਖਹਿਣੋਂ, ਨਾ ਡਰੀ ਸੰਗੀ ਹਵਾ।
— ਮਨਚਲੇ ਚੱਲੇ, ਮਿਸ਼ਾਲਾਂ ਬਾਲ ਫਿਰ
ਫੇਰ ਤੋਂ ਕੁਝ ਕਰਨ ਦਾ ਅੰਦਾਜ਼ ਵੇਖ।
— ਹੱਥੀਂ ਵੀ ਕੁਝ ਬੀਜੀਦੇ ਨੇ, ਸੁਪਨੇ ਸੁਹਜ ਉਮੰਗਾਂ
ਬੈਠ ਰਹੀਂ ਨਾ ਆਸਾਂ ਲੈ ਕੇ, ਸੁਰਖ਼ ਸਵੇਰੇ ਉੱਤੇ।
— ਸਵੇਰੇ ਸੀਸ ਤੇ ਫੱਬੇ ਤੇ ਸ਼ਾਮੀ ਡਿੱਗਦੀ ਪੈਰੀਂ,
ਬੜੇ ਹੀ ਭੇਤ ਵਾਲੇ ਨੇ, ਤੇਰੀ ਦਸਤਾਰ ਦੇ ਕਿੱਸੇ।
— ਵੇਖ ਲੈ ਕਵਿਤਾ ਦੇ ਪਿੰਡੇ, ਪੱਛ ਲੱਗੇ ਵੇਖ ਲੈ,
ਖੰਜਰਾਂ ਦੇ ਖੇਤ ਵਿਚੋਂ ਲੰਘਦੇ ਆਪਾਂ ਰਹੇ।
— ਸਾਜ਼ ਦੇ ਪੈਰਾਂ 'ਚ ਪਈਆਂ ਬੇੜੀਆਂ,



ਕੀ ਭਲਾ ਖ਼ਤਰੇ ਵਿਚਾਰ ਹੋਣਗੇ
ਉਨ੍ਹਾਂ ਨੇ ਪਾਰ ਕੀ ਜਾਣਾ, ਪਿਛਾਂਹ ਨੂੰ ਪਰਤ ਆਵਣਗੇ
ਡਰ ਜੋ ਵੇਖਦੇ ਲਹਿਰਾਂ, ਸਮੇਂ ਦੇ ਪੱਤਣਾਂ ਉੱਤੇ।
— ਅੱਜ ਉਨ੍ਹਾਂ ਦੀ ਮੜ੍ਹੀ ਉੱਤੇ, ਖਿੜਨਗੇ ਕਿਥੋਂ ਗੁਲਾਬ
ਖਿੜਦਿਆਂ ਫੁੱਲਾਂ ਤੇ ਜਿਹੜੇ, ਅੱਗ ਬਰਸਾਉਂਦੇ ਰਹੇ।

ਹੁੰਦਲ ਦੇ ਆਪਨੇ ਕਹਿਣ ਅਨੁਸਾਰ ਉਸਨੇ ਕਵਿਤਾ ਲਿਖਣੀ ਘਟਾ ਦਿੱਤੀ ਹੈ, ਪਰ ਇਸ ਗਿਣਾਤਮਕ ਘਾਟੇ ਦੀ ਪੂਰਤੀ ਗੁਣਾਤਮਕ ਕਵਿਤਾ ਕਰੇਗੀ, ਅਜਿਹੀ ਸਾਡੀ ਇੱਛਾ ਹੈ। ***(ਡਾ. ਕਰਮਜੀਤ ਸਿੰਘ, ਡੀ-46, ਕੁ. ਯੂ. ਕੁ-136119)***

## 'ਮੋਤੀਆਂ ਦੀ ਚੋਗ' ਦੀ ਸਾਹਿਤਿਕਤਾ

ਹਰ ਸਭਿਆਚਾਰ ਦੀ ਕੋਈ ਨਾ ਕੋਈ ਵੱਖਰੀ ਪਛਾਣ ਹੁੰਦੀ ਹੈ ਜੋ ਉਸਦੇ ਸਮਾਜਕ/ਇਤਿਹਾਸਕ ਕਾਰਣ ਨਿਰਧਾਰਣ ਕਰਦੇ ਹਨ। ਪੰਜਾਬੀ ਸਭਿਆਚਾਰ ਵਿਚ ਪ੍ਰਦੇਸ਼ਾਂ ਦਾ ਸਫ਼ਰ ਇਥੋਂ ਦਾ ਲੌਕਿਕ ਸਮਾਜਕ ਪ੍ਰਤੀਕ ਬਣਿਆ ਹੋਇਆ ਹੈ। ਭਾਵੇਂ ਪੰਜਾਬ ਦਾ ਲੋਕ ਸਭਿਆਚਾਰ ਹੋਵੇ, ਧਾਰਮਿਕ ਸਭਿਆਚਾਰ ਹੋਵੇ ਜਾਂ ਸਮਾਜ ਦਾ ਸਾਹਿਤਕ ਪੱਖ ਹੋਵੇ, ਉਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਯਾਤਰਾ ਛਿਪੀ ਹੁੰਦੀ ਹੈ। ਯਾਤਰਾ ਦਾ ਨਾਇਕ ਗੁਰੂ ਹੋ ਸਕਦਾ ਹੈ, ਜਿਵੇਂ ਜਨਮ ਸਾਖੀਆਂ ਵਿਚ ਗੁਰੂ ਨਾਨਕ। ਲੌਕਿਕ ਸਭਿਆਚਾਰ ਦਾ ਨਾਇਕ ਹੋ ਸਕਦਾ ਹੈ ਜਿਵੇਂ ਪੰਜਾਬੀ ਗੀਤਾਂ ਦੀਆਂ ਬਹੁਤੀਆਂ ਤੁਕਾਂ 'ਬਾਰੀ ਬਰਸੀਂ ਖੱਟਣ ਗਿਆ ਸੀ।' ਨਾਲ ਸ਼ੁਰੂ ਹੁੰਦੀਆਂ ਹਨ, ਅਤੇ ਵਰਤਮਾਨ ਸਮਾਜ ਵਿਚ ਜਨ-ਸਾਧਾਰਣ ਵੀ ਯਾਤਰਾ ਦਾ ਨਾਇਕ ਬਣਿਆ ਹੋਇਆ ਹੈ। ਇਸ ਪ੍ਰਸੰਗ ਵਿਚ ਪੰਜਾਬੀ ਦਾ ਯਾਤਰਾ ਸਾਹਿਤ ਜਨਮ ਸਾਖੀਆਂ ਤੋਂ ਸ਼ੁਰੂ ਹੋ ਕੇ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿਚ ਪੇਸ਼ ਹੋਇਆ ਦੇਖਿਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਤੱਕ ਸਾਹਿਤਕ ਹਲਕਿਆਂ ਵਿਚ ਯਾਤਰਾ ਸਾਹਿਤ ਨੂੰ ਵੱਖਰੀ ਸਾਹਿਤ ਵਿਧਾ ਵਜੋਂ ਪ੍ਰਵਾਨਯੋਗ ਅਤੇ ਸਨਮਾਨਯੋਗ ਸਥਾਨ ਨਹੀਂ ਮਿਲਿਆ।

ਸਾਹਿਤ ਦੇ ਬਾਕੀ ਰੂਪਾਂ ਵਾਂਗ ਯਾਤਰਾ ਵੀ ਸਾਹਿਤਕਾਰ ਦੇ ਅਨੁਭਵ ਅਤੇ ਸਾਹਿਤਕ ਸਮਰੱਥਾ ਨੂੰ ਦਰਸਾਉਂਦੀ ਸਾਹਿਤ ਵਿਧਾ ਹੈ। ਕਥ ਜਾਂ ਕਾਵਿ ਨਾਲੋਂ ਇਸ ਵਾਰਤਕ ਰੂਪ ਦੀ ਭਿੰਨਤਾ ਇਹ ਹੈ ਕਿ ਇਸ ਵਿਚ ਸਾਹਿਤਕਾਰ ਮੌਕਾ-ਮੇਲ ਜਾਂ ਕਲਪਨਾ ਦੇ ਰੰਗ ਭਰ ਕੇ ਸੁਹਜ ਪੈਦਾ ਕਰਨ ਲਈ ਯਥਾਰਥ ਨੂੰ ਤਿਲਾਂਜਲੀ ਨਹੀਂ ਦੇ ਸਕਦਾ। ਇਸ ਵਿਚ ਸਮੇਂ, ਸਥਾਨ ਅਤੇ ਯਥਾਰਥ ਦੀ ਪੱਕੀ ਹੱਦਬੰਦੀ ਦਾ ਪਾਲਣ ਕਰਦੇ ਹੋਏ ਵੀ ਸਾਹਿਤਕ ਗੁਣਾਂ ਵਾਲੀ ਸੁਹਜਮਈ ਕਿਰਤ ਪੈਦਾ ਕਰਨੀ ਹੁੰਦੀ ਹੈ। ਸ਼ਾਇਦ ਬਾਕੀ ਸਾਹਿਤ ਰੂਪਾਂ ਨਾਲੋਂ ਇਹ ਜਨ-ਜੀਵਨ ਦੇ ਜ਼ਿਆਦਾ ਨੇੜੇ ਵੀ ਹੈ ਕਿਉਂਕਿ ਇਸਦੀ ਹਰ ਰੋਜ਼ ਵਰਤੋਂ ਹੁੰਦੀ ਹੈ। ਅਸੀਂ ਸਹਿਜ-ਸੁਭਾ ਹੀ ਬਾਹਰੋਂ ਆਏ ਵਿਅਕਤੀ ਤੋਂ ਪੁੱਛਦੇ ਹਾਂ, 'ਸੁਣਾ ਬਈ ਤੇਰੀ ਯਾਤਰਾ ਕਿਵੇਂ ਰਹੀ?' ਇਹ ਸੁਆਲ ਆਪਨੇ ਆਪ ਵਿਚ ਯਾਤਰਾ ਦੀ ਸਮਾਜਕ/ਸਾਹਿਤਕ ਅਹਿਮੀਅਤ ਦਾ ਸੂਚਕ ਹੈ।

ਯਾਤਰਾ ਸਾਹਿਤ ਦੀ ਇਕ ਹੋਰ ਕਠਿਨਾਈ ਹੈ ਕਿ ਇਸਦੇ ਪਾਤਰ ਕਲਪਨਾਤਮਿਕ ਨਾ ਹੋ ਕੇ ਸਰੀਰਕ ਹੁੰਦੇ ਹਨ। ਬਾਕੀ ਸਾਹਿਤ ਰੂਪਾਂ ਵਿਚ ਸਾਹਿਤਕਾਰ ਕੋਲ ਇਹ ਖੁੱਲ੍ਹ ਹੁੰਦੀ ਹੈ ਕਿ ਉਹ ਕਿਸੇ ਪਾਤਰ ਸੰਬੰਧੀ ਆਪਨੀ ਵਿਚਾਰਧਾਰਾ ਅਨੁਸਾਰ ਕਿਹੋ ਜਿਹਾ ਵੀ

ਰੁਖ਼ ਅਖਤਿਆਰ ਕਰ ਸਕਦਾ ਹੈ। ਪਰ ਯਾਤਰਾ ਸਾਹਿਤ ਦੇ ਪਾਤਰ, ਜੇਕਰ ਉਨ੍ਹਾਂ ਨਾਲ ਸਾਹਿਤਕਾਰ ਨਿਆਂ ਨਹੀਂ ਕਰਦਾ ਤਾਂ ਉਸਨੂੰ ਚੇਤਨ ਤੌਰ ਤੇ ਯਥਾਰਥ ਤੋਂ ਜਾਣੂ ਕਰਵਾ ਸਕਣ ਦੀ ਸਮਰੱਥਾ ਰੱਖਦੇ ਹਨ। ਤੁਸੀਂ ਯਾਤਰਾ-ਸਫਰਨਾਮੇ ਦੇ ਪਾਤਰਾਂ ਤੋਂ ਕਿਸੇ ਨਾਵਲ ਜਿਵੇਂ 'ਪਰਸਾ' ਅਤੇ 'ਪਰਤਾਪੀ' ਦੇ ਪਾਤਰਾਂ ਵਾਂਗ ਮਨਚਾਹਿਆਂ ਕੰਮ ਨਹੀਂ ਕਰਵਾ ਸਕਦੇ।

ਬਲਦੇਵ ਸਿੰਘ ਧਾਲੀਵਾਲ ਦੀ 'ਯਾਤਰਾ' ਪੁਸਤਕ 'ਮੋਤੀਆਂ ਦੀ ਚੋਗ' ਨੂੰ ਜਦੋਂ ਮੈਂ ਇਸ ਪ੍ਰਸੰਗ ਵਿਚ ਰੱਖਕੇ ਦੇਖਿਆ ਤਾਂ ਮੈਨੂੰ ਅਜਿਹੀ ਰਚਨਾ ਦੀ ਸਿਰਜਣਾ ਕਰਨਾ ਕਾਫੀ ਮੁਸ਼ਕਿਲ ਅਤੇ ਮਿਹਨਤ ਵਾਲਾ ਕੰਮ ਲੱਗਿਆ। ਜੇਕਰ ਲੇਖਕ ਨੇ ਆਪਣੀ ਯਾਤਰਾ ਵਿਚ ਸਿਰਫ ਤੱਥ ਅਤੇ ਸਫਰ ਦੇ ਮੀਲਾਂ ਨੂੰ ਹੀ ਦਰਜ ਕਰਨਾ ਹੋਵੇ ਤਾਂ ਯਾਤਰਾ ਸਾਹਿਤਕ ਰਚਨਾ ਬਣਨ ਦੀ ਥਾਂ ਤੇ ਕਿਸੇ ਸਰਕਾਰੀ ਕਾਰ ਦੀ 'ਲਾਗ ਬੁੱਕ' ਬਣ ਜਾਂਦੀ ਹੈ। ਜੇਕਰ ਕੇਵਲ ਦਿਨ ਦੀਆਂ ਘਟਨਾਵਾਂ ਨੂੰ ਆਪਣੀ ਦ੍ਰਿਸ਼ਟੀ ਤੋਂ ਦਰਜ ਕੀਤਾ ਜਾਵੇ ਤਾਂ ਉਹ 'ਡਾਇਰੀ' ਬਣ ਜਾਂਦੀ ਹੈ ਅਤੇ ਜੇਕਰ ਕੇਵਲ ਆਪਣੇ ਮਿੱਤਰਾਂ ਸੰਬੰਧੀ ਗੱਲ ਕੀਤੀ ਜਾਵੇ ਜਾਂ ਉਨ੍ਹਾਂ ਦੇ ਚਰਿੱਤਰ ਨੂੰ ਪੇਸ਼ ਕੀਤਾ ਜਾਵੇ ਤਾਂ ਉਹ 'ਰੇਖਾ ਚਿੱਤਰ' ਬਣ ਜਾਂਦੇ ਹਨ। ਜੇਕਰ 'ਕਾਗ ਬੁੱਕ', 'ਡਾਇਰੀ' ਅਤੇ 'ਰੇਖਾ ਚਿੱਤਰ' ਨੂੰ ਕਲਾਕਾਰੀ ਪ੍ਰਤਿਭਾ ਰਾਹੀਂ ਪੇਸ਼ ਕਰਨ ਦੀ ਸਮਰੱਥਾ ਹੋਵੇ ਤਾਂ ਉਹ ਯਾਤਰਾ ਸਾਹਿਤ ਰੂਪ ਬਣ ਜਾਂਦਾ ਹੈ, ਜਿਸ ਵਿਚ ਗਿਆਨ ਅਤੇ ਸੁਹਜ ਦਾ ਸਮਤੋਲ ਦੇਖਿਆ ਜਾ ਸਕਦਾ ਹੈ।

ਧਾਲੀਵਾਲ ਦੀ ਰਚਨਾ 'ਮੋਤੀਆਂ ਦੀ ਚੋਗ' ਵਿਚ ਕਥਾ-ਪ੍ਰਵਾਹ ਦਾ ਅੰਸ਼ ਹੈ ਜੋ ਇਸਦੀ ਮਹੱਤਤਾ ਨੂੰ ਵਧਾ ਦਿੰਦਾ ਹੈ। ਇਸ ਕਾਰਨ ਹੀ ਇਹ ਰਚਨਾ ਇਕ ਪਿੰਡ, ਸ਼ਹਿਰ, ਦੇਸ਼ ਅਤੇ ਪਰਦੇਸ਼ ਦਾ ਸੂਖਮ ਚਿੱਤਰ ਬਣ ਜਾਂਦੀ ਹੈ। ਉਸਦੀ ਰਚਨਾ ਵਿਚ ਪਿੰਡ ਦੀ ਸੱਥ, ਸ਼ਹਿਰ ਦਾ ਕਾਫੀ ਹਾਊਸ ਅਤੇ ਅਮਰੀਕਾ ਦਾ ਪੱਬ ਇਕੋ ਸਮੇਂ ਸਮਾਇਆ ਹੋਇਆ ਹੈ।

ਇਸ ਰਚਨਾ ਦੀ ਪੇਸ਼ਕਾਰੀ ਵਿਚ ਸੁਹਜ ਹੈ ਜੋ ਸ਼ਬਦਾਂ ਰਾਹੀਂ ਕਿਸੇ ਵੀ ਖਿਆਲ ਵਿਚ ਅੰਕਿਤ ਹੋਇਆ ਦੇਖਿਆ ਜਾ ਸਕਦਾ ਹੈ। ਜਿਵੇਂ ਬਹੁਤ ਸਾਰੇ ਵਿਅਕਤੀਆਂ ਨੇ ਜਹਾਜ਼ ਵਿਚ ਸਫਰ ਕੀਤਾ ਹੋ ਸਕਦਾ ਹੈ, ਬਹੁਤ ਕੁਝ ਮਹਿਸੂਸ ਕੀਤਾ ਹੋ ਸਕਦਾ ਹੈ, ਪ੍ਰੰਤੂ ਸ਼ਾਇਦ, ਇਸ ਰੂਪ ਵਿਚ ਰਚਨਾ ਦਾ ਅੰਗ ਨਾ ਬਣ ਸਕਿਆ ਹੋਵੇ।

ਧਾਲੀਵਾਲ ਦੀ ਰਚਨਾ ਵਿਚ ਕਲਪਨਾ ਨੂੰ ਪੇਂਡੂ ਪ੍ਰਤੀਕ ਮਿਲਦੇ ਹਨ ਅਤੇ ਖਿਆਲਾਂ ਦੀ ਰੁਮਾਨੀ ਯਾਦ ਨੂੰ ਯਥਾਰਥ ਦੇ ਝਟਕੇ ਵੀ ਲਗਦੇ ਹਨ, ਜਿਸਦਾ ਏਅਰ ਹੋਸਟਸ ਵਾਲੀ ਘਟਨਾ ਵਿਚ ਜ਼ਿਕਰ ਮਿਲਦਾ ਹੈ ਜੋ ਸਪੱਸ਼ਟ ਕਰਦਾ ਹੈ ਕਿ ਕਈ ਵਾਰ ਇੱਛਤ ਯਥਾਰਥ ਦਾ ਅਸਲੀ ਰੂਪ ਵੱਖਰਾ ਕਿਵੇਂ ਹੁੰਦਾ ਹੈ—

'ਇੱਕ ਅੱਧ ਲਿਸ਼ਲਿਸ਼ ਕਰਦੀ ਏਅਰ ਹੋਸਟੈੱਸ ਤੋਂ ਬਿਨਾਂ ਬਾਕੀ ਢਾਲੇ ਪਈ ਜਵਾਨੀ ਵਾਲੀਆਂ ਮੇਰੀ ਕਲਪਨਾਂ ਦੀਆਂ ਏਅਰ ਹੋਸਟਸਾਂ ਨਾਲੋਂ ਕਿਤੇ ਘੱਟ ਖੂਬਸੂਰਤ ਸਨ। ਰਾਤ ਦੇ ਪਿਛਲੇ ਪਹਿਰ ਦੀ ਨੀਂਦ ਨਾਲ ਉਨ੍ਹਾਂ ਦੀਆਂ ਅੱਖਾਂ ਬੋਝਲ ਅਤੇ ਹੇਠਾਂ ਕਾਲੇ ਘੇਰੇ ਸਨ। ਮੁਸਕਾਨ ਥੱਕੀ ਥੱਕੀ ਸੀ, ਫਿਰ ਵੀ ਚੁਸਤ ਜਾਪਣ ਦੇ ਯਤਨ ਵਿਚ ਸਨ।

ਧਾਲੀਵਾਲ ਆਪਣੀ ਰਚਨਾ ਵਿਚ ਪੰਜਾਬ ਦੇ ਜਨ-ਸਾਧਾਰਣ ਦੇ ਸਵਾਲ ਅਮਰੀਕਨ ਪੰਜਾਬੀਆਂ ਨਾਲ-ਰੂ-ਬ-ਰੂ ਕਰਦਾ ਹੈ ਜਿਸ ਕਾਰਨ ਇਹ ਰਚਨਾ ਜਾਤੀ ਨਾ ਰਹਿ ਕੇ



ਸਮੂਹਿਕ ਬਣ ਜਾਂਦੀ ਹੈ। ਜਿਵੇਂ ਆਮ ਸਾਧਾਰਨ ਵਿਅਕਤੀ ਦੀ ਸੋਚ ਅਤੇ ਸਵਾਲ ਧਾਲੀਵਾਲ ਦੀ ਰਚਨਾ ਵਿਚ ਉਸਦੀ ਕਲਪਨਾ ਦਾ ਅੰਗ ਬਣਦੇ ਹਨ।

ਇਸ ਤਰ੍ਹਾਂ ਧਾਲੀਵਾਲ ਦੀ ਰਚਨਾ ਵਿਦੇਸ਼ੀ ਪੰਜਾਬੀਆਂ ਦੀ ਸਭਿਆਚਾਰਕ ਅਤੇ ਆਰਥਿਕ ਮਜ਼ਬੂਰੀ ਹੇਠਾਂ ਪਿਸ ਰਹੇ ਵਿਅਕਤੀਗਤ ਜਜ਼ਬਾਤਾਂ ਨੂੰ ਪੇਸ਼ ਕਰਦੀ ਹੈ।

ਭਾਰਤੀ ਪੰਜਾਬੀਆਂ ਸੰਬੰਧੀ, ਖਾਸ ਕਰ ਸਾਹਿਤਕਾਰਾਂ ਨੂੰ, ਹੱਡ ਤੁੜਾ ਤੁੜਾ ਕਮਾਏ ਪੈਸਿਆਂ ਤੇ ਹੱਥ ਫੇਰਦਿਆਂ ਪਰਵਾਸੀਆਂ ਦੇ ਅਨੁਭਵ ਰਾਹੀਂ ਪੇਸ਼ ਕੀਤਾ ਹੈ—

'ਉਏ ਭਾਈ ਸਾਹਿਬ, ਇਹੋ ਜਿਹਾ ਤਾਂ ਕੋਈ ਨਾ ਕੋਈ ਟਪਕਿਆ ਹੀ ਰਹਿੰਦੈ, ਕੋਈ ਰਸਾਲੇ ਲਈ ਚੰਦਾ ਮੰਗਣ ਬਹਾਨੇ ਪੌਂਡ ਮਾਜ ਕੇ ਲੈ ਜਾਂਦੈ, ਕੋਈ ਗੁਰਬਚਨ ਵਰਗਾ ਆਲੋਚਕ ਉਂਜ ਹੀ ਤਲੀ ਕਰ ਖੜਦਾ ਭਾੜੇ ਕਿਰਾਏ ਵਾਸਤੇ, ਖੈਰ ਅਸੀਂ ਤਾਂ ਕਦੇ ਪਿੱਠ ਨੀ ਵਿਖਾਈ ਯਾਰਾਂ ਦੋਸਤਾਂ ਨੂੰ, ਪਰ ਉਂਜ ਗੱਲ ਬੁਰੀ ਐ, ਡਾ. ਹਰਿਭਜਨ ਸਿਉਂ ਵਰਗੇ ਵੀ ਮੈਂ ਇਥੇ ਪੌਂਡ ਇਕੱਠੇ ਕਰਦੇ ਵੇਖੇ ਐਂ।

ਧਾਲੀਵਾਲ ਆਪਣੀ ਰਚਨਾ ਵਿਚ ਕੇਵਲ ਬਿਆਨ ਨਹੀਂ ਕਰਦਾ ਸਗੋਂ ਕਿਸੇ ਵੀ ਪੱਖ ਤੇ ਆਪਣੀ ਟਿੱਪਣੀ ਵੀ ਕਰਦਾ ਹੈ ਜਿਸ ਰਾਹੀਂ ਸਾਰੀ ਰਚਨਾ ਵਿਚ ਹਾਜ਼ਰ ਬਿਰਤਾਂਤਕਾਰ ਬਣਿਆ ਰਹਿੰਦਾ ਹੈ—

'ਪੂੰਜੀਪਤੀ ਦੀ ਰੁਚੀ ਹਮੇਸ਼ਾ ਵਿਕਣਯੋਗ ਅਤੇ ਉਸ ਤੋਂ ਹੋਣ ਵਾਲੇ ਮੁਨਾਫੇ ਵਿਚ ਹੁੰਦੀ ਹੈ। ਅਮਰੀਕਾ ਵਿਚ ਉਹ ਕੁਝ ਵੀ ਵੇਚਿਆ ਜਾ ਰਿਹਾ ਹੈ ਜਿਹੜਾ ਮਨੁੱਖ ਨੂੰ ਮਨੁੱਖ ਹੀ ਨਹੀਂ ਰਹਿਣ ਦਿੰਦਾ। ਕੈਸੀ ਵਿਡੰਬਨਾ ਹੈ ਕਿ ਇਕ ਪਾਸੇ ਮਨੁੱਖ ਨੂੰ ਮਸ਼ੀਨ ਬਣਾਈ ਜਾਓ ਅਤੇ ਦੂਜੇ ਪਾਸੇ ਉਸ ਦੀਆਂ ਕਲਾ ਬਿਰਤੀਆਂ ਲਈ ਥਾਂ ਥਾਂ ਮਿਊਜ਼ੀਅਮ ਖੋਲ੍ਹ ਦਿਓ, ਸਵਰਗ ਅਤੇ ਨਰਗ ਦੀ ਵਿਚਕਾਰਲੀ ਕੰਧ ਉਤੇ ਤੁਰ ਰਹੇ ਹਨ ਅਮਰੀਕਨ।'

ਕਿਤੇ ਕਿਤੇ ਧਾਲੀਵਾਲ ਤੱਥਾਂ ਦੀ ਪੇਸ਼ਕਾਰੀ ਵੱਲ ਰੁਚਿਤ ਹੋਇਆ, ਕੇਵਲ ਅੰਕੜੇ ਦੇਣ ਲੱਗ ਜਾਂਦਾ ਹੈ। ਜੋ ਰਚਨਾ ਦੇ ਪ੍ਰਵਾਹ ਵਿਚ ਥੋੜੀ ਜਿਹੀ ਖੜੋਤ ਪੈਦਾ ਕਰਦਾ ਹੈ।

ਪਰ ਅਜਿਹੇ ਬਿਰਤਾਂਤ ਬਹੁਤੇ ਨਹੀਂ ਹਨ ਜਿਸ ਕਾਰਨ ਰਚਨਾ ਦਾ ਪ੍ਰਵਾਹ ਥੋੜਾ ਮੱਠਾ ਜ਼ਰੂਰ ਹੁੰਦਾ ਹੈ। ਪ੍ਰੰਤੂ ਨਿਰੰਤਰਤਾ ਬਣੀ ਰਹਿੰਦੀ ਹੈ।

ਇਸ ਤਰ੍ਹਾਂ ਧਾਲੀਵਾਲ ਦੀ ਰਚਨਾ ਵਿਚ ਸੁਹਜ-ਸਵਾਦ, ਸੰਵਾਦ ਅਤੇ ਭਰਪੂਰ ਜਾਣਕਾਰੀ ਹੈ, ਜਿਸ ਕਾਰਨ ਇਹ ਰਚਨਾ 'ਮੋਤੀਆਂ ਦਾ ਚੋਗ' ਆਖੀ ਜਾ ਸਕਦੀ ਹੈ। ਇਸ ਰਚਨਾ ਵਿਚ ਵਾਰਤਕ ਵਰਗੀ ਜਾਣਕਾਰੀ, ਗਲਪ ਵਰਗਾ ਬਿਰਤਾਂਤ ਅਤੇ ਕਵਿਤਾ ਵਰਗਾ ਰਸ ਹੈ। ***(ਡਾ. ਸਤਨਾਮ ਸਿੰਘ ਸੰਧੂ)*** ❑

**ਸੋਗੀ ਖ਼ਬਰ**

ਅਸੀਂ ਆਪਣੇ ਪੁਰਾਣੇ ਮਿੱਤਰ, ਉੱਘੇ ਮਾਰਕਸਵਾਦੀ ਦਾਨਸ਼ਵਰ ਤੇ ਵਕੀਲ ਸ੍ਰੀ ਹਰਦਿਆਲ ਸਿੰਘ ਨੇਤਾ ਜੀ ਦੀ ਬੇਵਕਤ ਮੌਤ ਦੀ ਖ਼ਬਰ ਤੇ ਡੂੰਘਾ ਦੁੱਖ ਅਨੁਭਵ ਕੀਤਾ ਹੈ। ਅਸੀਂ ਆਪਣੇ ਇਸ ਦੁੱਖ ਨੂੰ ਦੁੱਖੀ ਪਰਿਵਾਰ ਨਾਲ ਸਾਂਝਾ ਕਰਦੇ ਹੋਏ, ਨੇਤਾ ਜੀ ਦੇ ਨਿੱਘੇ ਸਾਥ ਵਿਚ ਬਿਤਾਏ ਵਰ੍ਹਿਆਂ ਨੂੰ ਸਦਾ ਯਾਦ ਕਰਦੇ ਰਹਾਂਗੇ। ***—ਸੰਪਾਦਕੀ ਮੰਡਲ***

## ਖਿਆਲ ਆਪੋ ਆਪਣਾ

○ 'ਚਿਰਾਗ' ਸ਼ੁਮਾਰਾ 32 'ਚ ਸੰਪਾਦਕੀ ਦਲਿਤ-ਸਾਹਿਤ ਤੇ ਪ੍ਰਗਤੀਵਾਦੀ ਸਾਹਿਤ ਇਕ ਸੰਤੁਲਿਤ ਅਤੇ ਤਰਕ-ਪੂਰਨ ਸੰਪਾਦਕੀ ਹੈ। ਡਾ. ਸੁਰਿੰਦਰ ਅਜਨਾਤ ਸਾਡੇ ਸਤਿਕਾਰ ਦੇ ਯੋਗ ਵਿਦਵਾਨ ਲੇਖਕ ਹਨ। ਪਰ ਉਨ੍ਹਾਂ ਦੀ ਪ੍ਰਗਤੀਵਾਦੀ ਸਾਹਿਤ ਬਾਰੇ ਕੀਤੀ ਇਹ ਟਿੱਪਣੀ ਜਚਦੀ ਨਹੀਂ ਕਿ 'ਭਾਰਤੀ ਸੰਦਰਭਾਂ ਵਿਚ ਇਹੁ ਆਰਥਿਕ-ਸ਼ੋਸ਼ਣ ਦਾ ਪਰਿਆਏਵਾਚੀ ਬਣ ਕੇ ਰਹਿ ਗਿਆ ਹੈ।' ਡਾ. ਹੋਰਾਂ ਨੂੰ ਪਤਾ ਹੀ ਹੋਵੇਗਾ ਕਿ ਜੇ ਆਰਥਿਕ-ਸ਼ੋਸ਼ਣ ਹੀ ਖ਼ਤਮ ਹੋ ਜਾਵੇ, ਤਾਂ ਸਮਾਜ ਦੀ 95% ਮਸਲੇ ਹੱਲ ਹੋ ਜਾਂਦੇ ਹਨ। ਪਰ ਮਾਰਕਸਵਾਦੀ ਸਾਹਿਤ ਜਾਂ ਪ੍ਰਗਤੀ ਵਾਦੀ ਸਾਹਿਤ ਮਹਿਜ਼ ਆਰਥਿਕ ਮਸਲਿਆਂ ਤੱਕ ਹੀ ਸੀਮਤ ਨਹੀਂ। ਸਗੋਂ ਸਮਾਜ ਜਾਂ ਜ਼ਿੰਦਗੀ ਦੇ ਹੋਰ ਵੀ ਬਹੁਤ ਸਾਰੇ ਮਸਲਿਆਂ ਬਾਰੇ ਹੱਲ ਸੁਝਾਉਂਦਾ ਹੈ। ਇਸ ਤਫ਼ਸੀਲ ਵਿਚ ਜਾਣ ਦੀ ਜ਼ਰੂਰਤ ਨਹੀਂ, ਡਾ. ਸਾਹਿਬ ਨੇ ਮਾਰਕਸਵਾਦ ਦਾ ਸੰਜੀਦਾ ਮੁਤਾਲਿਆ ਕੀਤਾ ਹੀ ਹੋਵੇਗਾ। 1947 ਦੇ ਫਿਰਕੂ ਕਤਲਾਮ, ਜਾਂ ਊਚ ਨੀਚ, ਜ਼ਾਤ-ਪਾਤ ਨਾਲ ਕਦੋਂ ਪ੍ਰਗਤੀਵਾਦੀ ਸਾਹਿਤ ਨਹੀਂ ਜੂਝਿਆ ਹੈ। ਇਹ ਹੋਰ ਗੱਲ ਹੈ ਕਿ ਸਫ਼ਲਤਾ ਕਿੰਨੀ ਕੁ ਮਿਲੀ। ਇਸ ਆਰਟੀਕਲ 'ਚ ਪ੍ਰਗਤੀਵਾਦੀ ਸਾਹਿਤ ਦੇ ਹੱਕ 'ਚ ਇਸ ਆਰਟੀਕਲ ਦੇ ਲੇਖਕ ਨੇ ਅਲੱਗ ਦਲੀਲਾਂ ਦਿੱਤੀਆਂ ਹਨ, ਮੇਰੇ ਖ਼ਿਆਲ 'ਚ ਡਾ. ਸੁਰਿੰਦਰ ਅਜਨਾਤ ਅਤੇ ਕਾਲੀ ਸਾਹਿਬ ਇਨ੍ਹਾਂ ਨਾਲ ਮੁਤਫਿਕ ਹੀ ਹੋਣਗੇ। ਮੈਂ ਡਾ. ਸਾਹਿਬ ਨੂੰ ਆਪਣੇ ਜੀਵਨ 'ਚ ਜ਼ਾਤ-ਪਾਤ ਦੇ ਸੰਦਰਭ 'ਚ ਘਟੀਆਂ ਅਨੇਕਾਂ ਘਟਨਾਵਾਂ 'ਚੋਂ ਇਕ ਏਥੇ ਬਿਆਨ ਕਰਨੀ ਚਾਹੁੰਦਾ ਹਾਂ।

...... ਗੱਲ ਕੋਈ 20 ਕੁ ਸਾਲ ਪਹਿਲਾਂ ਦੀ ਹੈ। ਮੇਰੇ ਇਕ ਦੋਸਤ (ਦਲਿਤ) ਦੀਆਂ ਦੋ ਬੇਟੀਆਂ ਦਾ ਵਿਆਹ ਸੀ। ਜੋ ਦਲਿਤਾਂ ਦੇ ਹੀ ਵਿਹੜੇ 'ਚ ਸੀ। ਕਿਉਂਕਿ ਮੇਰਾ ਦੋਸਤ ਮਾਲੀ-ਹਾਲਤੋਂ ਕੁਝ ਚੰਗਾ ਸੀ, ਸੋ ਸ਼ਹਿਰ ਦੇ ਕਾਫੀ ਪਤਵੰਤਿਆਂ ਨੂੰ ਦਾਅਵਤ ਨਾਮੇ ਭੇਜੇ ਸਨ ਅਤੇ ਉਨ੍ਹਾਂ ਸ਼ਿਰਕਤ ਵੀ ਕੀਤੀ ਸੀ। ਜਿਨ੍ਹਾਂ 'ਚ ਮੈਜਿਸਟਰੇਟ, ਵਕੀਲ, ਦੁਕਾਨਦਾਰ (ਵੱਡੇ) ਕਿਸਾਨ ਯਾਨੀ ਜੱਟ ਅਤੇ ਹੋਰ ਵੀ ਮਾਲੀ ਹਾਲਤੋਂ ਤੋਂ ਬਿਹਤਰ ਲੋਕ ਸ਼ਾਮਿਲ ਸਨ ਅਤੇ ਖ਼ੂਬ ਖਾ ਪੀ ਰਹੇ ਸਨ। ਬਿਨਾਂ ਕਿਸੇ ਭਿੰਨ ਭੇਦ ਦੇ। ਜੋ ਨਹੀਂ ਸ਼ਾਮਿਲ ਸਨ ਤਾਂ ਏਸੇ 'ਦਲਿਤ ਜਾਤੀ' ਦੇ ਉਹ ਲੋਕ ਜੋ ਅਜੇ ਵੀ ਘਾਹ ਖੋਤਦੇ ਸਨ, ਰਿਕਸ਼ਾ ਚਲਾਉਂਦੇ ਸਨ, ਜਾਂ ਮਜ਼ਦੂਰੀ ਕਰਦੇ ਸਨ ਅਤੇ ਉਹ ਕੁਝ ਗਜ਼ਾਂ ਦੀ ਦੂਰੀ ਤੋਂ ਆਪਣੀ ਬਰਾਦਰੀ ਦਾ ਜਸ਼ਨ ਵਰਗਾ ਵਿਆਹ ਇੰਜ ਵੇਖ ਰਹੇ ਸਨ, ਜਿਵੇਂ ਅਸੀਂ ਛੋਟੇ ਹੁੰਦੇ ਸਰਕਸ ਦੇ ਤੰਬੂ ਅਤੇ ਹਾਥੀ ਘੋੜੇ ਬਾਹਰੋਂ ਹੀ ਵੇਖ ਕੇ ਮੁੜ ਆਉਂਦੇ ਸੀ, ਕਿਉਂਕਿ ਟਿਕਟ ਜੋਗੇ ਪੈਸੇ ਨਹੀਂ ਸੀ ਹੁੰਦੇ। ਸੋ ਡਾ. ਸਾਹਿਬ ਅਤੇ ਕਾਲੀ ਸਾਹਿਬ, ਜੇ ਆਰਥਿਕ-ਦਸ਼ਾ ਚੰਗੀ ਹੋਵੇ ਤਾਂ ਤੁਹਾਡੀ ਜ਼ਾਤ ਵੱਲ ਵੀ ਕੋਈ ਨਹੀਂ ਵੇਖਦਾ, ਜਾਂ ਜ਼ਿਆਦਾ ਤਵੱਜੋ ਨਹੀਂ ਦਿੰਦਾ। ਏਥੇ ਮੇਰਾ ਮਤਲਬ ਇਹ ਨਹੀਂ ਕਿ ਕਿਸੇ ਵੀ ਹਰਬੇ ਪੈਸਾ ਕਮਾਓ ਤੇ ਆਪਣੀ ਜ਼ਾਤ ਲੁਕਾਓ। ਨਹੀਂ ਸਗੋਂ ਇਹ ਕਿ ਆਰਥਿਕ ਕਾਣੀ ਵੰਡ ਦੂਰ ਕੀਤੇ ਬਿਨਾਂ ਇਨਸਾਨੀ



ਵਿਤਕਰੇ (ਜ਼ਿਆਦਾ) ਮੁਕਾਏ ਨਹੀਂ ਜਾ ਸਕਦੇ। ਆਖ਼ਰ ਤਾਂ ਆਰਥਿਕਤਾ ਸਮਾਜ ਦਾ ਧੁਰਾ ਹੈ।

ਕਲਾਕਾਰ ਦੀ ਆਜ਼ਾਦੀ ਉੱਪਰ ਫ਼ਾਸ਼ੀਵਾਦੀ ਹਮਲਾ ਇਸ ਛੋਟੇ ਜਿਹੇ ਲੇਖ 'ਚ ਨਿੱਕਰਧਾਰੀਆਂ ਦੀ ਫਾਸ਼ਿਸਟੀ ਫ਼ਿਤਰਤ ਬਿਆਨ ਕੀਤੀ ਹੈ। ਚੰਗੀ ਗੱਲ ਜੇ ਤਮਾਮ ਤਰੱਕੀ ਪਸੰਦਾ ਤਨਜ਼ੀਮਾਂ ਇਨ੍ਹਾਂ ਦੇ ਖਿਲਾਫ਼ ਮੋਰਚਾ ਬੰਦੀ ਹੁਣੇ ਹੀ ਕਰਨ। ਪ੍ਰੋ. ਆਸ਼ਕ ਰਹੀਲ ਦੀ ਕਹਾਣੀ 'ਡਿਊਟੀ' ਪੜ੍ਹ ਕੇ ਪਤਾ ਲਗਿਆ ਕਿ ਜਿਹੜੀਆਂ ਬਿਮਾਰੀਆਂ ਇਧਰਲੇ ਹਾਕਮਾਂ 'ਚ ਹਨ, ਉਹੀ ਓਧਰ ਵੀ ਦਨਦਨਾਉਂਦੀਆਂ ਫ਼ਿਰਦੀਆਂ ਹਨ। 'ਚੌਹਠ ਬਾਹਵਾਂ ਵਾਲਾ ਦੈਂਤ ਸੰਘ ਪਰਿਵਾਰ' ਡਾ. ਨਮਿਤਾ ਸਿੰਘ ਪ੍ਰੋ. ਕੁੰਵਰਪਾਲ ਸਿੰਘ ਦਾ ਲੇਖ ਇਸ ਅੰਕ ਦਾ ਹਾਸਿਲ ਹੈ। ਆਮ ਆਦਮੀ ਤਾਂ ਆਮ ਆਦਮੀ। ਕਈ ਸਾਰੇ ਖਾਸ ਆਦਮ ਯਾਨੀ ਬੁੱਧਜੀਵੀ ਵੀ ਇਹ ਨਹੀਂ ਜਾਣਦੇ ਕਿ ਸੰਘ ਪਰਿਵਾਰ ਅਸਲ 'ਚ ਕੀ ਹੈ? ਅਤੇ ਇਸ ਦਾ ਤੰਦੂਆ ਜਾਲ ਕਿਥੋਂ ਤੱਕ ਫੈਲਿਆ ਹੈ। ਡਾ. ਕਰਮਜੀਤ ਸਿੰਘ ਦਾ ਸ਼ੁਕਰੀਆ ਕਿ ਬੜਾ ਚੰਗਾ ਤਰਜੁਮਾ ਕੀਤਾ ਹੈ। ਅਮਨਪਾਲ ਸਾਰਾ ਦਾ ਲੇਖ 'ਪੰਜਾਬੀ ਭਾਸ਼ਾ........' ਵੀ ਭਾਸ਼ਾ ਦੇ ਮਯਾਰੀ ਕਰਨ ਬਾਰੇ ਕਾਫੀ ਸੋਚਣ ਲਈ ਪ੍ਰੇਰਦਾ ਹੈ। ਡਾ. ਕਰਮਜੀਤ ਸਿੰਘ ਦਾ ਲੇਖ 'ਪੰਜਾਬੀ ਲੋਕ-ਧਾਰਾ, ਸੰਗ੍ਰਹਿ ਤੇ ਸਮੀਖਿਆ' ਵੀ ਲੋਕ-ਧਾਰਾ ਬਾਰੇ ਬੜੀ ਖੋਜ ਨਾਲ ਲਿਖਿਆ ਗਿਆ ਹੈ। ਅਤੇ ਵਾਹਵਾ ਜਾਣਕਾਰੀ ਪ੍ਰਦਾਨ ਕਰਦਾ ਹੈ। ਸੂਫੀ ਅਮਰਜੀਤ ਕੇਂਦਰੀ ਪੰਜਾਬੀ ਲੇਖਕ ਧਾਰਾ ਨੂੰ ਮੁਖਾਤਿਬ ਹੈ। ਐਤਕੀਂ (ਦਸੰਬਰ 1999) ਦੀਆਂ ਚੋਣਾਂ 'ਚ ਅਹੁਦੇਦਾਰੀ ਦੇ ਲੋਭ ਲਈ ਨਾ-ਅਹਿਲ ਲੋਕਾਂ ਦਾ ਚੋਣ 'ਚ ਖੜ੍ਹਨਾ ਵਾਕਿਆ ਹੀ ਇਕ ਗ਼ਲਤ ਰੁਹਜਾਨ ਹੈ। ਪਰ ਇਹ ਜ਼ਮਾਨਤ-ਫੀਸ ਵਧਾ ਕੇ ਨਹੀਂ ਰੁਕਣਾ। ਜਿਵੇਂ ਐਤਕੀਂ ਡਾ. ਜਗਤਾਰ ਦੇ ਮੁਕਾਬਲੇ ਸ੍ਰੀ ਪ੍ਰਗਟ ਸਿੰਘ ਜੰਬਰ ਖੜ੍ਹੇ ਸੀ। ਇਹ ਇਕ ਮਜ਼ਾਕ ਨਹੀਂ ਤਾਂ ਹੋਰ ਕੀ ਸੀ। ਕਿਥੇ ਡਾ. ਜਗਤਾਰ ਅਤੇ ਕਿਥੇ ਜੰਬਰ ਸਾਹਿਬ ਜਿਨ੍ਹਾਂ ਦੀ ਸਾਹਿਤ ਵਿਚ ਅਜੇ ਕੋਈ ਥਾਂ ਹੀ ਨਹੀਂ ਨਿਸ਼ਚਿਤ ਕੀਤੀ ਜਾ ਸਕਦੀ। ਮੇਰਾ ਖਿਆਲ ਹੈ ਇਕ ਬੋਰਡ ਹੋਣਾ ਚਾਹੀਦਾ ਹੈ। ਜੋ ਲੇਖਕ ਦੀਆਂ (ਜੋ ਚੋਣ ਲੜੇ)=ਉਸ ਦੀਆਂ ਲੇਖਣ-ਯੋਗਤਾਵਾਂ ਦੀ ਪਰਖ ਕਰੇ (ਨਾ ਕਿ ਪੰਜ ਰਚਨਾਵਾਂ ਵਾਲਾ ਸਰਟੀਫਿਕੇਟ) ਸੂਫੀ ਸਾਹਿਬ ਦੇ ਸੁਝਾਵਾਂ 'ਤੇ ਵੀ ਗੌਰ ਹੋਣਾ ਚਾਹੀਦਾ ਹੈ। ਰੀਵਿਊ ਸਾਰੇ ਹੀ ਵਧੀਆ ਹਨ। ਖ਼ਾਸ ਤੌਰ ਤੇ ਡਾ. ਸੁਰਿੰਦਰ ਸ਼ਾਂਤ ਦਾ ਅਤੇ ਡਾ. ਤੇਜਵੰਤ ਮਾਨ ਦਾ। ਕਵਿਤਾਵਾਂ 'ਚੋਂ ਸੀ ਓਮ ਪ੍ਰਕਾਸ਼ ਉੱਪਲ, ਬੁੱਟਰ ਸ਼ਮੀਮ, ਸਈਦ ਚੰਗੇ ਰਹੇ। ਉਂਜ ਤਾਂ ਗ਼ਜ਼ਲਾਂ ਸਾਰੀਆਂ ਹੀ ਮਿਆਰੀ ਹਨ, ਪਰ ਵਿਸ਼ੇਸ਼ ਚੰਗੀਆਂ ਲੱਗੀਆਂ-ਸਰਹੱਦੀ, ਕੁਹਾੜ, ਸਾਜਿਦ ਅਤੇ ਕਮਲ। ਮੇਰੀਆਂ ਗ਼ਜ਼ਲਾਂ 'ਚ ਪਰੂਫ਼ ਦੀਆਂ ਗ਼ਲਤੀਆਂ ਰਹਿ ਗਈਆਂ ਹਨ। ਜੋ ਇਸ ਤਰ੍ਹਾਂ ਹਨੇਰੇ-ਪਹਿਲੀ ਗ਼ਜ਼ਲ ਦੇ 10ਵੇਂ ਸ਼ਿਅਰ 'ਚ 'ਬਾਗਾਂ' ਨਹੀਂ 'ਬਾਹਾਂ' ਚਾਹੀਦੈ। ਤੀਜੀ ਗ਼ਜ਼ਲ ਦੇ ਚੌਥੇ ਸ਼ਿਅਰ ਦੇ ਪਹਿਲੇ ਮਿਸਰੇ 'ਚ ..... ਲੀੜੇ ਹੀ ਚਾਹੀਦੈ। 'ਦੀ' ਨਹੀਂ। ਏਸੇ ਗ਼ਜ਼ਲ ਦੇ ਅਠਵੇਂ ਸ਼ਿਅਰ ਦੇ ਦੂਜੇ ਮਿਸਰੇ 'ਚ ਹਮਦੋ-ਸਨ ਚਾਹੀਦੈ।

'ਹਸਦੇ-ਸਨ' ਨਹੀਂ। ਪੰਜਵੀਂ ਗ਼ਜ਼ਲ ਦੇ ਛੇਵੇਂ ਪਿਆਰ ਦੇ ਪਹਿਲੇ ਮਿਸਰੇ 'ਚ 'ਕੌਣ ਕਹਿੰਦੈ ਕਿ ਮੈਂ ਇਸ਼ਕ ਕਰਦਾ ਨਹੀਂ'' 'ਚ 'ਮੈਂ' ਰਹਿ ਗਿਆ ਹੈ।

ਜੇ ਕ੍ਰਿਪਾ ਕਰਕੇ ਇਹ ਦਰੁਸਤੀ ਛਾਪ ਦੇਣੀ। ਧੰਨਵਾਦ। ***ਮਹਿੰਦਰ ਸਾਥੀ (ਮੋਗਾ)***

❍ ਚਿਰਾਗ਼ ਅੰਕ 32 ਵਿਚਲੀ ਪ੍ਰੋ. ਆਸ਼ਕ ਰਹੀਲ ਦੀ ਕਹਾਣੀ 'ਡਿਊਟੀ' ਦੋਨਾਂ ਪੰਜਾਬਾਂ ਵਿਚਲੇ ਮਨੁੱਖੀ ਕਦਰਾਂ ਕੀਮਤਾਂ ਦੇ ਨਿਘਾਰ ਨੂੰ ਸਾਨੂੰ ਪ੍ਰਤੱਖ ਤਰ੍ਹਾਂ ਵਿਖਾਉਣ ਵਿਚ ਕਾਮਯਾਬ ਹੋਈ ਹੈ। ਕਿਉਂਕਿ ਇਧਰਲੇ ਅਫ਼ਸਰੀ ਕਿਰਦਾਰਾਂ ਬਾਰੇ ਵੀ ਅਸੀਂ ਪਹਿਲਾ ਹੀ ਜਾਣਦੇ ਹਾਂ।

ਬਾਕੀ ਸੰਘ ਪਰਿਵਾਰ ਬਾਰੇ ਜਾਣਕਾਰੀ ਇਸ ਪੱਖੋਂ ਬੜੀ ਬਹੁਮੁੱਲੀ ਹੈ ਕਿ ਇਹ ਹਰ ਸਹੀ ਸੋਚ ਵਾਲੇ ਬੰਦੇ, ਨੂੰ ਜਨੂੰਨੀ ਤਾਕਤਾਂ ਤੋਂ ਸੁਚੇਤ ਕਰਦੀ ਹੈ। **ਮਹਿਮਾ ਸਿੰਘ, ਹਲਵਾਰਾ (ਲੁਧਿਆਣਾ)**

❍ ਚਿਰਾਗ਼ ਦੇ ਪਿਛਲੇ ਦੋਵੇ ਅੰਕ ਸਲਾਹੁਣ ਯੋਗ ਸਨ। ਕਵਿਤਾ ਅੰਕ ਵਿਚ ਡਾ. ਸੁਖਦੇਵ ਦੀਆਂ ਕਵਿਤਾਵਾਂ ਅਤੇ ਲਾਲ ਸਿੰਘ ਦੀ ਕਹਾਣੀ 'ਐਨਕ' ਨੇ ਤਾਂ ਹਲੂਣ ਕੇ ਰੱਖ ਦਿੱਤਾ। 'ਬਲੌਰ' ਅਤੇ 'ਝਿੰਜ' ਵਰਗੀਆਂ ਕਹਾਣੀਆਂ ਦੇ ਰਚੇਤਾ ਲਾਲ ਸਿੰਘ ਦੀਆਂ ਯਾਦਗਾਰੀ ਕਹਾਣੀਆਂ 'ਚ 'ਐਨਕ' ਇਕ ਹੋਰ ਯਾਦਗਾਰੀ ਕਹਾਣੀ ਹੈ। 'ਐਨਕ' ਪੜ੍ਹ ਕੇ ਮੈਨੂੰ ਸਮਝ ਆ ਗਈ ਹੈ ਕਿ ਲਾਲ ਸਿੰਘ ਘੱਟ ਕਿਉਂ ਲਿਖਦਾ ਹੈ। ਚਿਰਾਗ਼ ਦਾ ਬਾਕੀ ਮੈਟਰ ਵੀ ਪੜਨ ਤੇ ਸਾਂਭਣਯੋਗ ਹੈ। ਪਰ ਤੁਹਾਡੇ ਵਰਗੀ ਸੰਪਾਦਕੀ ਟੀਮ ਤੋਂ ਮੈਟਰ ਦੀ ਬੇਤਰਤੀਬੀ ਰੋੜ ਵਾਂਗ ਰੜਕਦੀ ਹੈ। ਹੋ ਸਕਦਾ ਹੈ ਕਿ ਇਹ ਸਭ ਕੁਝ ਪਿੱਛੇ ਤੁਹਾਡੀ ਕੋਈ ਮਜ਼ਬੂਰੀ ਹੋਵੇ, ਪਰ 'ਚਿਰਾਗ਼' ਤੇ ਆਪਣੀਆਂ ਮਜ਼ਬੂਰੀਆਂ ਨੂੰ ਹਾਵੀ ਨਾ ਹੋਣ ਦਿੱਤਾ ਜਾਵੇ ਤਾਂ ਇਹ ਪਾਠਕਾਂ ਅਤੇ ਚਿਰਾਗ਼ ਦੋਹਾਂ ਲਈ ਲਾਹੇਵੰਦ ਰਹੇਗਾ। **(ਮਦਨ-ਵੀਰਾ)** ●

### ਸੋਗ-ਸਮਾਚਾਰ

'ਪੰਚਮ ਲਹੌਰ' ਮਾਸਕ ਪੱਤਰ ਦੇ ਮਾਰਚ ਅਪ੍ਰੈਲ ਅੰਕ ਵਿਚਲੀ ਸੰਪਾਦਕੀ ਟਿੱਪਣੀ ਰਾਹੀਂ ਸਾਨੂੰ ਪਾਕਿਸਤਾਨ ਦੇ ਪੰਜਾਬੀ ਦੇ ਸਿਰਕੱਢ ਲੇਖਕ ਮੁਹੰਮਦ ਆਸਫ ਖਾਨ ਦੀ ਮੌਤ ਦੀ ਖ਼ਬਰ ਮਿਲੀ ਹੈ। ਉਹ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦਿਵਾਉਣ ਵਾਲੇ ਮੋਢੀਆਂ ਵਿਚੋਂ ਸਨ ਤੇ ਉਹਨਾਂ ਸਾਰੀ ਉਮਰ ਮਾਂ-ਬੋਲੀ ਦੇ ਲੇਖੇ ਲਾ ਦਿੱਤੀ। ਉਹਨਾਂ ਪੰਜਾਬੀ ਦੇ ਵਿਕਾਸ ਲਈ ਪ੍ਰਾਚੀਨ ਸੂਫੀ ਸਾਹਿਤ ਨੂੰ ਸੰਭਾਲਣ, ਛਾਪਣ ਤੇ ਮੁਲਾਂਕਣ ਕਰਨ ਦਾ ਕਾਰਜ ਵੀ ਕੀਤਾ ਤੇ ਕਈ ਪੁਸਤਕਾਂ ਦੀ ਸੰਪਾਦਨਾ ਕੀਤੀ। ਉਹ ਪੰਜਾਬੀ ਦੇ ਰਿਸਾਲੇ 'ਪੰਜਾਬੀ ਅਦਬ' ਦੇ ਐਡੀਟਰ ਤੇ ਪਾਕਿਸਤਾਨੀ ਪੰਜਾਬੀ ਅਦਬੀ ਬੋਰਡ ਦੇ ਕਰਤਾ-ਧਰਤਾ ਸਨ। ਅਸੀਂ ਲੇਖਕ-ਬਰਾਦਰੀ ਦੇ ਸੋਗ ਵਿਚ ਸ਼ਾਮਿਲ ਹੁੰਦੇ ਹੋਏ, ਇਸ ਸਿਰੜੀ ਲੇਖਕ ਤੇ ਪੰਜਾਬੀ ਦੀ ਲਹਿਰ ਦੇ ਸਿਰਕੱਢ ਆਗੂ ਦੀ ਮੌਤ ਤੇ ਦੁੱਖ ਪ੍ਰਗਟ ਕਰਦੇ ਹਾਂ।—***ਸੰਪਾਦਕੀ ਮੰਡਲ***



### ਇਕ ਚੰਗਾ ਉਪਰਾਲਾ

ਕੁਕਨੂਸ ਪ੍ਰਕਾਸ਼ਨ ਜਲੰਧਰ ਵਲੋਂ ਵਧੀਆ ਤੇ ਚੋਣਵਾਂ ਸਾਹਿਤ ਸਸਤੇ ਰੂਪ ਵਿਚ ਲੋਕਾਂ ਤੀਕ ਪਹੁੰਚਾਉਣ ਹਿਤ, ਪੁਸਤਕਾਂ ਦਾ ਇਕ ਨਵਾਂ ਸੈੱਟ ਛਾਪਿਆ ਗਿਆ ਹੈ, ਜਿਹੜਾ ਉੱਕਾ ਪੁੱਕਾ ਸੌ ਰੁਪਏ ਵਿਚ ਦੇਣ ਦਾ ਉੱਦਮ ਕੀਤਾ ਜਾ ਰਿਹਾ ਹੈ। ਇਸ ਵਿਚ ਪੰਜਾਬੀ ਦੇ ਸਮਰੱਥ ਕਹਾਣੀਕਾਰ ਸ੍ਰੀ ਪ੍ਰੇਮ ਪ੍ਰਕਾਸ਼, ਡਾ. ਵਰਿਆਮ ਸੰਧੂ ਤੇ ਸ੍ਰੀ ਜਸਵੰਤ ਸਿੰਘ ਵਿਰਦੀ ਦੀਆਂ ਚੋਣਵੀਆਂ, ਰੂਸੀ ਗਲਪਕਾਰ ਮੈਕਸਿਮ ਗੋਰਕੀ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ ਤੇ ਚਿੱਲੀ ਦੇ ਨਾਵਲਕਾਰ 'ਲੂਈਸ ਸੈਪਲ ਵੇਦ' ਦਾ ਛੋਟਾ ਨਾਵਲ ''ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ'' ਸ਼ਾਮਿਲ ਹੈ। ਹਰ ਪੁਸਤਕ ਸੌ ਸਫ਼ਿਆਂ ਦੇ ਕਰੀਬ ਹੈ। ਇਹਨਾਂ ਦੀ ਦਿੱਖ ਸੁੰਦਰ ਤੇ ਛਪਾਈ ਵਧੀਆ ਹਨ। ਅਸੀਂ ਇਸ ਸੈਟ ਦੇ ਛਾਪਣ ਤੇ ਸ੍ਰੀ ਰਾਜਿੰਦਰ ਬਿਮਲ ਨੂੰ ਵਧਾਈ ਦਿੰਦੇ ਹਾਂ ਤੇ ਪਾਠਕਾਂ ਨੂੰ ਇਹਨਾਂ ਦੇ ਪੜ੍ਹਨ ਦੀ ਸਿਫ਼ਾਰਿਸ਼ ਕਰਦੇ ਹਾਂ। ਅਜਿਹੇ ਉਦਮ ਜਾਰੀ ਰਹਿਣੇ ਚਾਹੀਦੇ ਹਨ। —***ਸੰਪਾਦਕ***

### ਪੁਸਤਕ ਪ੍ਰਾਪਤੀ

1. ਸਹਿਮੀ ਰੌਸ਼ਨੀ (ਗ਼ਜ਼ਲ-ਸੰਗ੍ਰਹਿ) ਸੁਖਦੇਵ ਗ੍ਰੇਵਾਲ, ਮੁਹਿੰਦਰਾ ਪ੍ਰਕਾਸ਼ਨ ਨਾਭਾ- ਮੁੱਲ 100/- ਪੰਨੇ 96।
2. ਕੋਊ ਨਾ ਨਿਬਹਿਓ ਸਾਥਿ (ਕਹਾਣੀਆਂ) ਕਮਲ ਮਿਰਜ਼ਾ, ਪੰਜਾਬੀ ਪਬਲੀਕੇਸ਼ਨਜ਼, ਪਟਿਆਲਾ।
3. ਨਹੀਂ, ਮੈਂ ਨਹੀਂ (ਕਹਾਣੀਆਂ) ਜਿੰਦਰ, ਮੁੱਲ 100/- ਪੰਨੇ 112, ਚਾਨਣ ਪ੍ਰਕਾਸ਼ਨ ਜਲੰਧਰ।
4. ਤੋਰੇ ਜਾਣ ਤੋਂ ਬਾਅਦ (ਕਵਿਤਾ) ਪਰਮਿੰਦਰ ਸੋਢੀ, ਪੰਨੇ 80, ਮੁੱਲ 60/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
5. ਕਥਾ ਕਨੇਡਾ (ਕਹਾਣੀਆਂ) ਸੰਪਾਦਕ ਸੁਖਵੰਤ ਹੁੰਦਲ ਤੇ ਸਾਧੂ ਬਿਨਿੰਗ, ਪੰਨੇ 135, ਮੁੱਲ 100/- ਚੇਤਨਾ ਪ੍ਰਕਾਸ਼ਨ ਲੁਧਿਆਣਾ।
6. ਤੇਰੀ ਮੇਰੀ ਗੱਲ (ਗ਼ਜ਼ਲਾਂ) ਗੁਰਮੀਤ ਸਿੰਘ ਚਮਨ; ਪੰਨੇ 72, ਮੁੱਲ 40/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
7. ਸੰਘਰਸ਼ ਦੇ ਸੌ ਵਰ੍ਹੇ (ਖੋਜ) ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ, ਪੰਨੇ 65, ਮੁੱਲ 200/ ਚੇਤਨਾ ਪ੍ਰਕਾਸ਼ਨ, ਲੁਧਿਆਣਾ।
8. ਸੰਤ ਰਾਮ ਉਦਾਸੀ (ਜੀਵਨ ਤੇ ਸਮੁੱਚੀ ਰਚਨਾ) ਸੰਪਾਦਕ ਰਾਜਿੰਦਰ ਰਾਹੀ, ਪੰਨੇ 325, ਮੁੱਲ 100/- ਚੇਤਨਾ ਪ੍ਰਕਾਸ਼ਨ, ਲੁਧਿਆਣਾ।

### ਚੀਨੀ ਸਾਹਿਤ ਦਾ ਵਿਸ਼ੇਸ਼ ਅੰਕ

ਚਿਰਾਗ਼ ਦਾ ਅਗਲਾ ਅੰਕ ਮਹਾਨ ਤੇ ਪ੍ਰਚੀਨ ਸਭਿਅਤਾ ਤੇ ਸਾਹਿਤ ਦੇ ਮਾਲਕ ਦੇਸ਼ ਚੀਨ ਦੇ ਸਾਹਿਤ ਬਾਰੇ ਹੋਵੇਗਾ। ਲੇਖਕ ਸੱਜਣ ਆਪਣੀਆਂ ਰਚਨਾਵਾਂ ਭੇਜਣ।—***ਸੰਪਾਦਕੀ ਮੰਡਲ***

ਕਿਫ਼ਾਇਤੀ, ਸੁਹਣੇ, ਨਰੋਏ ਤੇ ਸੁਚੱਜੇ ਸਾਹਿਤ ਦਾ ਪ੍ਰਕਾਸ਼ਨ ਅਦਾਰਾ

# ਚੇਤਨਾ ਪ੍ਰਕਾਸ਼ਨ

**ਪੰਜਾਬੀ ਭਵਨ, ਲੁਧਿਆਣਾ**

***Ph : 413613 (O), 459645 (R)***

*ਨਵੀਆਂ ਛਪ ਰਹੀਆਂ ਪੁਸਤਕਾਂ*

- ਸੰਤ ਰਾਮ ਉਦਾਸੀ : ਜੀਵਨ ਤੇ ਰਚਨਾ
- ਬੋਲ ਧਰਤੀਏ ਬੋਲ : ਗੁਰਭਜਨ ਗਿੱਲ
- ਢਲਦੇ ਪਰਛਾਵੇਂ : ਕਲਾਸੀਕਲ ਰੂਸੀ ਨਾਵਲਿਟ
- ਸੰਪੂਰਨ ਪਾਸ਼ ਕਾਵਿ : ਸੰ. ਸੁਰਿੰਦਰ ਧੰਜਲ
- ਥੀਏਟਰ ਦੇ ਥੰਮ੍ਹ : ਕਮਲੇਸ਼ ਉੱਪਲ
- ਸੁਨਹਿਰਾ ਗੁਲਾਬ : ਅਨੁ : ਸੁਖਬੀਰ
- ਆਨੰਦ ਮੱਠ : ਅਨੁ : ਸ਼ਾਹ ਚਮਨ
- ਬੇਵਸ ਪਰਿੰਦੇ (ਨਾਵਲ) : ਡਾ. ਬਲਬੀਰ ਸਿੰਘ ਸ਼ਾਹ
- ਬੋਲ ਮਿੱਟੀ ਦੇ ਬਾਵਿਆ : ਗੁਰਭਜਨ ਗਿੱਲ

ਇਕ ਅਹਿਮ ਇਤਿਹਾਸਕ ਦਸਤਾਵੇਜ਼
**ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ**

ਸੰਘਰਸ਼ ਦੇ ਸੌ ਵਰ੍ਹੇ
ਕੈਨੇਡਾ ਦੀ ਪ੍ਰਗਤੀਸ਼ੀਲ ਲਹਿਰ ਦੇ ਸੌ ਵਰ੍ਹੇ
ਲੇਖਕ : ਸੁਖਵੰਤ ਹੁੰਦਲ, ਸਾਧੂ ਬਿਨਿੰਗ

ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚਿਰਾਂ ਤੋਂ ਉਡੀਕੀ ਜਾ ਰਹੀ
ਡਾ. ਜਸਵਿੰਦਰ ਸਿੰਘ ਦੀ ਪੁਸਤਕ

ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿਤਰਦਾ-ਜਗਦੀਸ਼ ਸਚਦੇਵਾ ਦਾ ਨਾਟਕ
**ਸਾਵੀ**

ਕਥਾ ਕੈਨੇਡਾ
ਕੈਨੇਡਾ ਦੀਆਂ ਪ੍ਰਤਿਨਿਧ ਕਹਾਣੀਆਂ
ਸੰਪ : ਸੁਖਵੰਤ ਹੁੰਦਲ, ਸਾਧੂ ਬਿਨਿੰਗ

ਬੂਟਾ ਸਿੰਘ ਅਸ਼ਾਂਤ ਦੁਆਰਾ ਰਚਿਤ ਗ਼ਜ਼ਲ ਸੰਗ੍ਰਹਿ
**ਚਾਨਣੀ ਦਾ ਬੂਹਾ**

ਪ੍ਰਤਿਨਿਧ ਕਥਾਕਾਰ ਅਤਰਜੀਤ ਦਾ ਨਵਾਂ ਕਥਾ ਸੰਗ੍ਰਹਿ
**ਤੀਜਾ ਯੁੱਧ**

ਪਰਵਾਸੀ ਮਾਨਸਿਕਤਾ ਦਾ ਪੇਸ਼ਕਾਰ ਰਣਧੀਰ ਸਿੰਘ ਨਿਊਯਾਰਕ ਦਾ ਕਾਵਿ ਸੰਗ੍ਰਹਿ
**ਮਾਂ ਮੁਹੱਬਤ**

ਇਤਿਹਾਸ ਮਿਥਿਹਾਸ ਦੀਆਂ ਪਰਤਾਂ ਫਰੋਲਦਾ-ਮਨਮੋਹਨ ਬਾਵਾ ਦਾ ਕਥਾ ਸੰਗ੍ਰਹਿ
**ਨਰ-ਬਲੀ**

ਨਵੀਂ ਪੰਜਾਬੀ ਗ਼ਜ਼ਲ ਦਾ ਨਵਾਂ ਨਕੋਰ ਮੁਹਾਂਦਰਾ-ਸ਼ਾਇਰ ਸ਼ੇਖਰ ਦੀ ਨਵੀਂ ਗ਼ਜ਼ਲ ਕਿਤਾਬ
**ਮੁੰਦਰਾਂ**

ਪ੍ਰਤੀਨਿਧ ਕਥਾਕਾਰ ਵਰਿਆਮ ਸਿੰਘ ਸੰਧੂ ਦੀ ਨਵੀਂ ਕਥਾ-ਪੁਸਤਕ
**ਚੌਥੀ ਕੂਟ**

ਪੰਜਾਬੀ ਨਾਟ ਸਾਹਿਤ ਵਿੱਚ ਜ਼ਿਕਰਯੋਗ ਵਾਧਾ-ਸ਼ਾਇਰ ਸਵਰਾਜਬੀਰ ਦੀ ਪਲੇਠੀ ਨਾਟ ਰਚਨਾ
**ਧਰਮ ਗੁਰੂ**

ਪ੍ਰਤੀਨਿਧ ਸ਼ਾਇਰ ਮੋਹਨਜੀਤ ਦੀ ਨਵੀਂ ਕਾਵਿ-ਕਿਤਾਬ
**ਓਹਲੇ ਵਿੱਚ ਉਜਿਆਰਾ**

ਪ੍ਰਸਿੱਧ ਸ਼ਾਇਰ ਜਗਾ ਸਿੰਘ ਦੀ ਨਵੀਂ ਅਤੇ ਅੰਤਮ ਕਾਵਿ-ਕਿਤਾਬ
**ਸਬੂਤੀ ਅਲਵਿਦਾ**

ਨਵੀਂ ਪੰਜਾਬੀ ਸ਼ਾਇਰੀ ਦੀਆਂ ਕੁਝ ਛਪ ਰਹੀਆਂ ਪੁਸਤਕਾਂ :
* ਮੇਰੀ ਮਾਰਫ਼ਤ-ਪ੍ਰਮਿੰਦਰਜੀਤ
* ਤੀਸਰਾ ਬਨਵਾਸ-ਨ੍ਰਿਪਇੰਦਰ ਰਤਨ
* ਤੇਰੇ ਜਾਣ ਤੋਂ ਬਾਦ-ਪਰਮਿੰਦਰ ਸੋਢੀ

ਡਾ. ਰਵਿੰਦਰ ਸਿੰਘ ਰਵੀ ਦਾ ਚਿੰਤਨ
ਸ਼ਾਸਤਰ
ਸੰਪ : ਹਰਿਭਜਨ ਸਿੰਘ ਭਾਟੀਆ